ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 107| 24 Jan. to 30 Jan.2024 | Ph.: (510) 240-5949 | Email: asrtimes@gmail.com

## ਕੈਨੇਡਾ ਸਰਕਾਰ ਦੇ ਨਵੇਂ ਫ਼ੈਸਲੇ ਨਾਲ ਧੁੰਦਲਾ ਹੋਇਆ ਵਿਦਿਆਰਥੀਆਂ ਦਾ ਭਵਿੱਖ

# ਵਿਦਿਆਰਥੀ ਵੀਜ਼ਾ ਪਰਮਿਟਾਂ 'ਚ ਕੀਤੀ 35 ਫ਼ੀਸਦੀ ਕਟੌਤੀ



ਟੋਰੰਟੋ/ਏ.ਟੀ.ਨਿਊਜ਼: ਕੈਨੇਡਾ 'ਚ ਪੜ੍ਹਾਈ ਕਰਨ ਦਾ ਸੁਪਨਾ ਦੇਖ ਰਹੇ ਭਾਰਤੀ ਵਿਦਿਆਰਥੀਆਂ ਲਈ ਬੁਰੀ ਖ਼ਬਰ ਆਈ ਹੈ। ਕੈਨੇਡਾ ਦੀ ਟਰੂਡੋ ਸਰਕਾਰ ਨੇ ਵਿਦਿਆਰਥੀ ਵੀਜ਼ਾ ਪਰਮਿਟਾਂ ਵਿੱਚ 35 ਫੀਸਦੀ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਐਲਾਨ ਕੀਤਾ ਕਿ ਕੈਨੇਡਾ ਵਿਦੇਸ਼ੀ ਵਿਦਿਆਰਥੀਆਂ ਦੇ ਪਰਮਿਟਾਂ ਨੂੰ 35 ਫੀਸਦੀ ਤੱਕ ਘਟਾ ਦੇਵੇਗਾ। ਇਹ ਸੀਮਾ 2024 ਵਿੱਚ ਪਰਮਿਟਾਂ ਦੀ ਗਿਣਤੀ ਨੂੰ ਘਟਾ ਕੇ 364,000 ਕਰ ਦੇਵੇਗੀ। ਇਸ ਸਾਲ ਦੇ ਅੰਤ ਵਿੱਚ 2025 ਦੀ ਸੀਮਾ ਦੀ ਦੁਬਾਰਾ ਸਮੀਖਿਆ ਕੀਤੀ ਜਾਵੇਗੀ।

ਮਿਲਰ ਨੇ ਕਿਹਾ ਕਿ ਇਸ ਦਾ ਅਸਰ ਉਨ੍ਹਾਂ ਅਦਾਰਿਆਂ 'ਤੇ ਪਵੇਗਾ ਜੋ ਵਿਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ ਵਸੂਲ ਰਹੇ ਹਨ ਅਤੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਕਰ ਰਹੇ ਹਨ। ਇਸ ਵਿੱਚ ਮਾਸਟਰਜ਼ ਅਤੇ ਪੀ.ਐੱਚ.ਡੀ. ਲਈ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਸੀਮਾ ਤੋਂ ਛੋਟ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਉਹ ਆਬਾਦੀ ਦੇ ਅਧਾਰ 'ਤੇ ਸੂਬੇ ਦੁਆਰਾ ਕੈਪ ਸਪੇਸ ਅਲਾਟ ਕਰਨਗੇ, ਭਾਵ ਕੁਝ ਪ੍ਰਾਂਤਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮਨਜ਼ੂਰੀ ਵਿੱਚ ਭਾਰੀ ਕਮੀ ਦੇਖਣ ਨੂੰ ਮਿਲੇਗੀ।

ਕੈਨੇਡਾ ਸਰਕਾਰ ਨੂੰ ਵਿਦੇਸ਼ੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਕਾਰਨ ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਗੈਸਟ ਹਾਊਸਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ ਇਸ ਸਮੇਂ ਘਰਾਂ ਦੀ ਭਾਰੀ ਘਾਟ ਦਾ ਸਾਹਮਣਾ ਕਰ ਰਿਹਾ ਹੈ। 2022 ਵਿੱਚ 800,000 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਸਥਾਈ ਸਟੱਡੀ ਵੀਜ਼ੇ ਜਾਰੀ ਕੀਤੇ ਗਏ ਸਨ। ਮਿਲਰ ਨੇ ਆਖਰੀ ਵਾਰ ਕਿਹਾ ਸੀ ਕਿ 2023 ਦੀ ਗਿਣਤੀ 10 ਸਾਲ ਪਹਿਲਾਂ ਮੰਨੀ ਗਈ ਗਿਣਤੀ ਤੋਂ ਤਿੰਨ ਗੁਣਾ ਵੱਧ ਹੋਵੇਗੀ।

ਮਿਲਰ ਨੇ ਕਿਹਾ ਕਿ ਬਹੁਤ ਸਾਰੇ ਖੇਤਰਾਂ ਵਿੱਚ ਪੋਸਟ-ਸੈਕੰਡਰੀ ਸੰਸਥਾਵਾਂ 'ਸਾਡੇ ਪ੍ਰਾਂਤਾਂ ਦੁਆਰਾ ਘੱਟ ਫੰਡ ਹਨ।' ਉਸਨੇ ਦੋਸ਼ ਲਾਇਆ ਕਿ ਸੰਸਥਾਵਾਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਉੱਚ ਟਿਊਸ਼ਨ ਫੀਸਾਂ ਵਸੂਲਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਕੋਲ ਘਰੇਲੂ ਵਿਦਿਆਰਥੀਆਂ ਲਈ ਟਿਊਸ਼ਨ ਵਧਾਉਣ ਲਈ ਘੱਟ ਛੋਟ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਕੈਪ ਲਗਾਉਣ ਦਾ ਵਿਚਾਰ ਮਹੀਨਿਆਂ ਤੋਂ ਘੁੰਮ ਰਿਹਾ ਹੈ। ਮਿੱਲਰ ਨੇ ਪਹਿਲਾਂ ਨੋਟ ਕੀਤਾ ਹੈ ਕਿ ਇੱਕ ਸੀਮਾ ਹਾਊਸਿੰਗ ਦੀ ਘਾਟ ਲਈ 'ਇੱਕ-ਆਕਾਰ-ਫਿੱਟ-ਸਾਰਾ ਹੱਲ' ਨਹੀਂ ਹੋਵੇਗੀ, ਕਿਉਂਕਿ ਮਹਿੰਗਾਈ, ਜਨਤਕ ਰਿਹਾਇਸ਼ ਦੀ ਘਾਟ, ਅਤੇ ਨਵੇਂ ਨਿਰਮਾਣ ਵਿੱਚ ਰੁਕਾਵਟਾਂ ਘਾਟ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਕਾਰਕ ਹਨ।

ਮਿਲਰ ਨੇ ਕਿਹਾ ਕਿ ਸੀਮਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਜ਼ਾ ਦੇਣ ਦਾ ਇਰਾਦਾ ਨਹੀਂ ਹੈ, ਜੋ ਇਸ ਦੇਸ਼ ਲਈ ਇੱਕ ਕੀਮਤੀ ਸੰਪਤੀ ਹਨ, ਪਰ ਇਹ ਯਕੀਨੀ ਬਣਾਉਣ ਲਈ ਕਿ ਉਨ੍ਹਾਂ ਦੇ ਤਜ਼ਰਬੇ ਅਤੇ ਸਿੱਖਿਆ ਨੂੰ ਪੂਰਾ ਕੀਤਾ ਜਾਵੇ। ਉਸਨੇ ਕਿਹਾ ਕਿ ਇਹ ਅਸਵੀਕਾਰਨਯੋਗ ਹੈ ਕਿ ਕੁਝ ਨਿੱਜੀ ਸੰਸਥਾਵਾਂ ਨੇ ਟਿਊਸ਼ਨ ਦੀਆਂ ਕੀਮਤਾਂ ਵਧਾ ਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਾਭ ਲਿਆ।

## ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਅੰਕੜਾ 10 ਲੱਖ ਤੋਂ ਪਾਰ



ਟੋਰਾਂਟੋ/ ਏ.ਟੀ.ਨਿਊਜ਼: ਹਰ ਸਾਲ ਲੱਖਾਂ ਵਿਦਿਆਰਥੀ ਸੁਨਹਿਰੀ ਭਵਿੱਖ ਦੀ ਆਸ ਵਿੱਚ ਕੈਨੇਡਾ ਪਹੁੰਚਦੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਕੈਨੇਡਾ ਵਿੱਚ ਸਟੱਡੀ ਪਰਮਿਟ ਹਾਸਲ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 2023 ਵਿੱਚ 10 ਲੱਖ ਦਾ ਅੰਕੜਾ ਪਾਰ ਕਰ ਗਈ। ਨਿਊਜ਼ ਆਊਟਲੈੱਟ ਗਲੋਬ ਐਂਡ ਮੇਲ ਅਨੁਸਾਰ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ) ਨੇ ਦੱਸਿਆ ਕਿ ਦਸੰਬਰ ਦੇ ਅੰਤ ਤੱਕ ਦੇਸ਼ ਵਿੱਚ 1,028,850 ਸਟੱਡੀ ਪਰਮਿਟ ਧਾਰਕ ਸਨ।

ਆਊਟਲੈੱਟ ਨੇ ਦੱਸਿਆ ਕਿ 2023 ਵਿੱਚ ਮਿਲੀਅਨ ਦਾ ਅੰਕੜਾ ਪਾਰ ਹੋ ਗਿਆ। ਇਹ ਗਿਣਤੀ ਆਈ.ਆਰ.ਸੀ.ਸੀ ਦੁਆਰਾ ਇਸ ਸਾਲ ਲਈ ਅਨੁਮਾਨਿਤ ਅਨੁਮਾਨ ਨਾਲੋਂ ਵੱਧ ਸੀ, ਜੋ ਕਿ 949,000 ਸੀ। ਮਿਲੀਅਨ ਤੋਂ ਵੱਧ ਸਟੱਡੀ ਪਰਮਿਟ ਧਾਰਕਾਂ ਵਿੱਚੋਂ 526,015 ਓਂਟਾਰੀਓ ਵਿੱਚ, 202,565 ਬ੍ਰਿਟਿਸ਼ ਕੋਲੰਬੀਆ ਵਿੱਚ ਅਤੇ 117,925 ਕਿਊਬਿਕ ਵਿੱਚ ਸਨ। ਇਨ੍ਹਾਂ ਵੀਜ਼ਾ ਵਾਲੇ ਵਿਦਿਆਰਥੀਆਂ ਵਿੱਚ ਭਾਰਤ ਤੋਂ ਆਏ ਵਿਦਿਆਰਥੀ ਵੱਡੇ ਰਾਸ਼ਟਰੀ ਸਮੂਹ ਵਿੱਚ ਸ਼ਾਮਲ ਹਨ। ਨਵੰਬਰ 2023 ਤੱਕ ਉਹ ਜਾਰੀ ਕੀਤੇ ਗਏ 579,075 ਪਰਮਿਟਾਂ ਵਿੱਚੋਂ 215,190 ਜਾਂ 37% ਸਨ, ਜਦੋਂ ਕਿ 2022 ਵਿੱਚ ਉਨ੍ਹਾਂ ਨੇ 548785 ਵਿੱਚੋਂ 225,835, ਜਾਂ 41% ਦਾ ਯੋਗਦਾਨ ਦਿੱਤਾ। ਪਿਛਲੇ ਪੰਜ ਸਾਲਾਂ ਵਿੱਚ ਇਹ ਗਿਣਤੀ ਤੇਜ਼ੀ ਨਾਲ ਵਧੀ ਹੈ ਜਦੋਂਕਿ ਸਟੱਡੀ ਪਰਮਿਟ ਪ੍ਰਾਪਤ ਕਰਨ ਵਾਲੇ ਭਾਰਤੀਆਂ ਦੀ ਗਿਣਤੀ 2018 ਵਿਚ ਮੌਜੂਦਾ ਅੰਕੜੇ ਦੇ ਅੱਧੇ ਤੋਂ ਵੀ ਘੱਟ ਸੀ 107,070 ਸੀ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ ਦੇਸ਼ ਵਿੱਚ ਰਿਹਾਇਸ਼ ਸੰਕਟ ਕਾਰਨ 2023 ਦੇ ਦੂਜੇ ਅੱਧ ਵਿੱਚ ਭਾਰਤ ਤੋਂ ਅਰਜ਼ੀਆਂ ਪਹਿਲਾਂ ਹੀ ਘਟਣੀਆਂ ਸ਼ੁਰੂ ਹੋ ਗਈਆਂ ਸਨ। ਜੁਲਾਈ ਅਤੇ ਨਵੰਬਰ 2023 ਦੇ ਵਿਚਕਾਰ ਇਹ ਅੰਕੜਾ ਪਿਛਲੇ ਸਾਲ ਦੀ ਇਸੇ ਮਿਆਦ ਲਈ 190,419 ਤੋਂ ਘਟ ਕੇ 120,096 ਰਹਿ ਗਿਆ। ਕੈਨੇਡਾ ਨੇ ਪਿਛਲੇ ਸਾਲ ਦੇ ਅਖੀਰ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਬੰਧ ਵਿੱਚ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ।

# ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਰਜ਼ੀ ਲਗਾਤਾਰ ਸੱਤਵੀਂ ਵਾਰ ਖਾਰਜ਼

## ਸਜ਼ਾ ਮੁਆਫ਼ੀ ਨਾਲ ਸਬੰਧਿਤ ਸੂਚੀ 'ਚ ਭੁੱਲਰ ਦਾ ਨਾਮ ਨਹੀਂ



ਨਵੀਂ ਦਿੱਲੀ/ਏ.ਟੀ.ਨਿਊਜ਼ :ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਦੇ ਸਜ਼ਾ ਸਮੀਖਿਆ ਬੋਰਡ ਵੱਲੋਂ 1993 ਦੇ ਦਿੱਲੀ ਬੰਬ ਧਮਾਕੇ ਕੇਸ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਦੀ ਜੇਲ੍ਹ ਵਿਚੋਂ ਰਿਹਾਈ ਦੀ ਅਰਜ਼ੀ ਨੂੰ ਲਗਾਤਾਰ ਸੱਤਵੀਂ ਵਾਰ ਖਾਰਜ਼ ਕਰ ਦਿੱਤਾ ਹੈ। ਭੁੱਲਰ ਦੀ ਰਿਹਾਈ ਦੇ ਲਈ ਅਰਜੀ ਸਾਲ 2018 ਵਿੱਚ ਦੋ ਵਾਰ, 2019 ਵਿੱਚ ਇੱਕ ਵਾਰ, 2020 ਦੇ ਵਿੱਚ ਤਿੰਨ ਵਾਰ ਤੇ 2022 ਦੇ ਵਿੱਚ ਇੱਕ ਵਾਰ ਮੁਲਤਵੀ ਕੀਤੀ ਗਈ ਸੀ। ਸੰਜੀਦਾ ਹੋਣ ਦੀ ਥਾਂ ਪੰਜਾਬ ਦੇ ਵਿੱਚ ਇੱਕ ਦੂਜੇ 'ਤੇ ਦੋਸ਼ ਲਗਾਉਣ ਵਾਲੀ ਖੇਡ ਸ਼ੁਰੂ ਹੋ ਗਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਬੋਰਡ, ਜਿਸਦੇ ਦਿੱਲੀ ਦੇ ਜੇਲ੍ਹ ਮੰਤਰੀ ਕੈਲਾਸ਼ ਗਹਿਲੋਤ ਮੈਂਬਰ ਹਨ, ਨੇ ਭੁੱਲਰ ਦੀ ਪਟੀਸ਼ਨ ਨੂੰ ਰੱਦ ਕੀਤਾ ਹੈ।

ਆਮ ਆਦਮੀ ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਬੋਰਡ ਦੇ ਵਿੱਚ 7 ਮੈਂਬਰ ਹਨ, ਜਿਹਨਾਂ ਵਿਚੋਂ 6 ਮੈਂਬਰ ਭਾਜਪਾ ਦੇ ਉਮੀਦਵਾਰ ਹਨ, ਜੋ ਅਕਾਲੀ ਦਲ ਦੀ ਸਾਬਕਾ ਸਹਿਯੋਗੀ ਪਾਰਟੀ ਹੈ।

ਦਵਿੰਦਰਪਾਲ ਸਿੰਘ ਭੁੱਲਰ 25 ਸਾਲ ਤੋਂ ਵੱਧ ਦੀ ਸਜ਼ਾ ਕੱਟ ਚੁੱਕੇ ਹਨ,ਪ੍ਰੋ. ਭੁੱਲਰ ਦੀ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਉਹਨਾਂ ਨੂੰ ਸਾਲਾਬੱਧੀ ਜੇਲ੍ਹ ਵਿੱਚ ਰੱਖ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਹਾਲਾਂਕਿ ਉਹਨਾਂ ਨੇ ਪੰਥ ਨੂੰ ਇਨਸਾਫ਼ ਦਿਵਾਉਣ ਲਈ ਇੱਕਜੁਟ ਹੋ ਕੇ ਸਾਂਝੀ ਰਣਨੀਤੀ ਬਣਾਉਣ ਦੀ ਅਪੀਲ ਵੀ ਕੀਤੀ ਸੀ।

### ਰਿਹਾਈ ਮੁੜ ਰੱਦ ਹੋਣ 'ਤੇ ਭੁੱਲਰ ਦੀ ਪਤਨੀ ਨਿਰਾਸ਼

ਅੰਮ੍ਰਿਤਸਰ/ਏ.ਟੀ.ਨਿਊਜ਼ : ਦਿੱਲੀ 'ਚ 1993 ਵਿੱਚ ਹੋਏ ਬੰਬ ਧਮਾਕੇ ਦੇ ਦੋਸ਼ੀ ਦਵਿੰਦਰ ਪਾਲ ਸਿੰਘ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਵੱਲੋਂ ਇੱਕ ਵਾਰ ਮੁੜ ਟਾਲਣ 'ਤੇ ਉਸ ਦੀ ਪਤਨੀ ਨਵਨੀਤ ਕੌਰ ਨਿਰਾਸ਼ ਹੈ। ਨਵਨੀਤ ਕੌਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਰਾਜਸੀ ਇੱਛਾ ਸ਼ਕਤੀ ਦੀ ਘਾਟ ਹੀ ਉਸ ਦੇ ਬਿਮਾਰ ਪਤੀ ਦੀ ਰਿਹਾਈ ਵਿੱਚ ਰੁਕਾਵਟ ਬਣ ਰਹੀ ਹੈ। ਪ੍ਰੋ. ਭੁੱਲਰ ਪਿਛਲੇ 13 ਸਾਲਾਂ ਤੋਂ ਸਿਜ਼ੋਫਰੀਨੀਆ ਤੋਂ ਪੀੜਤ ਹੈ ਅਤੇ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਇਲਾਜ ਅਧੀਨ ਹੈ।

### ਪ੍ਰੋ. ਭੁੱਲਰ ਦੀ ਰਿਹਾਈ ਦੇ ਮੁੱਦੇ 'ਤੇ ਅਕਾਲੀ ਦਲ ਨੇ ਲੋਕਾਂ ਨੂੰ ਗੁਮਰਾਹ ਕੀਤਾ: 'ਆਪ'

ਚੰਡੀਗੜ੍ਹ/ਏ.ਟੀ.ਨਿਊਜ਼: ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਪ੍ਰੋ. ਦਵਿੰਦਰ ਪਾਲ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਨਿਸ਼ਾਨਾ ਸੇਧਿਆ ਹੈ। 'ਆਪ' ਨੇ ਸ਼੍ਰੋਮਣੀ ਅਕਾਲੀ ਦਲ 'ਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਦੋਸ਼ ਲਗਾਏ ਹਨ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਅਕਾਲੀ ਦਲ ਦੇ ਇਹ ਦੋਵੇਂ ਆਗੂ ਆਪਣੇ ਸਿਆਸੀ ਫਾਇਦੇ ਲਈ ਸੂਬੇ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ 'ਤੇ ਸਿਆਸਤ ਕਰ ਰਹੇ ਹਨ। ਸ੍ਰੀ ਕੰਗ ਨੇ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਲਈ ਸੱਤ ਮੈਂਬਰੀ ਸਜ਼ਾ ਰਿਵਿਊ ਬੋਰਡ ਹੈ। ਇਸ ਵਿੱਚ 'ਆਪ' ਦੇ ਦਿੱਲੀ ਤੋਂ ਕੈਬਨਿਟ ਮੰਤਰੀ ਕੈਲਾਸ਼ ਗਹਿਲੋਤ ਮੈਂਬਰ ਹਨ ਅਤੇ ਛੇ ਮੈਂਬਰ ਭਾਜਪਾ ਨਾਲ ਸਬੰਧਤ ਹਨ ਜੋ ਸ਼੍ਰੋਮਣੀ ਅਕਾਲੀ ਦਲ ਦਾ ਪੁਰਾਣਾ ਸਹਿਯੋਗੀ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਪ੍ਰੋ. ਭੁੱਲਰ ਦੀ ਰਿਹਾਈ ਦੀ ਮੰਗ ਸਿਰਫ਼ 'ਆਪ' ਮੰਤਰੀ ਨੇ ਕੀਤੀ ਸੀ।

# ਭਾਈ ਨਿੱਝਰ ਦੇ ਕਤਲ ਮਾਮਲੇ ’ਚ ਮੋਦੀ ਸਰਕਾਰ ਦਾ ਗ਼ਲਤ ਰੁਖ ਭਾਰਤੀ ਵਿਦਿਆਰਥੀਆਂ ਲਈ ਬਣਿਆ ਮੁਸੀਬਤ

## ਕੈਨੇਡਾ ਵੱਲੋਂ 2022 ਦੇ ਮੁਕਾਬਲੇ ਪਿਛਲੇ ਸਾਲ ਦੀ ਚੌਥੀ ਤਿਮਾਹੀ ਵਿੱਚ 86 ਫ਼ੀਸਦੀ ਘੱਟ ਵੀਜ਼ੇ ਹੋਏ ਜਾਰੀ

ਕੈਨੇਡਾ ਨੇ ਪਿਛਲੇ ਸਾਲ ਭਾਰਤੀਆਂ ਨੂੰ ਘੱਟ ਸਟੱਡੀ ਵੀਜ਼ੇ ਜਾਰੀ ਕੀਤੇ ਸਨ। 2022 ਦੇ ਮੁਕਾਬਲੇ ਪਿਛਲੇ ਸਾਲ ਦੀ ਚੌਥੀ ਤਿਮਾਹੀ ਵਿੱਚ 86 ਫ਼ੀਸਦੀ ਘੱਟ ਵਿਦਿਆਰਥੀ ਵੀਜ਼ੇ ਜਾਰੀ ਹੋਏ। ਜਦੋਂ ਕਿ 2022 ਵਿੱਚ 1,08,940 ਵੀਜ਼ੇ ਜਾਰੀ ਕੀਤੇ ਗਏ ਸਨ, 2023 ਦੀ ਇਸ ਮਿਆਦ ਵਿੱਚ ਸਿਰਫ਼ 14,910 ਵੀਜ਼ੇ ਜਾਰੀ ਕੀਤੇ ਗਏ ਸਨ।

ਪਿਛਲੇ ਸਾਲ ਜਦੋਂ ਭਾਰਤ ਨੇ ਕੈਨੇਡੀਅਨ ਸਰਕਾਰ ਦਾ ਭਾਈ ਹਰਦੀਪ ਸਿੰਘ ਦੇ ਮਾਮਲੇ ਵਿੱਚ ਤਕਰਾਰ ਹੋਇਆ ਸੀ, ਭਾਰਤ ਵਿਚੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ ਤੋਂ ਬਾਹਰ ਕੱਢ ਦਿੱਤਾ ਸੀ, ਤਾਂ ਇਹ ਡਰ ਸੀ ਕਿ ਕੈਨੇਡਾ ਵਿੱਚ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਸਕਦੀ ਹੈ। ਹੁਣ ਇਸ ਸ਼ੱਕ ਦੀ ਪੁਸ਼ਟੀ ਹੋ ਗਈ ਹੈ। ਤਾਜ਼ਾ ਅੰਕੜਿਆਂ ਮੁਤਾਬਕ ਵਿਵਾਦ ਸ਼ੁਰੂ ਹੋਣ ਤੋਂ ਬਾਅਦ ਕੈਨੇਡਾ ਪੜ੍ਹਨ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਕੈਨੇਡਾ ਨੇ ਪਿਛਲੇ ਸਾਲ ਭਾਰਤੀਆਂ ਨੂੰ ਘੱਟ ਸਟੱਡੀ ਵੀਜ਼ੇ ਜਾਰੀ ਕੀਤੇ ਸਨ। 2022 ਦੇ ਮੁਕਾਬਲੇ ਪਿਛਲੇ ਸਾਲ ਦੀ ਚੌਥੀ ਤਿਮਾਹੀ ਵਿੱਚ 86 ਫ਼ੀਸਦੀ ਘੱਟ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਗਏ। ਜਦੋਂ ਕਿ 2022 ਦੀ ਚੌਥੀ ਤਿਮਾਹੀ ਵਿੱਚ 1,08,940 ਵੀਜ਼ੇ ਜਾਰੀ ਕੀਤੇ ਗਏ ਸਨ, 2023 ਦੀ ਇਸੇ ਮਿਆਦ ਵਿੱਚ ਸਿਰਫ਼ 14,910 ਵੀਜ਼ੇ ਜਾਰੀ ਕੀਤੇ ਗਏ ਸਨ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਆਉਣ ਵਾਲੇ ਸਮੇਂ ’ਚ ਸਥਿਤੀ ਸੁਧਰੇਗੀ। ਉਨ੍ਹਾਂ ਕਿਹਾ ਕਿ ਭਾਰਤ ਨਾਲ ਵਿਗੜਦੇ ਸਬੰਧਾਂ ਕਾਰਨ ਕੈਨੇਡਾ ਦੀ ਭਾਰਤ ਤੋਂ ਅਰਜ਼ੀਆਂ ਦੀ ਪ੍ਰਕਿਰਿਆ ਕਰਨ ਦੀ ਸਮਰੱਥਾ ਅੱਧੀ ਰਹਿ ਗਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੋਸ਼ ਲਾਇਆ ਸੀ ਕਿ ਖ਼ਾਲਿਸਤਾਨੀ



ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤ ਸਰਕਾਰ ਦਾ ਹੱਥ ਹੋ ਸਕਦਾ ਹੈ ਤਾਂ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਵਿਵਾਦ ਪੈਦਾ ਹੋ ਗਿਆ ਸੀ। ਭਾਈ ਨਿੱਝਰ ਕੈਨੇਡਾ ਦਾ ਨਾਗਰਿਕ ਸੀ। ਭਾਰਤ ਨੇ ਕੈਨੇਡਾ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਜਵਾਬੀ ਕਾਰਵਾਈ ਵਿੱਚ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਗਿਆ ਸੀ। ਪਰ ਕੁਝ ਮਹੀਨਿਆਂ ਬਾਅਦ ਅਮਰੀਕਾ ਨੇ ਵੀ ਭਾਰਤ ’ਤੇ ਇਹੀ ਦੋਸ਼ ਲਾ ਦਿੱਤਾ ਸੀ। ਉਦੋਂ ਭਾਰਤ ਦੀ ਪ੍ਰਤੀਕਿਰਿਆ ਵੱਖਰੀ ਸੀ ਅਤੇ ਉਸ ਦੇਸ਼ ਦੀ ਭਾਰਤ ਵਿੱਚ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਵੀ ਭਾਰਤ ਨੂੰ ਕੈਨੇਡਾ ਦੀ ਜਾਂਚ ’ਚ ਸਹਿਯੋਗ ਕਰਨ ਲਈ ਕਿਹਾ ਸੀ। ਹਾਲਾਂਕਿ, ਉਸ ਸਮੇਂ ਭਾਰਤ ਵੱਲੋਂ ਲਏ ਗਏ ਸਟੈਂਡ ਦਾ ਨਤੀਜਾ ਭਾਰਤੀ ਵਿਦਿਆਰਥੀ ਭੁਗਤ ਰਹੇ ਹਨ।

### ਕੈਨੇਡਾ ’ਚ ਭਾਰਤੀ ਵਿਦਿਆਰਥੀਆਂ ਦੀਆਂ ਨਵੀਆਂ ਮੁਸ਼ਕਿਲਾਂ

ਕੈਨੇਡਾ ਦੀ ਆਬਾਦੀ ਕੇਵਲ ਪੰਜ ਕਰੋੜ ਹੈ ਪਰ ਮੀਡੀਆ ਸੂਤਰਾਂ ਅਨੁਸਾਰ ਬੇਰੁਜ਼ਗਾਰੀ ਦੀ ਦਰ 5.4 ਨੂੰ ਢੁੱਕ ਚੁੱਕੀ ਹੈ। ਬੇਰੁਜ਼ਗਾਰੀ ਦੇ ਆਲਮ ਦੀ ਇੱਕ ਉਦਾਹਰਨ ਇਹ ਵੇਖੀ ਜਾ ਸਕਦੀ ਹੈ। ਐਮਾਜ਼ੋਨ ਦੀ ਕੰਪਨੀ ਨੇ ਆਪਣੀ ਐਪ ’ਤੇ 100 ਅਸਾਮੀਆਂ ਉੱਤੇ ਕੰਮ ਕਰਨ ਲਈ ਕਰਮਚਾਰੀ ਰੱਖਣ ਦੀ ਮੰਗ ਕੀਤੀ ਸੀ। ਉਨ੍ਹਾਂ ਅਸਾਮੀਆਂ ਉੱਤੇ 3000 ਮੁੰਡੇ-ਕੁੜੀਆਂ ਨੇ ਆਪਣੀਆਂ ਅਰਜ਼ੀਆਂ ਭੇਜੀਆਂ। ਕੈਨੇਡਾ ਦੀ ਕੇਂਦਰੀ ਸਰਕਾਰ ਦੇ ਰੁਜ਼ਗਾਰ ਤੇ ਕਿਰਤ ਵਿਭਾਗ ਵੱਲੋਂ ਇਹ ਕਾਨੂੰਨ ਬਣਾ ਲਿਆ ਗਿਆ ਹੈ ਕਿ ਕਿਸੇ ਵੀ ਵਿਅਕਤੀ ਤੋਂ ਕੰਮ ਕਰਵਾਉਣ ਲਈ ਇੱਕ ਘੰਟੇ ਦੇ ਘੱਟੋ ਘੱਟ 16.65 ਡਾਲਰ ਤਨਖਾਹ ਦੇਣੀ ਪਵੇਗੀ। ਸੂਬਾ ਸਰਕਾਰਾਂ ਆਪਣੇ ਪੱਧਰ ’ਤੇ ਇੱਕ ਘੰਟੇ ਦੀ ਤਨਖਾਹ ਨੀਯਤ ਕਰ ਸਕਦੀਆਂ ਹਨ ਪਰ ਉਹ 16.65 ਡਾਲਰ ਤੋਂ ਘੱਟ ਨਹੀਂ ਦੇ ਸਕਣਗੀਆਂ। ਬੇਰੁਜ਼ਗਾਰੀ ਦਾ ਲਾਹਾ ਲੈਂਦਿਆਂ ਸਟੋਰ, ਫ਼ੈਕਟਰੀਆਂ ਅਤੇ ਠੇਕੇਦਾਰ ਇਨ੍ਹਾਂ ਮੁੰਡੇ-ਕੁੜੀਆਂ ਨੂੰ ਇੱਕ ਘੰਟੇ ਦੀ ਦਸ ਤੋਂ ਬਾਰਾਂ ਡਾਲਰ ਤਨਖਾਹ ਦਿੰਦੇ ਹਨ। ਸਟੱਡੀ ਵੀਜ਼ੇ ’ਤੇ ਕੈਨੇਡਾ ਆ ਰਹੇ ਵਿਦਿਆਰਥੀਆਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਕਿਰਾਏ ’ਤੇ ਘਰ ਨਹੀਂ ਮਿਲ ਰਹੇ। ਮਹਿੰਗਾਈ ਨੇ ਘੱਟ ਆਮਦਨ ਵਾਲੇ ਲੋਕਾਂ ਦਾ ਜੀਵਨ ਮੁਸ਼ਕਲ ਕਰ ਦਿੱਤਾ ਹੈ। ਕੈਨੇਡਾ ਵਿੱਚ ਘਰਾਂ ਦੀ ਮੰਗ ਬਾਰੇ ਹਾਊਸਿੰਗ ਐਂਡ ਮਾਰਗੇਜ ਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਇਸ ਵੇਲ਼ੇ 35 ਲੱਖ ਮਕਾਨਾਂ ਦੀ ਕਮੀ ਹੈ। ਫ਼ਿਕਰ ਇਹ ਵੀ ਹੈ ਕਿ ਜੇਕਰ ਆਉਂਦੇ ਪੰਜਾਂ ਸਾਲਾਂ ਵਿੱਚ ਮਕਾਨਾਂ ਦੀ ਉਸਾਰੀ ਦੁੱਗਣੀ ਨਾ ਕੀਤੀ ਗਈ ਤਾਂ ਮਕਾਨਾਂ ਦੀਆਂ ਕੀਮਤਾਂ ਅਤੇ ਕਿਰਾਇਆ ਹੋਰ ਉੱਪਰ ਚਲਾ ਜਾਵੇਗਾ। ਪਰਵਾਸੀਆਂ ਦੇ ਵੱਡੀ ਗਿਣਤੀ ਵਿੱਚ ਆਉਣ ਦਾ ਸਭ ਤੋਂ ਵੱਧ ਪ੍ਰਭਾਵ ਭਾਰਤ ਖ਼ਾਸ ਕਰਕੇ ਪੰਜਾਬ ਵਿੱਚੋਂ ਆ ਰਹੇ ਵਿਦਿਆਰਥੀਆਂ ਉੱਪਰ ਪੈ ਰਿਹਾ ਹੈ। ਸਟੱਡੀ ਵੀਜ਼ੇ ’ਤੇ ਕੈਨੇਡਾ ਆ ਰਹੇ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਟੋਰਾਂਟੋ ਤੇ ਇਸ ਦੇ ਨਾਲ਼ ਲੱਗਦੇ ਸ਼ਹਿਰ ਮਿਸੀਸਾਗਾ, ਬਰੈਂਪਟਨ, ਕਿਚਨਰ ਆਦਿ ਹਨ। ਨਤੀਜਾ ਇਹ ਹੋਇਆ ਹੈ ਕਿ ਇਸ ਖਿੱਤੇ ਵਿੱਚ ਮਕਾਨਾਂ ਦੀ ਘਾਟ, ਬੇਰੁਜ਼ਗਾਰੀ ਤੇ ਮਹਿੰਗਾਈ ਦਾ ਅਸਰ ਸਭ ਤੋਂ ਵੱਧ ਵੇਖਣ ਨੂੰ ਮਿਲ ਰਿਹਾ ਹੈ। ਸਰਕਾਰ ਦੀ ਨਾਕਾਮੀ ਇਹ ਹੈ ਕਿ ਵੱਡੀ ਗਿਣਤੀ ਵਿੱਚ ਆ ਰਹੇ ਪਰਵਾਸੀਆਂ ਦਾ ਸਵਾਗਤ ਕਰ ਰਹੀ ਕੈਨੇਡਾ ਸਰਕਾਰ ਉਨ੍ਹਾਂ ਦੇ ਰਹਿਣ-ਸਹਿਣ, ਰੁਜ਼ਗਾਰ, ਹੈਲਥ ਤੇ ਜ਼ਰੂਰੀ ਵਸਤਾਂ ਦੀ ਉਪਲਬਤਾ ਦਾ ਲੋੜੀਂਦਾ ਪ੍ਰਬੰਧ ਨਹੀਂ ਕਰ ਰਹੀ। ਉਲਟਾ ਸਟੱਡੀ ਵੀਜ਼ੇ ’ਤੇ ਆ ਰਹੇ ਵਿਦਿਆਰਥੀਆਂ ਦੀਆਂ ਫ਼ੀਸਾਂ ਵਿੱਚ ਵਾਧਾ ਕਰ ਕੇ ਉਨ੍ਹਾਂ ਤੇ ਉਨ੍ਹਾਂ ਦੇ ਮਾਪਿਆਂ ਦੀਆਂ ਮੁਸ਼ਕਿਲਾਂ ਵਧਾ ਰਹੀ ਹੈ। ਸੱਚਾਈ ਇਹ ਹੈ ਕਿ ਕੈਨੇਡਾ ਦੀ ਆਰਥਿਕਤਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦਾ ਵੱਡਾ ਯੋਗਦਾਨ ਹੈ। ਇਨ੍ਹਾਂ ਦੀ ਗਿਣਤੀ ਘਟਾਉਣ ਬਾਰੇ ਸਰਕਾਰ ਦੇ ਇੱਕ ਮੰਤਰੀ ਦਾ ਕਹਿਣਾ ਹੈ ਕਿ ਇਹ ਹਥੌੜੇ ਨਾਲ ਸਰਜਰੀ ਕਰਨ ਵਾਂਗ ਹੋਵੇਗਾ। ਮੀਡੀਆ ਦੀਆਂ ਖ਼ਬਰਾਂ ਹਨ ਕਿ ਕੈਨੇਡੀਅਨ ਸਰਕਾਰ ਨੇ ਪੋਸਟ ਗ੍ਰੈਜੂਏਟ ਵਰਕ ਪਰਮਿਟ ਧਾਰਕਾਂ ਨੂੰ ਵਾਧੂ ਅਠਾਰਾਂ ਮਹੀਨੇ ਦੇ ਵਰਕ ਪਰਮਿਟ ਜਾਰੀ ਕਰਨ ਦੀ ਅਸਥਾਈ ਨੀਤੀ ਨੂੰ ਨਾ ਵਧਾਉਣ ਦਾ ਫ਼ੈਸਲਾ ਕੀਤਾ ਹੈ। ਕਹਿਣ ਤੋਂ ਭਾਵ ਹੈ ਕਿ ਜਿਨ੍ਹਾਂ ਦੇ ਵਰਕ ਪਰਮਿਟ ਆਉਂਦੇਮਹੀਨਿਆਂ ਵਿਚ ਖ਼ਤਮ ਹੋਣ ਵਾਲੇ ਹਨ, ਉਨ੍ਹਾਂ ਨੂੰ ਵਾਪਸ ਜਾਣਾ ਪੈ ਸਕਦਾ ਹੈ। ਇੱਕ ਹੋਰ ਖ਼ਬਰ ਮੁਤਾਬਕ ਕੈਨੇਡਾ ਨੇ ਪਿਛਲੇ ਛੇ ਮਹੀਨਿਆਂ ਵਿੱਚ ਨਾਜਾਇਜ਼ ਤਰੀਕਿਆਂ ਨਾਲ਼ ਰਹਿ ਰਹੇ ਸੱਤ ਹਜ਼ਾਰ ਤੋਂ ਵੱਧ ਪਰਵਾਸੀਆਂ ਨੂੰ ਡਿਪੋਰਟ ਕੀਤਾ ਹੈ।

## ਕੈਨੇਡਾ ਵਿੱਚ ਬੇਰੁਜ਼ਗਾਰੀ ਦਾ ਸੰਕਟ ਗੰਭੀਰ



ਕੈਨੇਡੀਅਨ ਵਿੱਚ ਬੇਰੁਜ਼ਗਾਰੀ ਦੇ ਵਧਣ ਦਾ ਵੱਡਾ ਕਾਰਨ ਇਹ ਹੈ ਕਿ ਇਸ ਮੁਲਕ ’ਚ ਰੁਜ਼ਗਾਰ ਲੱਭਣ ਦੀ ਭਾਲ ’ਚ ਆਉਣ ਵਾਲੇ ਉਨ੍ਹਾਂ ਮੁਲਕਾਂ ਦੇ ਲੋਕਾਂ ਅਤੇ ਮੁੰਡੇ-ਕੁੜੀਆਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ, ਜਿਨ੍ਹਾਂ ’ਚ ਬੇਰੁਜ਼ਗਾਰੀ ਬਹੁਤ ਹੈ ਅਤੇ ਉਨ੍ਹਾਂ ਦੀ ਆਰਥਿਕ ਸਥਿਤੀ ਚੰਗੀ ਨਹੀਂ ਹੈ। ਦੂਜਾ ਕਾਰਨ ਇਹ ਹੈ ਕੈਨੇਡਾ ਸਰਕਾਰ ਨੇ ਵਰਕ ਪਰਮਿਟ ਲੈਣ ਦੀ ਪ੍ਰੀਕਿਰਿਆ ਨੂੰ ਦੂਜੇ ਦੇਸ਼ਾਂ ਦੇ ਮੁਕਾਬਲੇ ਬਹੁਤ ਆਸਾਨ ਕਰ ਦਿੱਤਾ ਹੈ। ਕੰਮ ਦੇ ਘੰਟੇ ਵਧਾਉਣ ਕਰਕੇ ਨਵੇਂ ਮੁੰਡੇ-ਕੁੜੀਆਂ ਲਈ ਪਹਿਲਾਂ ਨਾਲੋਂ ਰੁਜ਼ਗਾਰ ਦੇ ਮੌਕੇ ਘਟ ਗਏ ਹਨ।

ਤੀਜਾ ਕਰਨ ਇਹ ਹੈ ਕਿ ਯੂ.ਐਸ.ਏ., ਯੂ.ਕੇ., ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਮੁਲਕਾਂ ’ਚ ਜਾਣ, ਵਰਕ ਪਰਮਿਟ ਤੇ ਪੀ.ਆਰ. ਦੇ ਕਾਨੂੰਨ ਸਖ਼ਤ ਹੋਣ ਕਾਰਨ ਕੈਨੇਡਾ ’ਚ ਆਉਣ ਵਾਲੇ ਲੋਕਾਂ, ਮੁੰਡੇ ਅਤੇ ਕੁੜੀਆਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਰਹੀ ਹੈ। ਇਸ ਲਈ ਵੀ ਇਸ ਮੁਲਕ ਵਿੱਚ ਰੁਜ਼ਗਾਰ ਦੇ ਮੌਕੇ ਘੱਟ ਰਹੇ ਹਨ।

ਇਸ ਮੁਲਕ ਦੀ ਸਰਕਾਰ ਲੋਕਾਂ ਤੇ ਮੁੰਡੇ-ਕੁੜੀਆਂ ਨੂੰ ਤਾਂ ਧੜਾ-ਧੜ ਬੁਲਾ ਰਹੀ ਹੈ ਪਰ ਆਉਣ ਵਾਲੇ ਲੋਕਾਂ ਦੀ ਗਿਣਤੀ ਅਨੁਸਾਰ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕਰ ਰਹੀ। ਇਸ ਲਈ ਵੀ ਇਸ ਮੁਲਕ ’ਚ ਦਿਨ ਬ ਦਿਨ ਬੇਰੁਜ਼ਗਾਰੀ ਵੱਧ ਰਹੀ ਹੈ। ਜਿਹੜੇ ਬੱਚੇ ਕੋਈ ਆਪਣੇ ਕੋਲ ਕੋਈ ਡਿਗਰੀ ਜਾਂ ਹੱਥ ਦਾ ਹੁਨਰ ਲੈ ਕੇ ਆਉਂਦੇ ਹਨ, ਉਨ੍ਹਾਂ ਨੂੰ ਇੱਥੇ ਕੋਈ ਨਾ ਕੋਈ ਰੁਜ਼ਗਾਰ ਮਿਲ ਵੀ ਜਾਂਦਾ ਹੈ। ਆਈ.ਟੀ., ਬੀਮਾ, ਮੈਡੀਕਲ, ਮਕੈਨਿਕਲ, ਬੈਂਕ, ਇਲੈਕਟਰੀਕਲ, ਡਰਾਈਵਿੰਗ, ਸੈਲੂਨ ਤੇ ਹੱਥ ਦੇ ਕੰਮ ਦੇ ਖੇਤਰ ’ਚ ਰੁਜ਼ਗਾਰ ਬਹੁਤ ਛੇਤੀ ਮਿਲਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਹੁਣ ਇਸ ਮੁਲਕ ’ਚ ਆਉਣ ਵਾਲੇ ਨੌਜਵਾਨ ਮੁੰਡੇ ਅਤੇ ਕੁੜੀਆਂ ਨੂੰ ਇਕੱਲੇ ਆਈਲਟਸ ਦੀ ਪ੍ਰੀਖਿਆ ਪਾਸ ਕਰ ਕੇ ਕਦੇ ਵੀ ਨਹੀਂ ਆਉਣਾ ਚਾਹੀਦਾ। ਇਸ ਮੁਲਕ ’ਚ ਪਲੰਬਰ, ਬਿਜਲੀ, ਮਿਸਤਰੀ, ਡਰਾਈਵਰ, ਸੈਲੂਨ, ਸਿਕਿਉਰਟੀ ਅਤੇ ਬੀਮੇ ਦੇ ਖੇਤਰ ਵਿੱਚ ਰੁਜ਼ਗਾਰ ਛੇਤੀ ਮਿਲ ਜਾਂਦਾ ਹੈ। ਬਹੁਤ ਚੰਗਾ ਹੋਵੇ ਜੇਕਰ ਤੁਸੀਂ ਇਸ ਮੁਲਕ ਵਿੱਚ ਆਉਣ ਤੋਂ ਪਹਿਲਾਂ ਆਪਣੇ ਹੱਥ ’ਚ ਕੋਈ ਨਾ ਕੋਈ ਹੁਨਰ ਲੈ ਕੇ ਆਓ। ਹੱਥ ਦਾ ਕੰਮ ਸਿੱਖ ਕੇ ਆਓ। ਵੋਕੇਸ਼ਨਲ ਦਾ ਕੋਈ ਨਾ ਕੋਈ ਡਿਪਲੋਮਾ ਕਰਕੇ ਆਓ। ਇਸ ਮੁਲਕ ’ਚ ਇਸ ਵਿਉਂਤਬੰਦੀ ਨਾਲ ਆਓ ਕਿ ਜੇਕਰ ਸਾਲ-ਛੇ ਮਹੀਨੇ ਕੋਈ ਰੁਜ਼ਗਾਰ ਨਾ ਮਿਲਿਆ ਤਾਂ ਉਹ ਆਪਣੀਆਂ ਫ਼ੀਸਾਂ ਦੇ ਲੈਣਗੇ ਤੇ ਬਾਕੀ ਖ਼ਰਚਾ ਕਰ ਲੈਣਗੇ। ਕਰਜ਼ਾ ਚੁੱਕ ਕੇ ਅਤੇ ਜ਼ਮੀਨਾਂ ਵੇਚ ਕੇ ਬਿਲਕੁੱਲ ਨਾ ਆਓ। ਏਜੈਂਟਾਂ ਦੇ ਦਿਖਾਏ ਹੋਏ ਸਬਜ਼-ਬਾਗ਼ ਵਿੱਚ ਫ਼ਸ ਕੇ ਨਾ ਆਓ।

# ਕੈਨੇਡਾ ਵਿਖੇ ਭਾਰਤੀ ਵਿਦਿਆਰਥੀ ਸੰਘਰਸ਼ ਦੇ ਰਾਹ

## ਟੋਰਾਂਟੋ, ਕੈਲਗਰੀ, ਵੈਨਕੂਵਰ ਜਿਹੇ ਕੈਨੇਡੀਅਨ ਮਹਾਨਗਰਾਂ ’ਚ ਰਹਿਣ ਵਾਲੇ ਮਕਾਨਾਂ ਦੀ ਹੋਈ ਘਾਟ

ਇਸ ਵੇਲੇ ਜਦੋਂ ਕੈਨੇਡਾ ਦੇ ਟੋਰਾਂਟੋ ਇਲਾਕੇ ’ਚ ਤਾਪਮਾਨ ਮਨਫ਼ੀ ਅੱਠ ਤੋਂ ਲੈ ਕੇ ਮਨਫ਼ੀ 17 ਡਿਗਰੀ ਸੈਲਸੀਅਸ ਤੱਕ ਚੱਲ ਰਿਹਾ ਹੈ ਅਤੇ ਇੰਨੀ ਜ਼ਿਆਦਾ ਠੰਢ ’ਚ ਬਹੁਤੇ ਪਰਵਾਸੀ ਆਪੋ-ਆਪਣੇ ਦੇਸ਼ਾਂ ਨੂੰ ਗਏ ਹੋਏ ਹਨ ਪਰ ਉਨ੍ਹਾਂ ਭਾਰਤੀ ਵਿਦਿਆਰਥੀਆਂ ’ਤੇ ਇਸ ਠੰਢ ਦਾ ਕੋਈ ਅਸਰ ਨਹੀਂ ਜਾਪਦਾ ਜੋ ਪਿਛਲੇ ਕਈ ਦਿਨਾਂ ਤੋਂ ਬਰੈਂਪਟਨ ਦੀ ਅਲਗੋਮਾ ਯੂਨੀਵਰਸਿਟੀ ਦੇ ਸਾਹਮਣੇ ਇਸ ਮਨਫ਼ੀ ਤਾਪਮਾਨ ਨਾਲ ਜੂਝਦੇ ਹੋਏ ਰੋਸ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਯੂਨੀਵਰਸਿਟੀ ’ਚ ਗ਼ੈਰ-ਵਾਜਬ ਤਰੀਕੇ ਨਾਲ ਦਾਖ਼ਲੇ ਹੋਏ ਹਨ ਤੇ ਗ੍ਰੇਡਿੰਗ ਦੇਣ ਦਾ ਤਰੀਕਾ ਵੀ ਸ਼ੱਕੀ ਹੈ। ਇੱਧਰ ਜਿਹੜੇ ਵਿਦਿਆਰਥੀ ਫ਼ੇਲ੍ਹ ਹੋ ਗਏ ਹਨ, ਉਨ੍ਹਾਂ ’ਤੇ ਪ੍ਰੀਖਿਆਵਾਂ ਦੌਰਾਨ ਨਕਲਾਂ ਮਾਰਨ ਦੇ ਦੋਸ਼ ਲੱਗੇ ਹੋਏ ਹਨ। ਇਹ ਵਿਦਿਆਰਥੀ ਤਾਂ ਸੂਚਨਾ ਤਕਨਾਲੋਜੀ (ਆਈਟੀ) ਵਿਸ਼ੇ ਦੇ ਹਨ ਪਰ ਉਨ੍ਹਾਂ ਨੂੰ ਤਿੰਨ ਹੋਰ ਜਮਾਤਾਂ ਦੇ ਵਿਦਿਆਰਥੀਆਂ ਦੀ ਹਮਾਇਤ ਵੀ ਹਾਸਲ ਹੋ ਗਈ ਹੈ। ਇਸ ਰੋਸ ਮੁਜ਼ਾਹਰੇ ਕਾਰਨ ਕੈਨੇਡਾ ਦੀ ਕੌਮਾਂਤਰੀ ਵਿਦਿਆਰਥੀ ਨੀਤੀ ਨਾਲ ਜੁੜੇ ਕਈ ਹੋਰ ਮਾਮਲੇ ਵੀ ਸਾਹਮਣੇ ਆਏ ਹਨ। ਉਹ ਯੂਨੀਵਰਸਿਟੀ ਅਧਿਕਾਰੀਆਂ ਤੋਂ ਨਿਆਂਪੂਰਨ ਪੁਨਰ-ਮੁਲੰਕਣ, ਪਾਰਦਰਸ਼ਤਾ ਤੇ ਜਵਾਬਦੇਹੀ ਚਾਹੁੰਦੇ ਹਨ। ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦਾ ਦਾਅਵਾ ਹੈ ਕਿ ਉਹ ਮਹਿਜ਼ ਪ੍ਰੀਖਿਆਵਾਂ ਪਾਸ ਕਰਨ



ਲਈ ਹੀ ਇਹ ਰੋਸ ਮੁਜ਼ਾਹਰਾ ਨਹੀਂ ਕਰ ਰਹੇ ਹਨ। ਇਸੇ ਲਈ ਕੈਨੇਡੀਅਨ ਨੀਤੀ ’ਤੇ ਵੀ ਸਵਾਲ ਉੱਠਣੇ ਸੁਭਾਵਕ ਹਨ। ਇਹ ਮਾਮਲਾ ਆਈ.ਟੀ. ਵਿਦਿਆਰਥੀਆਂ ਦੇ ਇੱਕ ਆਨਲਾਈਨ ਕਲਾਸ ਦੌਰਾਨ ਵੱਡੀ ਗਿਣਤੀ ’ਚ ਫ਼ੇਲ੍ਹ ਹੋਣ ਤੋਂ ਬਾਅਦ ਸਾਹਮਣੇ ਆਇਆ ਸੀ। ਕੈਨੇਡਾ ਸਰਕਾਰ ਨੂੰ ਤੁਰੰਤ ਇਨ੍ਹਾਂ ਮੁਜ਼ਾਹਰਾਕਾਰੀਆਂ ਦੀਆਂ ਮੰਗਾਂ ’ਤੇ ਗ਼ੌਰ ਕਰਨਾ ਚਾਹੀਦਾ ਹੈ।

ਓਧਰ ਕੈਨੇਡਾ ਸਰਕਾਰ ਵੀ ਹੁਣ ਕੌਮਾਂਤਰੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਤੋਂ ਫ਼ਿਕਰਮੰਦ ਹੈ। ਇਸੇ ਲਈ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਐਲਾਨ ਕੀਤਾ ਹੈ ਕਿ ਹੁਣ ਅੱਗੇ ਤੋਂ ਸਿਰਫ਼ ਇੱਕ ਨਿਸ਼ਚਤ ਗਿਣਤੀ ’ਚ ਹੀ ਕੌਮਾਂਤਰੀ ਵਿਦਿਆਰਥੀ ਕੈਨੇਡਾ ’ਚ ਆ ਸਕਣਗੇ। ਇਹ ਨਵੀਂ ਨੀਤੀ ਕਦ ਤੋਂ ਲਾਗੂ ਹੋਵੇਗੀ, ਇਸ ਬਾਰੇ ਹਾਲੇ ਕੁਝ ਵੀ ਨਹੀਂ ਦੱਸਿਆ ਗਿਆ। ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਸ਼ਿਕਾਇਤਾਂ ਵੀ ਆ ਰਹੀਆਂ ਸਨ ਕਿ ਟੋਰਾਂਟੋ, ਕੈਲਗਰੀ, ਵੈਨਕੂਵਰ ਜਿਹੇ ਕੈਨੇਡੀਅਨ ਮਹਾਨਗਰਾਂ ’ਚ ਰਹਿਣ ਵਾਲੇ ਮਕਾਨਾਂ ਦੀ ਘਾਟ ਪੈਦਾ ਹੋ ਗਈ ਹੈ। ਵਿਦਿਆਰਥੀ ਇਸ ਸਮੱਸਿਆ ਕਾਰਨ ਵੀ ਪਰੇਸ਼ਾਨ ਹਨ। ਇਸੇ ਲਈ ਹੁਣ ਯੂਨੀਵਰਸਿਟੀਜ਼ ’ਚ ਸਿਰਫ਼ ਓਨੇ ਕੁ ਹੀ ਕੌਮਾਂਤਰੀ ਵਿਦਿਆਰਥੀਆਂ ਨੂੰ ਦਾਖ਼ਲੇ ਮਿਲਿਆ ਕਰਨਗੇ, ਜਿੰਨੇ ਕੁ ਹੋਸਟਲ ਦੇ ਕਮਰੇ ਉਨ੍ਹਾਂ ਲਈ ਉਸ ਵਿੱਦਿਅਕ ਸੰਗਠਨ ’ਚ ਉਪਲਬਧ ਹੋਣਗੇ। ਸਾਲ 2023 ਦੇ ਦੂਜੇ ਅੱਧ ਦੌਰਾਨ ਕੈਨੇਡਾ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਦੀਆਂ 40% ਅਰਜ਼ੀਆਂ ਰੱਦ ਕੀਤੀਆਂ ਹਨ। ਉਂਝ ਕੈਨੇਡਾ ’ਚ ਕੁੱਲ ਕੌਮਾਂਤਰੀ ਵਿਦਿਆਰਥੀਆਂ ਦਾ 40% ਭਾਰਤੀ ਹੀ ਹਨ, ਜੋ ਬਹੁਤ ਵੱਡੀ ਗਿਣਤੀ ਹੈ। ਅਜਿਹੀਆਂ ਸ਼ਿਕਾਇਤਾਂ ਵੀ ਮਿਲ ਰਹੀਆਂ ਹਨ ਕਿ ਉਸ ਦੇਸ਼ ਵਿੱਚ ਰੁਜ਼ਗਾਰ ਦੇ ਮੌਕੇ ਵੀ ਵਿਦਿਆਰਥੀਆਂ ਨੂੰ ਨਹੀਂ ਮਿਲ ਰਹੇ। ਅਜਿਹੇ ਕਈ ਕਾਰਨਾਂ ਦੇ ਚੱਲਦਿਆਂ ਉਨ੍ਹਾਂ ’ਚ ਡੀਪ੍ਰੈਸ਼ਨ ਦੀ ਸਮੱਸਿਆ ਪੈਦਾ ਹੋ ਰਹੀ ਹੈ। ਇਸੇ ਲਈ ਹੁਣ ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਦੇ ਖਾਤਿਆਂ ’ਚ ਵਿਖਾਈ ਜਾਣ ਵਾਲੀ ਰਕਮ ਵੀ ਦੁੱਗਣੀ ਕਰ ਦਿੱਤੀ ਹੈ। ਪਹਿਲਾਂ ਉਨ੍ਹਾਂ ਦੇ ਖਾਤਿਆਂ ਵਿਚ 10 ਹਜ਼ਾਰ ਡਾਲਰ ਹੋਣੇ ਜ਼ਰੂਰੀ ਹੁੰਦੇ ਸਨ ਪਰ ਹੁਣ ਇਹ ਰਕਮ ਵਧਾ ਕੇ 20,635 ਡਾਲਰ ਕਰ ਦਿੱਤੀ ਗਈ ਹੈ। ਇਹ ਰਕਮ ਵਿਦਿਆਰਥੀਆਂ ਨੇ ਕੈਨੇਡਾ ’ਚ ਆਪਣੇ ਰਹਿਣ-ਸਹਿਣ ’ਤੇ ਹੀ ਖ਼ਰਚਣੀ ਹੈ।

# ‘ਇੰਡੀਆ’ ਗਠਜੋੜ ’ਚ ਪਈ ਫੁੱਟ

## ਪੰਜਾਬ ’ਚ ਇੱਕਲਿਆਂ ਲੋਕ ਸਭਾ ਚੋਣਾਂ ਲੜੇਗੀ ‘ਆਪ’

### ਕੇਜਰੀਵਾਲ ਨੇ ਪੰਜਾਬ ’ਚ ਇਕੱਲੇ ਚੋਣਾਂ ਲੜਨ ’ਤੇ ਸਹਿਮਤੀ ਦਿੱਤੀ

### ‘ਇੰਡੀਆ’ ਗੱਠਜੋੜ ਦੀ ਅਗਲੀ ਮੀਟਿੰਗ ਵਿੱਚ ਹੋਵੇਗਾ ਜਨਤਕ ਐਲਾਨ

ਚੰਡੀਗੜ੍ਹ/ਏ.ਟੀ.ਨਿਊਜ਼: ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਅਗਲੀਆਂ ਲੋਕ ਸਭਾ ਚੋਣਾਂ ਇਕੱਲੇ ਤੌਰ ’ਤੇ ਲੜਨ ਦਾ ਫ਼ੈਸਲਾ ਗੈਰਰਸਮੀ ਤੌਰ ’ਤੇ ਕਰ ਲਿਆ ਹੈ ਜਿਸ ਦਾ ਜਨਤਕ ਤੌਰ ’ਤੇ ਖੁਲਾਸਾ ‘ਇੰਡੀਆ’ ਗੱਠਜੋੜ ਦੀ ਅਗਲੀ ਮੀਟਿੰਗ ਵਿੱਚ ਹੋਵੇਗਾ। ਲੰਘੇ ਦਿਨੀਂ ਦਿੱਲੀ ’ਚ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਮੀਟਿੰਗ ਹੋਈ ਸੀ ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਸ਼ਾਮਿਲ ਹੋਏ ਸਨ। ਸੀਨੀਅਰ ਲੀਡਰਸ਼ਿਪ ਕੋਲ ਭਗਵੰਤ ਮਾਨ ਨੇ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ’ਤੇ ਚਾਨਣਾ ਪਾਇਆ ਅਤੇ ਇਕੱਲੇ ਤੌਰ ’ਤੇ ਚੋਣ ਲੜਨ ਬਾਰੇ ਕਿਹਾ। ਸੂਤਰਾਂ ਅਨੁਸਾਰ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਨੇ ਭਗਵੰਤ ਮਾਨ ਦੀ ਤਜਵੀਜ਼ ਪ੍ਰਵਾਨ ਕਰ ਲਈ ਹੈ ਅਤੇ ਪੰਜਾਬ ਵਿੱਚ ਕਾਂਗਰਸ ਨਾਲ ਕਿਸੇ ਤਰ੍ਹਾਂ ਦਾ ਕੋਈ ਸਿਆਸੀ ਗੱਠਜੋੜ ਨਾ ਕਰਨ ਦਾ ਫ਼ੈਸਲਾ ਲਿਆ ਹੈ। ਮੀਟਿੰਗ ਵਿੱਚ ਫ਼ੈਸਲਾ ਹੋਇਆ ਕਿ ਇੰਡੀਆ ਗੱਠਜੋੜ ਦੀ ਅਗਲੀ ਮੀਟਿੰਗ ਵਿੱਚ ‘ਆਪ’ ਪੰਜਾਬ ਨੂੰ ਲੈ ਕੇ ਆਪਣੇ ਫ਼ੈਸਲੇ ਬਾਰੇ ਜਾਣੂ ਕਰਾਏਗੀ। ਮੁੱਖ ਮੰਤਰੀ ਭਗਵੰਤ ਮਾਨ ਤਾਂ ਸ਼ੁਰੂ ਤੋਂ ਹੀ ਕਾਂਗਰਸ ਨਾਲ ਪੰਜਾਬ ਵਿੱਚ ਗੱਠਜੋੜ ਦੇ ਪੱਖ ਵਿੱਚ ਨਹੀਂ ਸਨ ਪਰ ਹੁਣ ਹਾਈ ਕਮਾਂਡ ਨੇ ਵੀ ਗੈਰਰਸਮੀ ਤੌਰ ’ਤੇ ਮੋਹਰ ਲਗਾ ਦਿੱਤੀ ਹੈ। ਸੂਤਰ ਦੱਸਦੇ ਹਨ ਕਿ ਇੰਡੀਆ ਗੱਠਜੋੜ ਦੀ ਅਗਲੀ ਮੀਟਿੰਗ ਤੋਂ ਪਹਿਲਾਂ ‘ਆਪ’ ਨੇ ਕੁਝ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦੀ ਮੁੱਢਲੀ ਸ਼ਨਾਖਤ ਕੀਤੀ ਹੈ। ਪਾਰਟੀ ਨੇ ਤੈਅ ਕੀਤਾ ਹੈ ਕਿ ਹਰ ਲੋਕ ਸਭਾ ਹਲਕੇ



ਤੋਂ ਮੁੱਢਲੇ ਪੜਾਅ ’ਤੇ ਤਿੰਨ ਸੰਭਾਵੀ ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਜਾਵੇਗੀ। 13 ਲੋਕ ਸਭਾ ਹਲਕਿਆਂ ਲਈ 39 ਉਮੀਦਵਾਰਾਂ ਦੀ ਸੂਚੀ ਤਿਆਰ ਹੋਵੇਗੀ ਤੇ ਇਨ੍ਹਾਂ ਉਮੀਦਵਾਰਾਂ ’ਚੋਂ ਹੀ ਇੱਕ ਉਮੀਦਵਾਰ ਫਾਈਨਲ ਕੀਤਾ ਜਾਵੇਗਾ। ਪਤਾ ਲੱਗਾ ਹੈ ਕਿ ਉਮੀਦਵਾਰਾਂ ਦੀ ਚੋਣ ਸਮੇਂ ਪਾਰਟੀ ਦੀ ਹੀ ਸੀਨੀਅਰ ਲੀਡਰਸ਼ਿਪ ਨੂੰ ਤਰਜੀਹ ਦਿੱਤੀ ਜਾਵੇਗੀ। ਚੋਣ ਮੌਕੇ ਨੌਜਵਾਨਾਂ ਤੇ ਔਰਤਾਂ ਨੂੰ ਵੀ ਬਣਦੀ ਹਿੱਸੇਦਾਰੀ ਦਿੱਤੀ ਜਾਣੀ ਹੈ। ਦੂਜੇ ਪਾਸੇ ਕਾਂਗਰਸ ਦੀ ਪੰਜਾਬ ਲੀਡਰਸ਼ਿਪ ਵੀ ਇਕੱਲੇ ਤੌਰ ’ਤੇ ਚੋਣ ਮੈਦਾਨ ਵਿੱਚ ਉਤਰਨਾ ਚਾਹੁੰਦੀ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਜਦੋਂ ਪੰਜਾਬ ਵਿੱਚ ਦੋਵੇਂ ਧਿਰਾਂ ਹੀ ਵੱਖੋ ਵੱਖਰੇ ਤੌਰ ’ਤੇ ਚੋਣ ਲੜਨਾ ਚਾਹੁੰਦੀ ਹਨ ਤਾਂ ਇੰਡੀਆ ਗੱਠਜੋੜ ਦੀ ਲੀਡਰਸ਼ਿਪ ਨੂੰ ਵੀ ਕੋਈ ਬਹੁਤੀ ਦਿੱਕਤ ਨਹੀਂ ਰਹੇਗੀ। ਜੇਕਰ ‘ਆਪ’ ਅਤੇ ਕਾਂਗਰਸ ਵੱਖੋ ਵੱਖਰੀ ਚੋਣ ਲੜਦੀਆਂ ਹਨ ਤਾਂ ਇਸ ਨਾਲ ‘ਆਪ’ ਸਰਕਾਰ ਦੋ ਵਰ੍ਹਿਆਂ ਦੀ ਕਾਰਗੁਜ਼ਾਰੀ ਮਾਪੀ ਜਾ ਸਕੇਗੀ ਅਤੇ ਇਸੇ ਤਰ੍ਹਾਂ ਵਿਰੋਧੀ ਧਿਰ ਦੀ ਭੂਮਿਕਾ ਵੀ ਚੋਣ ਵਿੱਚ ਪਰਖੀ ਜਾਵੇਗੀ। ‘ਆਪ’ ਦੀ ਸਟੇਟ ਲੀਡਰਸ਼ਿਪ ਨੇ ਤਰਕ ਦਿੱਤਾ ਕਿ ‘ਆਪ’ ਦਾ ਮੁੱਖ ਏਜੰਡਾ ਹੀ ਭ੍ਰਿਸ਼ਟਾਚਾਰ ਦੇ ਵਿਰੁੱਧ ਹੈ ਅਤੇ ਉਹ ਕਿਹੜੇ ਮੂੰਹ ਨਾਲ ਇਕੱਠੇ ਚੋਣ ਲੜਨ ਦੀ ਸੂਰਤ ਵਿੱਚ ਲੋਕਾਂ ਵਿਚ ਜਾਣਗੇ। ਦੂਜੇ ਪਾਸੇ ਕਾਂਗਰਸ ਦੀ ਸਟੇਟ ਲੀਡਰਸ਼ਿਪ ਦੀ ਵੀ ਇਹੋ ਸਮੱਸਿਆ ਹੈ ਕਿ ਜਿਸ ਸਰਕਾਰ ਨੂੰ ਉਹ ਭੰਡਦੇ ਹਨ, ਉਨ੍ਹਾਂ ਨਾਲ ਕਿਸੇ ਲਹਿਜੇ ਵਿੱਚ ਸਟੇਜ ਸਾਂਝੀ ਕਰ ਸਕਦੇ ਹਨ।

# ਮਮਤਾ ਵੱਲੋਂ ਪੱਛਮੀਂ ਬੰਗਾਲ ’ਚ ਇਕੱਲਿਆਂ ਲੋਕ ਸਭਾ ਚੋਣਾਂ ਲੜਨ ਦਾ ਐਲਾਨ

### ਕਾਂਗਰਸ ਨੇ ਸੀਟਾਂ ਦੀ ਵੰਡ ਦਾ ਪ੍ਰਸਤਾਵ ਠੁਕਰਾਇਆ, ‘ਇੰਡੀਆ’ ਗਠਜੋੜ ’ਚ ਬਣੀ ਰਹਾਂਗੀ: ਮਮਤਾ

ਕੋਲਕੱਤਾ/ਏ.ਟੀ.ਨਿਊਜ਼ : ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਪਾਰਟੀ ਟੀਐਮਸੀ ਭਾਵੇਂ ਆਈ.ਐੱਨ.ਡੀ.ਆਈ. ਗੱਠਜੋੜ ਦਾ ਹਿੱਸਾ ਹੈ ਪਰ ਲੋਕ ਸਭਾ ਚੋਣਾਂ ਵਿੱਚ ‘ਏਕਲਾ ਚਲੋ ਰੇ’ ਦੇ ਸੰਕੇਤ ਦਿੱਤੇ ਹਨ। ਸੀਟਾਂ ਦੀ ਵੰਡ ਨੂੰ ਲੈ ਕੇ ਦੋਵਾਂ ਪਾਰਟੀਆਂ ਵਿਚਾਲੇ ਚੱਲ ਰਹੇ ਤਣਾਅ ਦੇ ਵਿਚਕਾਰ, ਟੀ.ਐਮ.ਸੀ. ਪੱਛਮੀ ਬੰਗਾਲ ਦੀਆਂ ਸਾਰੀਆਂ 42 ਸੀਟਾਂ ’ਤੇ ਇਕੱਲੇ ਹੀ ਲੋਕ ਸਭਾ ਚੋਣਾਂ ਲੜੇਗੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ, ‘ਮੇਰੀ ਕਾਂਗਰਸ ਪਾਰਟੀ ਨਾਲ ਕੋਈ ਚਰਚਾ ਨਹੀਂ ਹੋਈ।’ ਮੈਂ ਹਮੇਸ਼ਾ ਕਿਹਾ ਹੈ ਕਿ ਅਸੀਂ ਬੰਗਾਲ ਵਿੱਚ ਇਕੱਲੇ ਲੜਾਂਗੇ। ਮੈਨੂੰ ਇਸ ਗੱਲ ਦੀ ਚਿੰਤਾ ਨਹੀਂ ਹੈ ਕਿ ਦੇਸ਼ ਵਿੱਚ ਕੀ ਕੀਤਾ ਜਾਵੇਗਾ ਪਰ ਅਸੀਂ ਇੱਕ ਧਰਮ ਨਿਰਪੱਖ ਪਾਰਟੀ ਹਾਂ ਤੇ ਬੰਗਾਲ ਵਿੱਚ ਹਾਂ। ਅਸੀਂ ਭਾਜਪਾ ਨੂੰ ਇਕੱਲਿਆਂ ਹੀ ਹਰਾਵਾਂਗੇ। ਮੈਂ ਆਈ.ਐਨ.ਡੀ.ਆਈ.





ਗਠਜੋੜ ਦਾ ਹਿੱਸਾ ਹਾਂ। ਰਾਹੁਲ ਗਾਂਧੀ ਦੀ ਨਿਆਂ ਯਾਤਰਾ ਸਾਡੇ ਰਾਜ ਵਿੱਚੋਂ ਲੰਘ ਰਹੀ ਹੈ ਪਰ ਸਾਨੂੰ ਇਸ ਦੀ ਸੂਚਨਾ ਨਹੀਂ ਦਿੱਤੀ ਗਈ ਹੈ। ਪਾਰਟੀ ਸੂਤਰਾਂ ਅਨੁਸਾਰ ਮੰਗਲਵਾਰ ਨੂੰ ਕਾਲੀਘਾਟ ਸਥਿਤ ਆਪਣੀ ਰਿਹਾਇਸ਼ ’ਤੇ ਟੀ.ਐਮ.ਸੀ. ਦੇ ਗੜ੍ਹ ਬੀਰਭੂਮ ਜ਼ਿਲ੍ਹੇ ਦੀ ਪਾਰਟੀ ਲੀਡਰਸ਼ਿਪ ਨਾਲ ਬੰਦ ਕਮਰਾ ’ਚ ਸੰਗਠਨਾਤਮਕ ਮੀਟਿੰਗ ਦੌਰਾਨ ਟੀ.ਐਮ.ਸੀ. ਸੁਪਰੀਮੋ ਮਮਤਾ ਨੇ ਪਾਰਟੀ ਨੇਤਾਵਾਂ ਨੂੰ ਇਕੱਲੇ ਚੋਣ ਲੜਨ ਲਈ ਤਿਆਰ ਰਹਿਣ ਲਈ ਕਿਹਾ ਸੀ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਟੀ.ਐਮ.ਸੀ. ਮੁਖੀ ਮਮਤਾ ਬੈਨਰਜੀ ਨੇ ਸੀਟਾਂ ਦੀ ਵੰਡ ’ਤੇ ਚਰਚਾ ਵਿੱਚ ਦੇਰੀ ਕਰਨ ਲਈ ਕਾਂਗਰਸ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਕਾਂਗਰਸ ਦੀ 10 ਤੋਂ 12 ਲੋਕ ਸਭਾ ਸੀਟਾਂ ਦੀ ਮੰਗ ਨੂੰ ਬੇਇਨਸਾਫ਼ੀ ਕਰਾਰ ਦਿੱਤਾ ਸੀ। ਦੱਸ ਦਈਏ ਕਿ ਮਮਤਾ ਬੈਨਰਜੀ ਦੀ ਪਾਰਟੀ ਨੇ ਸੂਬੇ ’ਚ ਕਾਂਗਰਸ ਨੂੰ ਸਿਰਫ ਦੋ ਸੀਟਾਂ ਦੀ ਪੇਸ਼ਕਸ਼ ਕੀਤੀ ਸੀ।

# ਮਾਇਆਵਤੀ ਨੇ ਵੀ ਖੇਡੀ ਆਪਣੀ ਸਿਆਸੀ ਮਾਇਆ

### ‘ਇੰਡੀਆ’ ਗਠਜੋੜ ਤੇ ਐਨ.ਡੀ.ਏ. ਦਾ ਹੱਥ ਫੜੇ ਬ.ਗੈਰ ਇਕੱਲੇ ਲੋਕ ਸਭਾ ਚੋਣਾਂ ਲੜਨ ਦਾ ਬਣਾਇਆ ਮਨ

ਬਸਪਾ ਸੁਪਰੀਮੋ ਮਾਇਆਵਤੀ ਨੇ ਆਪਣੇ ਜਨਮ ਦਿਨ ’ਤੇ ਯਾਨੀ 15 ਜਨਵਰੀ ਨੂੰ ‘ਇੰਡੀਆ’ ਗਠਜੋੜ ਅਤੇ ਭਾਜਪਾ ਨੂੰ ਇੱਕ ਵੱਡਾ ਸਿਆਸੀ ਤੋਹਫ਼ਾ ਦਿੱਤਾ। ਭਾਵ ਮਾਇਆਵਤੀ ਨੇ ਸਾਫ਼ ਕਰ ਦਿੱਤਾ ਕਿ ਨਾ ਤਾਂ ਉਹ ਇੰਡੀਆ ਗਠਜੋੜ ਦੇ ਨਾਲ ਹੈ ਤੇ ਨਾ ਹੀ ਉਹ ਐਨ.ਡੀ.ਏ. ਦੇ ਨਾਲ ਹੈ। ਉਹ ਇੱਕਲੀ ਹੀ ਲੋਕ ਸਭਾ ਚੋਣਾਂ ਲੜੇਗੀ। ਇਹ ਵੀ ਕਿਹਾ ਕਿ ਭਾਵੇਂ ਆਕਾਸ਼ ਆਨੰਦ ਨੂੰ ਉਹਨਾਂ ਨੇ ਆਪਣਾ ਉੱਤਰਾਧਿਕਾਰੀ ਐਲਾਨ ਦਿੱਤਾ ਹੈ ਪਰ ਰਾਜਨੀਤੀ ਤੋਂ ਸੰਨਿਆਸ ਲੈਣ ਦਾ ਮੇਰਾ ਮਨ ਨਹੀਂ ਹੈ ਤੇ ਆਖ਼ਰੀ ਸਾਹ ਤੱਕ ਪਾਰਟੀ ਦੀ ਸੇਵਾ ਕਰਦੀ ਰਹਾਂਗੀ। ਖੈਰ, ਮਾਇਆਵਤੀ ਦੇ ਏਸ ਸਿਆਸੀ ਤੋਹਫ਼ੇ ’ਤੇ ਅਲੱਗ ਅਲੱਗ ਪੱਖ ਰੱਖੇ ਜਾ ਰਹੇ ਹਨ।

‘ਇੰਡੀਆ’ ਗਠਜੋੜ ਦੇ ਦੋ ਵੱਡੇ ਦਲ ਕਾਂਗਰਸ ਅਤੇ ਸਪਾ ਬਹੁਤ ਸਮੇਂ ਤੋਂ ਇੱਕ ਦੂਜੇ ਨੂੰ ਘੂਰ ਰਹੇ ਸਨ ਕਿਉਂਕਿ ਕਾਂਗਰਸ ਕਹਿ ਰਹੀ ਸੀ ਕਿ ਮਾਇਆਵਤੀ ਦੇ ਜਨਮ ਦਿਨ ’ਤੇ ਅਸੀਂ ਉਸਦੇ ਨਾਲ ਬੈਠਕ ਕਰਾਂਗੇ ਤੇ ਸਪਾ ਕਹਿ ਰਹੀ ਸੀ ਕਿ ਜੇ ਇੰਡੀਆ ਗਠਜੋੜ ਵਿੱਚ ਮਾਇਆਵਤੀ ਦੀ ਐਂਟਰੀ ਹੋ ਗਈ ਤਾਂ ਅਸੀਂ ਐਗਜਿਟ ਕਰ ਜਾਵਾਂਗੇ ਪਰ ਮਾਇਆਵਤੀ ਨੇ ਕਿਹਾ ਕਿ ਗਠਬੰਧਨ ਕਰਨ ਦੇ ਨਾਲ ਪਾਰਟੀ ਨੂੰ ਲਾਭ ਘੱਟ ਤੇ ਨੁਕਸਾਨ ਵਧੇਰੇ ਹੁੰਦਾ ਹੈ ਤੇ ਸਾਡਾ ਵੋਟ ਪ੍ਰਤੀਸ਼ਤ ਘੱਟ ਜਾਂਦਾ ਹੈ ਤੇ ਹੋਰ ਦਲ ਫਾਇਦੇ ਦੇ ਵਿੱਚ ਰਹਿ ਜਾਂਦੇ ਹਨ। ਅਸੀਂ ਇੱਕਲੇ ਹੀ ਬੇਹਤਰ ਨਤੀਜੇ ਲੋਕ ਸਭਾ ਚੋਣਾਂ ਵਿੱਚ ਲਿਆਵਾਂਗੇ। ਮਾਇਆਵਤੀ ਨੇ ਕਿਹਾ ਕਿ ਕਾਂਗਰਸ, ਭਾਜਪਾ ਅਤੇ ਇਸਦੀਆਂ ਸਹਿਯੋਗੀ ਪਾਰਟੀਆਂ ਦੀ ਸੋਚ ਪੂੰਜੀਵਾਦੀ ਤੇ ਸੰਪਰਦਾਇਕਤਾ ਵਾਲੀ ਹੈ। ਇਹ ਸਾਰੀਆਂ ਪਾਰਟੀਆਂ ਦਲਿਤਾਂ ਤੇ ਪਿਛੜੇ ਵਰਗਾਂ ਨੂੰ ਪੈਰਾਂ ’ਤੇ ਖੜ੍ਹਾ ਹੁੰਦਾ ਨਹੀਂ ਵੇਖ ਸਕਦੀਆਂ। ਸਾਨੂੰ ’ਤੇ ਰਾਂਖਵੇਂਕਰਨ ਦਾ ਵੀ ਪੂਰਾ ਲਾਭ ਨਹੀਂ ਮਿਲ ਰਿਹਾ। ਮਾਇਆਵਤੀ ਨੇ ਭਾਜਪਾ ਨੂੰ ਤਕੜੇ ਹੱਥੀਂ ਲੈਂਦੇ ਹੋਏ ਕਿਹਾ ਕਿ ਮੁ.ਫਤ ਰਾਸ਼ਨ ਸਕੀਮ ਗੁਲਾਮੀ ਦਾ ਹਥਿਆਰ ਹੈ।



ਉਹਨਾਂ ਕਿਹਾ ਕਿ ਚੋਣਾਂ ਤੋਂ ਬਾਅਦ ਅਸੀਂ ਵਿਚਾਰ ਕਰਾਂਗੇ ਕਿ ਕਿਹੜੀ ਸਰਕਾਰ ਸਹੀ ਹੈ, ਫਿਰ ਅਸੀਂ ਆਪਣਾ ਫ਼ੈਸਲਾ ਸੁਣਾਵਾਂਗੇ। ਹੁਣ ਇਹ ਗੱਲ ਤਾਂ ਸਾਫ਼ ਹੋ ਗਈ ਹੈ ਕਿ ਸੀਟਾਂ ਦੇ ਬਟਵਾਰੇ ਨੂੰ ਲੈ ਕੇ ਪ੍ਰਦੇਸ਼ ਵਿੱਚ ਸਪਾ ਤੇ ਕਾਂਗਰਸ ਇੱਕ ਮੰਚ ’ਤੇ ਬੈਠ ਸਕਦੀਆਂ ਹਨ, ਕਿਉਂਕਿ ਇਨ੍ਹਾਂ ਦੇ ਵਿੱਚ ਕੋਈ ਤੀਸਰਾ ਨਹੀਂ ਹੈ।, ਪਰ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਪਾ ਆਪਣੇ ਆਪ ਨੂੰ ਵੱਡਾ ਦਿਖਾਉਣ ਵਿੱਚ ਕੋਈ ਕਸਰ ਨਹੀਂ ਛੱਡੇਗੀ, ਕਿਉਂਕਿ ਕਾਂਗਰਸ ਦੇ ਕੋਲ ਦੋ ਵਿਧਾਇਕ ਤੇ ਇੱਕ ਸਾਂਸਦ ਹੈ, ਜਦੋਂ ਕਿ ਸਪਾ ਦੇ 111 ਵਿਧਾਇਕ ਤੇ ਤਿੰਨ ਸਾਂਸਦ ਹਨ। ਤੁਹਾਨੂੰ ਯਾਦ ਹੋਣੈ ਕਿ ਸਾਲ 2017 ਦੇ ਵਿੱਚ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਵਿੱਚ ਰਾਹੁਲ ਤੇ ਅਖਿਲੇਸ਼ ਇੱਕੋ ਗੱਡੀ ਵਿੱਚ ਘੁੰਮੇ ਸੀ ਤੇ ਨਤੀਜਾ ਕੋਈ ਬਹੁਤ ਚੰਗਾ ਨਹੀਂ ਸੀ ਹੋਇਆ।

ਮਾਇਆਵਤੀ ਨੇ ਇੱਕਲੇ ਚੋਣ ਲੜਨ ਦਾ ਜਿਸ ਨ.ਫੇ ਨੁਕਸਾਨ ਨੂੰ ਅਧਾਰ ਬਣਾਇਆ, ਉਸਦੇ ਉਸਨੇ ਕੁਝ ਅੰਕੜੇ ਵੀ ਰੱਖੇ ਹਨ। ਉਹਨਾਂ ਕਿਹਾ ਕਿ 1993 ਦੇ ਵਿੱਚ ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਦੇ ਵਿੱਚ ਸਪਾ ਦੇ ਨਾਲ ਗਠਬੰਧਨ ਕਰਕੇ ਕੋਈ ਫਾਇਦਾ ਨਹੀਂ ਸੀ ਮਿਲਿਆ। ਬਸਪਾ ਸਿਰ.ਫ 67 ਸੀਟਾਂ ਜਿੱਤ ਸਕੀ ਸੀ ਤੇ ਸਪਾ ਨੂੰ ਗਠਬੰਧਨ ਦਾ ਫਾਇਦਾ ਮਿਲਿਆ ਸੀ। ਫਿਰ 1996 ਦੇ ਵਿੱਚ ਬਸਪਾ ਨੇ ਕਾਂਗਰਸ ਦੇ ਨਾਲ ਉੱਤਰ ਪ੍ਰਦੇਸ਼ ਵਿੱਚ ਗਠਬੰਧਨ ਕਰਦੇ ਚੋਣ ਲੜੀ, ਉਸ ਵਿੱਚ ਵੀ 67 ਸੀਟਾਂ ਹੀ ਜਿੱਤ ਸਕੀ ਸੀ ਤੇ ਕਾਂਗਰਸ ਨੂੰ ਜਿਆਦਾ ਫਾਇਦਾ ਮਿਲਿਆ ਸੀ। ਹੁਣ ਮਾਇਆਵਤੀ ਨੇ ਕਿਹਾ ਕਿ 2002 ਦੇ ਵਿੱਚ ਉਸ ਦੀ ਪਾਰਟੀ ਇੱਕਲੀ ਚੋਣ ਲੜੀ ਤੇ ਲਗਭਗ 100 ਸੀਟਾਂ ਮਿਲੀਆਂ। ਸਾਲ 2007 ਦੇ ਵਿੱਚ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਵਿੱਚ ਬਸਪਾ ਇੱਕਲੀ ਲੜ ਕੇ ਸਰਕਾਰ ਬਣਾ ਲਈ ਸੀ ਜਦੋਂ ਕਿ ਇਹ ਚੋਣਾਂ ਈ.ਵੀ.ਐਮ. ਨਾਲ ਹੋਈਆਂ ਸਨ। ਈ.ਵੀ.ਐਮ. ਦੇ ਵਿੱਚ ਹੋ ਰਹੀ ਧਾਂਦਲੀ ਬਾਰੇ ਵੀ ਮਾਇਆਵਤੀ ਨੇ ਆਵਾਜ਼ ਉਠਾਈ। ਖੈਰ ਇਹ ’ਤੇ ਅੰਕੜੇ ਮਾਇਆਵਤੀ ਨੇ ਦਿੱਤੇ ਤੇ ਨ.ਫਾ ਨੁਕਸਾਨ ਗਿਣਾਇਆ ਪਰ ਦੂਜਾ ਪੱਖ ਵੀ ਛੇੜਨਾ ਜ਼ਰੂਰੀ ਹੈ।1996 ਦੇ ਵਿੱਚ ਉੱਤਰ ਪ੍ਰਦੇਸ਼ ਦੇ ਵਿੱਚ 67 ਸੀਟਾਂ ਦੀ ਗੱਲ ਜੋ ਮਾਇਆਵਤੀ ਕਰ ਰਹੀ ਹੈ, ਸੀਟਾਂ ਭਾਵੇਂ 67 ਹੀ ਆਈਆਂ ਸਨ ਪਰ ਉਸਦੇ ਵੋਟ ਸ਼ੇਅਰ ਦੇ ਵਿੱਚ ਉਛਾਲ ਆਇਆ ਸੀ ਜੋ 11.12 ਤੋਂ ਵੱਧ ਕੇ 19.64 ਹੋ ਗਿਆ ਸੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਦੀ ਗੱਲ ਜੋ ਮਾਇਆਵਤੀ ਨੇ ਕਹੀ ਉਸ ਵਿੱਚ ਵੀ ਮਾਇਆਵਤੀ ਫਾਇਦੇ ਵਿੱਚ ਰਹੀ ਸੀ ਕਿਉਂਕਿ ਚੋਣਾਂ ਦੇ ਵਿੱਚ ਮਾਇਆਵਤੀ ਦੀ ਬਸਪਾ ਨੇ 10 ਲੋਕ ਸਭਾ ਸੀਟਾਂ ਜਿੱਤ ਲਈਆਂ ਸਨ ਜਦੋਂ ਕਿ ਅਖਿਲੇਸ਼ ਦੀ ਸਪਾ ਨੇ ਸਿਰ.ਫ ਪੰਜ ਸੀਟਾਂ ਜਿੱਤੀਆਂ ਸਨ, ਫਾਇਦੇ ’ਚ ਇਸ ਕਰਕੇ ਕਿਉਂਕਿ 2014 ਦੇ ਵਿੱਚ ਮਾਇਆਵਤੀ ਦੀ ਬਸਪਾ ਨੂੰ ਲੋਕ ਸਭਾ ਚੋਣਾਂ ਵਿੱਚ ਇੱਕ ਵੀ ਸੀਟ ਨਹੀਂ ਸੀ ਮਿਲੀ।

(ਬਾਕੀ ਸ.ਫਾ 30 ’ਤੇ)

# ਭਾਰਤ-ਅਮਰੀਕਾ ਦੇ ਸਬੰਧ ਪੂਰੀ ਦੁਨੀਆਂ ਦੀ ਭਲਾਈ ਲਈ ਮਹੱਤਵਪੂਰਨ: ਰਾਜਦੂਤ ਸੰਧੂ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪ੍ਰਵਾਸੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਅਤੇ ਅਮਰੀਕਾ ਦੇ ਸੰਬੰਧ ਨਾ ਸਿਰਫ ਦੋਵਾਂ ਦੇਸ਼ਾਂ ਲਈ ਮਹੱਤਵਪੂਰਨ ਹਨ ਸਗੋਂ ਇਸ ਦੀ ਭਲਾਈ ਲਈ ਵੀ ਬਹੁਤ ਮਹੱਤਵਪੂਰਨ ਹਨ ।ਸੰਧੂ ਨੇ ਪ੍ਰਵਾਸੀ ਭਾਰਤੀ ਭਾਈਚਾਰੇ ਨੂੰ ਕਿਹਾ ਕਿ ਇਸ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ 'ਚ ਉਨ੍ਹਾਂ ਦੀ ਅਹਿਮ ਭੂਮਿਕਾ ਦੀ ਲੋੜ ਹੈ। ਡਿਜੀਟਲ ਵਿਦਾਇਗੀ ਸਮਾਰੋਹ ਦੌਰਾਨ ਅਮਰੀਕਾ 'ਚ ਭਾਰਤੀ-ਅਮਰੀਕੀਆਂ ਦੇ ਇੱਕ ਸਮੂਹ ਨੂੰ ਸੰਬੋਧਨ ਕਰਦੇ ਹੋਏ ਸੰਧੂ ਨੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਦੀ



ਅਪੀਲ ਕੀਤੀ ਕਿ ਅਗਲੀ ਪੀੜ੍ਹੀ ਭਾਰਤ ਨਾਲ ਜੁੜੀ ਰਹੇ ਅਤੇ ਉਹ ਨਿਯਮਿਤ ਤੌਰ 'ਤੇ ਭਾਰਤ ਦਾ ਦੌਰਾ ਕਰਦੇ ਰਹਿਣ।

ਸੰਧੂ 35 ਸਾਲਾਂ ਦੇ ਸ਼ਾਨਦਾਰ ਕਰੀਅਰ ਤੋਂ ਬਾਅਦ ਇਸ ਮਹੀਨੇ ਦੇ ਅੰਤ 'ਚ ਭਾਰਤੀ ਵਿਦੇਸ਼ ਸੇਵਾ ਤੋਂ ਸੇਵਾਮੁਕਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਤੁਹਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਤੁਹਾਡੇ ਬੱਚੇ ਭਾਰਤ ਨਾਲ ਜੁੜੇ ਰਹਿਣ। ਸੰਧੂ ਨੇ ਕਿਹਾ ਕਿ ਇੱਥੇ ਅਮਰੀਕਾ ਵਿੱਚ ਹੋਰ ਬਹੁਤ ਸਾਰੇ ਭਾਈਚਾਰਿਆਂ ਵਾਂਗ, ਤੁਸੀਂ ਆਪਣੀਆਂ ਐਸੋਸੀਏਸ਼ਨਾਂ, ਆਪਣੇ ਸਮੂਹਾਂ ਰਾਹੀਂ ਇਸ ਨੂੰ ਯਕੀਨੀ ਬਣਾ ਸਕਦੇ ਹੋ ਕਿਉਂਕਿ ਤੁਸੀਂ ਸਾਰੇ ਭਾਰਤ ਦੀ ਯਾਤਰਾ ਨੂੰ ਸਹਿਣ ਕਰ ਸਕਦੇ ਹੋ। ਉਨ੍ਹਾਂ ਕਿਹਾ ਕਿ ਜੇਕਰ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਕੋਈ ਸਮੱਸਿਆ ਹੈ ਤਾਂ ਮੈਂ ਤੁਹਾਨੂੰ ਭਰੋਸਾ ਦੇ ਸਕਦਾ ਹਾਂ ਕਿ ਕੌਂਸਲੇਟ ਤੁਹਾਡੀ ਮਦਦ ਕਰੇਗਾ। ਜੇਕਰ ਉਹ ਭਾਰਤ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਤਾਂ ਭਵਿੱਖ ਵਿੱਚ ਭਾਰਤ ਵੱਲ ਵਧਣ ਵਾਲੀਆਂ ਵਧੇਰੇ ਅੰਤਰਰਾਸ਼ਟਰੀ ਕੰਪਨੀਆਂ ਉਨ੍ਹਾਂ ਨੂੰ ਭਰਤੀ ਕਰਨਗੀਆਂ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ ਦੋਵਾਂ ਦੇਸ਼ਾਂ ਦੇ ਸਬੰਧਾਂ ਦਾ ਹੋਰ ਮਜ਼ਬੂਤ ? ?ਹੋਣਾ ਤੈਅ ਹੈ।

**ਦੋ ਹੋਰ ਖੁੱਲ੍ਹਣਗੇ ਵਣਜ ਦੂਤਘਰ**

ਸੰਧੂ ਨੇ ਨਿਊਯਾਰਕ, ਸ਼ਿਕਾਗੋ, ਹਿਊਸਟਨ, ਅਟਲਾਂਟਾ ਅਤੇ ਸੈਨ ਫਰਾਂਸਿਸਕੋ ਤੋਂ ਬਾਅਦ ਸਿਆਟਲ ਵਿੱਚ ਛੇਵਾਂ ਭਾਰਤੀ ਕੌਂਸਲੇਟ ਖੋਲ੍ਹਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਭਾਈਚਾਰੇ ਨੂੰ ਦੱਸਿਆ ਕਿ ਅਮਰੀਕਾ ਵਿੱਚ ਦੋ ਹੋਰ ਭਾਰਤੀ ਵਣਜ ਦੂਤਘਰ ਜਲਦੀ ਹੀ ਖੁੱਲ੍ਹਣਗੇ। ਉਨ੍ਹਾਂ ਕਿਹਾ ਕਿ ਰਾਜਦੂਤ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਅਮਰੀਕਾ ਦੇ ਵੱਖ-ਵੱਖ ਰਾਜਾਂ ਦੇ ਘੱਟੋ-ਘੱਟ 44 ਰਾਜਪਾਲਾਂ ਨਾਲ ਗੱਲਬਾਤ ਕੀਤੀ ਹੈ। ਦੋ ਘੰਟੇ ਤੋਂ ਵੱਧ ਸਮੇਂ ਤੱਕ ਚੱਲੇ ਵਰਚੁਅਲ ਵਿਦਾਇਗੀ ਸਮਾਰੋਹ ਦੌਰਾਨ, ਭਾਰਤੀ-ਅਮਰੀਕੀ ਭਾਈਚਾਰੇ ਨੇ ਵੀ ਉਨ੍ਹਾਂ ਦੀ ਅਗਵਾਈ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਭਾਰਤ-ਅਮਰੀਕਾ ਸਬੰਧਾਂ ਵਿੱਚ ਹੋਈ ਤਰੱਕੀ ਦੀ ਸ਼ਲਾਘਾ ਕੀਤੀ।

# ਇਟਲੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਉਤਸ਼ਾਹ ਨਾਲ ਮਨਾਇਆ

ਰੋਮ/ਏ.ਟੀ.ਨਿਊਜ਼: ਦਸ਼ਮ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸਾਰੀ ਦੁਨੀਆਂ ਵਿੱਚ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸੇ ਤਰ੍ਹਾਂ ਇਟਲੀ ਦੇ ਪੁਰਾਤਨ ਗੁਰਦੁਆਰਾ ਸਾਹਿਬ ਸਿੰਘ ਸਭਾ ਨੋਵੇਲਾਰਾ ਵਿਖੇ ਵੀ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿੱਚ ਬੱਚਿਆਂ ਵੱਲੋਂ ਕੀਰਤਨ ਦੀ ਹਾਜ਼ਰੀ ਭਰੀ ਗਈ।

ਇਸ ਉਪਰੰਤ ਭਾਈ ਤਲਵਿੰਦਰ ਸਿੰਘ ਵੱਲੋਂ ਕਥਾ ਵਿਚਾਰ ਰਾਹੀਂ ਗੁਰੂ ਸਾਹਿਬ ਜੀ ਦੇ ਅਦੁਤੀ ਜੀਵਨ ਨਾਲ ਬਹੁਤ ਹੀ ਵਿਸਥਾਰ ਨਾਲ ਸੰਗਤਾਂ ਨੂੰ ਜੋੜਿਆ ਗਿਆ। ਭਾਈ ਸਾਹਿਬ ਨੇ ਭੂਮਿਕਾ ਵਿੱਚ ਪਹਿਲੇ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂਆਤ ਕਰਕੇ ਗੁਰੂ ਤੇਗ ਬਹਾਦਰ ਸਾਹਿਬਸ, ਮਾਤਾ ਗੁਜਰ ਕੌਰ ਜੀ ਅਤੇ ਉਹਨਾਂ ਦੇ ਗ੍ਰਹਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦਸ਼ਮ ਪਾਤਸ਼ਾਹ ਦੇ ਪ੍ਰਕਾਸ਼, ਸੂਫੀ ਫਕੀਰ ਦਾ ਪਟਨਾ ਸਾਹਿਬ ਵੱਲ ਨੂੰ ਮੂੰਹ ਕਰਕੇ 'ਨਮਾਜ਼' ਅਦਾ ਕਰਨ ਅਤੇ ਸੂਫੀ ਫਕੀਰ ਸਾਈਂ ਭੀਖਣ ਸ਼ਾਹ ਦਾ ਦਰਸ਼ਨ ਕਰਨ ਲਈ ਬਜ਼ਿਦ ਹੋਣਾ ਅਤੇ ਹੋਰ ਵੀ ਬਹੁਤ ਸਾਰੀਆਂ ਇਤਿਹਾਸਿਕ ਸਾਖੀਆਂ ਰਾਹੀਂ ਸੰਗਤਾਂ ਨੂੰ ਇਤਿਹਾਸ ਦੇ ਦਰਸ਼ਨ ਕਰਵਾਏ ਗਏ।

ਬਚਿੱਤਰ ਨਾਟਕ ਵਿੱਚੋਂ ਵੀ ਗੁਰੂ ਸਾਹਿਬ ਦੇ ਦੁਸ਼ਟ ਦਮਨ ਅਵਤਾਰ ਬਾਰੇ ਵੀ ਚਾਨਣਾ ਪਾਇਆ ਅਤੇ ਦਸਵੇਂ ਜਾਮੇ ਵਿੱਚ ਕੀਤੇ ਕੌਤਕਾਂ ਬਾਰੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਸੰਗਤਾਂ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ 'ਤੇ ਭਾਰੀ ਉਤਸ਼ਾਹ ਸੀ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੀ। ਕਥਾ ਵਿਚਾਰ ਦੀ ਸਮਾਪਤੀ ਤੋਂ ਬਾਅਦ ਅਰਦਾਸ ਕੀਤੀ ਗਈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਆਸਟ੍ਰੇਲੀਆ 'ਚ ਭਿਆਨਕ ਗਰਮੀ ਦਾ ਕਹਿਰ, ਲੋਕਾਂ ਲਈ ਚਿਤਾਵਨੀ ਜਾਰੀ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਦਾ ਵੱਡਾ ਹਿੱਸਾ



ਭਿਆਨਕ ਗਰਮੀ ਦੀ ਚਪੇਟ ਵਿੱਚ ਆ ਗਿਆ। ਇਸ ਬਾਰੇ ਰਾਸ਼ਟਰੀ ਮੌਸਮ ਭਵਿੱਖਬਾਣੀ ਨੇ ਕਿਹਾ ਹੈ ਕਿ ਪਹਿਲਾਂ ਹੀ ਉੱਚ ਜੋਖਮ ਵਾਲੇ ਅੱਗ ਦੇ ਮੌਸਮ ਨੇ ਝਾੜੀਆਂ ਵਿੱਚ ਅੱਗ ਲੱਗਣ ਦੇ ਜੋਖਮ ਨੂੰ ਵਧਾਇਆ ਹੈ। ਇਸ ਦੌਰਾਨ ਲੋਕਾਂ ਲਈ ਸਿਹਤ ਸਬੰਧੀ ਚਿਤਾਵਨੀ ਜਾਰੀ ਕੀਤੀ ਗਈ ਹੈ। ਉਨ ਾਂ ਨੂੰ ਘਰਾਂ ਦੇ ਅੰਦਰ ਰਹਿਣ ਅਤੇ ਜ਼ਿਆਦਾ ਪਾਣੀ ਪੀਣ ਦੀ ਸਲਾਹ ਦਿੱਤੀ ਗਈ ਹੈ।

ਐਕਸਟ੍ਰੀਮ ਹੀਟਵੇਵ ਅਲਰਟ, ਸਭ ਤੋਂ ਵੱਧ ਖ਼ਤਰੇ ਦੀ ਰੇਟਿੰਗ, ਪੱਛਮੀ ਆਸਟ੍ਰੇਲੀਆ ਦੇ ਕੁਝ ਹਿੱਸਿਆਂ ਲਈ ਦੂਜੇ ਦਿਨ ਵੀ ਜਾਰੀ ਰਹੀ ਅਤੇ ਇਸਨੂੰ ਦੱਖਣੀ ਆਸਟ੍ਰੇਲੀਆ ਤੱਕ ਵਧਾਇਆ ਗਿਆ, ਜਦੋਂ ਕਿ ਕੁਈਨਜ਼ਲੈਂਡ, ਨਿਊ ਸਾਊਥ ਵੇਲਜ਼ ਅਤੇ ਉੱਤਰੀ ਖੇਤਰ ਦੇ ਖੇਤਰ ਗੰਭੀਰ ਚਿਤਾਵਨੀਆਂ ਦੇ ਅਧੀਨ ਸਨ।

ਇਸ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਪੱਛਮੀ ਆਸਟ੍ਰੇਲੀਆ ਵਿੱਚ ਭੂਗੋਲਿਕ ਤੌਰ 'ਤੇ ਦੇਸ਼ ਦਾ ਸਭ ਤੋਂ ਵੱਡਾ ਰਾਜ, ਦੂਰ-ਦੁਰਾਡੇ ਦੇ ਪਿਲਬਾਰਾ ਅਤੇ ਗੈਸਕੋਇਨ ਖੇਤਰ ਵਿੱਚ ਐਤਵਾਰ ਨੂੰ ਤਾਪਮਾਨ 40 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ।

ਰਾਜ ਦੀ ਰਾਜਧਾਨੀ ਪਰਥ ਤੋਂ ਲਗਭਗ 1,500 ਕਿਲੋਮੀਟਰ ਉੱਤਰ ਵਿੱਚ ਪੈਰਾਬਰਡੂ ਦੇ ਪਿਲਬਾਰਾ ਮਾਈਨਿੰਗ ਕਸਬੇ ਵਿੱਚ ਅਧਿਕਤਮ 48 ਡਿਗਰੀ ਸੈਲਸੀਅਸ ਤਾਪਮਾਨ ਦੀ ਭਵਿੱਖਬਾਣੀ ਕੀਤੀ ਗਈ ਸੀ, ਜੋ ਕਿ ਔਸਤ ਜਨਵਰੀ ਦੇ ਅਧਿਕਤਮ ਤਾਪਮਾਨ ਤੋਂ ਸੱਤ ਡਿਗਰੀ ਵੱਧ ਹੈ। ਦੁਪਹਿਰ 12:30 ਵਜੇ ਤਾਪਮਾਨ 45.7 ਡਿਗਰੀ ਸੈਲਸੀਅਸ ਸੀ। ਆਸਟ੍ਰੇਲੀਆ ਦਾ ਅਧਿਕਤਮ ਤਾਪਮਾਨ 50.7 ਡਿਗਰੀ ਸੈਲਸੀਅਸ 13 ਜਨਵਰੀ, 2022 ਨੂੰ ਪਿਲਬਾਰਾ ਦੇ ਆਨਸਲੋ ਹਵਾਈ ਅੱਡੇ 'ਤੇ ਰਿਕਾਰਡ ਕੀਤਾ ਗਿਆ ਸੀ। ਪੱਛਮੀ ਆਸਟ੍ਰੇਲੀਅਨ ਕਸਬੇ ਮੀਕਾਥਾਰਾ ਵਿੱਚ ਰਾਇਲ ਮੇਲ ਹੋਟਲ ਦੇ ਮੈਨੇਜ'। ਸ਼ਹਿਰ ਦੇ ਪੱਛਮ ਵਿੱਚ ਸਥਾਨਕ ਸਮੇਂ ਅਨੁਸਾਰ ਦੁਪਹਿਰ 3:30 ਵਜੇ ਤਾਪਮਾਨ 37.9 ਸੈਲਸੀਅਸ ਸੀ। 2019-2020 ਬਲੈਕ ਸਮਰ ਦੇ ਮੁਕਾਬਲੇ ਆਸਟ੍ਰੇਲੀਆ ਵਿੱਚ ਪਿਛਲੇ ਦੋ ਬੁਸ਼ਫਾਇਰ ਸੀਜ਼ਨਾਂ ਨੂੰ ਕਾਬੂ ਕੀਤਾ ਗਿਆ ਹੈ।

# ਮੁੜ ਸੁਣਾਈ ਦੇਣ ਲੱਗੀ ਹੈ ਤੀਜੀ ਵਿਸ਼ਵ ਜੰਗ ਦੀ ਆਹਟ

## ਵਿਸ਼ਵ ਸ਼ਾਂਤੀ ਲਈ ਵੱਡਾ ਖ਼ਤਰਾ ਹੈ ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ ਅਤੇ ਇਰਾਨ-ਪਾਕਿਸਤਾਨ ਟਕਰਾਓ

ਪਟਿਆਲਾ/ਏ.ਟੀ.ਨਿਊਜ਼ : ਸਾਲ 2024 ਨੂੰ ਜਿਥੇ ਚੋਣਾਂ ਦਾ ਸਾਲ ਕਿਹਾ ਜਾ ਰਿਹਾ ਹੈ, ਉਥੇ ਇਸ ਸਾਲ ਦੀ ਸ਼ੁਰੂਆਤ ਵਿੱਚ ਹੀ ਤੀਜੀ ਵਿਸ਼ਵ ਜੰਗ ਹੋਣ ਦੀ ਆਹਟ ਸੁਣਾਈ ਦੇਣ ਲੱਗੀ ਹੈ। ਭਾਵੇਂ ਕਿ ਰੂਸ-ਯੂਕਰੇਨ ਅਤੇ ਇਜ਼ਰਾਈਲ-ਫਲਸਤੀਨ ਵਿਚਾਲੇ ਪਹਿਲਾਂ ਹੀ ਜੰਗ ਚੱਲ ਰਹੀ ਹੈ, ਹੁਣ ਇਰਾਨ ਅਤੇ ਪਾਕਿਸਤਾਨ ਵਿਚਾਲੇ ਹੋ ਰਹੇ ਟਕਰਾਓ ਤੋਂ ਇੱਕ ਵਾਰ ਫਿਰ ਵਿਸ਼ਵ ਸ਼ਾਂਤੀ ਲਈ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ। ਕੁਝ ਵਿਦਵਾਨ ਤਾਂ ਇਹ ਵੀ ਕਹਿ ਰਹੇ ਹਨ ਕਿ ਇਸ ਸਮੇਂ ਤੀਜੀ ਵਿਸ਼ਵ ਜੰਗ ਕਿਸ਼ਤਾਂ ਵਿੱਚ ਹੋ ਰਹੀ ਹੈ। ਇਸ ਸਮੇਂ ਚੀਨ ਅਤੇ ਤਾਈਵਾਨ, ਅਰਮੇਨੀਆ ਅਤੇ ਅਜ਼ਰਬਾਈਜਾਨ, ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਵਿਚਕਾਰ ਵੀ ਅੰਦਰੂਨੀ ਜੰਗ ਚੱਲ ਰਹੀ ਹੈ। ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ ਅਤੇ ਇਰਾਨ-ਪਾਕਿਸਤਾਨ ਟਕਰਾਓ ਦੇ ਕਾਰਨ ਭਾਵੇਂ ਕੋਈ ਵੀ ਹੋਣ ਪਰ ਅਸਲ ਵਿੱਚ ਇਹ ਜੰਗਾਂ ਵਿਸ਼ਵ ਮਹਾਂਸ਼ਕਤੀ ਬਣਨ ਅਤੇ ਪੂਰੀ ਦੁਨੀਆਂ 'ਤੇ ਆਪਣੀ ਸਰਦਾਰੀ ਕਾਇਮ ਕਰਨ ਦੀ ਇੱਛਾ ਰੱਖਦਿਆਂ ਹੀ ਲੜੀਆਂ ਜਾ ਰਹੀਆਂ ਹਨ।ਚੌਧਰ ਦੀ ਇਸ ਭੁੱਖ ਕਾਰਨ ਵਿਸ਼ਵ ਦੀਆਂ ਅਹਿਮ ਸ਼ਕਤੀਆਂ ਵੱਲੋਂ ਮਨੁੱਖ਼ਤਾ ਦਾ ਘਾਣ ਕੀਤਾ ਜਾ ਰਿਹਾ



ਹੈ, ਜਿਸਦੀ ਭਰਪਾਈ ਕਦੇ ਵੀ ਨਹੀਂ ਕੀਤੀ ਜਾ ਸਕਦੀ।ਕਈ ਦੇਸ਼ ਇੱਕ ਦੂਜੇ ਉੱਤੇ ਆਪਣਾ ਅਧਿਕਾਰ ਸਥਾਪਤ ਕਰਨ ਲਈ ਨਵੀਆਂ ਮਿਜ਼ਾਈਲਾਂ, ਪ੍ਰਮਾਣੂ ਅਤੇ ਫੌਜੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਹੇ ਹਨ। ਜਨੇਵਾ ਕਨਵੈਨਸ਼ਨ ਦੌਰਾਨ ਬਣਾਏ ਗਏ ਜੰਗ ਸਬੰਧੀ ਕੌਮਾਂਤਰੀ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਲੱਗਦਾ ਹੈ ਕਿ ਅੱਜ ਮਨੁੱਖੀ ਕਦਰਾਂ-ਕੀਮਤਾਂ ਦੀ ਕੋਈ ਕੀਮਤ ਨਹੀਂ ਰਹੀ।ਇਹ ਗੱਲ ਸਭ ਨੂੰ ਪਤਾ ਹੈ ਕਿ ਰੂਸ ਅਤੇ ਯੂਕਰੇਨ ਦੀ ਸੱਭਿਆਚਾਰਕ ਵਿਰਾਸਤ ਇੱਕ ਹੈ। ਯੂਕਰੇਨ 1991 ਤੱਕ ਸੋਵੀਅਤ ਰੂਸ ਦਾ ਹਿੱਸਾ ਸੀ। ਸੋਵੀਅਤ ਰੂਸ ਦੇ ਭੰਗ ਹੋਣ ਤੋਂ ਬਾਅਦ ਰੂਸ ਦੇ ਪੱਛਮੀ ਖੇਤਰ ਵਿੱਚ ਯੂਕਰੇਨ ਦੇਸ਼ ਹੋਂਦ ਵਿੱਚ ਆਇਆ। ਯੂਕਰੇਨ ਵਿੱਚ ਲਗਭਗ 50 ਪ੍ਰਤੀਸ਼ਤ ਲੋਕ ਰੂਸੀ ਭਾਸ਼ੀ ਹਨ। ਇਨ੍ਹਾਂ ਦਾ ਸੁਭਾਅ ਰੂਸ ਵਰਗਾ ਹੈ। ਦੋ ਗੁਆਂਢੀ ਇਕੱਠੇ ਬੈਠ ਕੇ ਕਿਸੇ ਵੀ ਵੱਡੇ ਮਸਲੇ ਨੂੰ ਆਸਾਨੀ ਨਾਲ ਹੱਲ ਕਰ ਸਕਦੇ ਹਨ ਪਰ ਯੂਕਰੇਨ ਵਿੱਚ ਤੀਜੇ ਦੇਸ਼ਾਂ ਦੀ ਮੌਜੂਦਗੀ ਕਾਰਨ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅੱਜ ਦਾ ਯੁੱਗ ਅਰਥਾਂ ਦਾ ਹੈ। ਖਾਸ ਕਰਕੇ ਜੇਕਰ ਜੰਗ ਵਰਗੇ ਹਾਲਾਤ ਹੋਣ ਤਾਂ ਅਰਥਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਕਿਸੇ ਦੇਸ਼ ਕੋਲ ਜਿੰਨਾ ਜ਼ਿਆਦਾ ਪੈਸਾ ਹੋਵੇਗਾ, ਉਹ ਜੰਗ ਵਿੱਚ ਓਨਾ ਹੀ ਜ਼ਿਆਦਾ ਸਮਾਂ ਬਚ ਸਕਦਾ ਹੈ। ਯੂਕਰੇਨ ਆਰਥਿਕ ਤੌਰ 'ਤੇ ਕਮਜ਼ੋਰ ਦੇਸ਼ ਹੈ। ਇੱਕ ਦਿਨ ਦੀ ਜੰਗ ਵਿੱਚ ਅਰਬਾਂ ਰੁਪਏ ਖਰਚ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਵਾ ਕੇ ਪੱਛਮੀ ਦੇਸ਼ਾਂ ਦੀ ਦਿਲਚਸਪੀ ਰੂਸ ਨੂੰ ਯੁੱਧ ਵਿੱਚ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਵਿੱਚ ਹੈ, ਨਾ ਕਿ ਜੰਗ ਨੂੰ ਰੋਕ ਕੇ ਵਿਵਾਦ ਨੂੰ ਸੁਲਝਾਉਣ ਵਿੱਚ।

ਸੰਯੁਕਤ ਰਾਸ਼ਟਰ ਦੀ ਸਥਾਪਨਾ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਕਾਇਮ ਰੱਖਣ, ਅੰਤਰਰਾਸ਼ਟਰੀ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੀਤੀ ਗਈ ਸੀ ਪਰ ਰੂਸ-ਯੂਕਰੇਨ ਯੁੱਧ, ਇਜ਼ਰਾਇਲ-ਫਲਸਤੀਨ ਯੁੱਧ ਅਤੇ ਇਰਾਨ-ਪਾਕਿਸਤਾਨ ਟਕਰਾਓ ਵਿੱਚ ਸੰਯੁਕਤ ਰਾਸ਼ਟਰ ਦੀ ਭੂਮਿਕਾ ਅਸਰਦਾਇਕ ਨਹੀਂ ਰਹੀ। ਸੰਯੁਕਤ ਰਾਸ਼ਟਰ ਵਿੱਚ ਕਰੀਬ 193 ਦੇਸ਼ ਸ਼ਾਮਲ ਹਨ। ਜੇਕਰ ਵਿਸ਼ਵ ਸ਼ਾਂਤੀ ਲਈ ਸਮੇਂ ਸਿਰ ਸਹੀ ਕਦਮ ਨਾ ਚੁੱਕੇ ਗਏ ਤਾਂ ਇਸ ਦੇ ਨਤੀਜੇ ਮਨੁੱਖੀ ਕਦਰਾਂ-ਕੀਮਤਾਂ ਲਈ ਵਿਸਫੋਟਕ ਅਤੇ ਘਾਤਕ ਹੋਣਗੇ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕੋਰੋਨਾ ਵਰਗੀ ਵਿਸ਼ਵ ਮਹਾਂਮਾਰੀ ਕਾਰਨ ਵਿਸ਼ਵ ਦੇ ਸਾਰੇ ਦੇਸ਼ ਲੰਬੀ ਜੰਗ ਲੜਨ ਦੇ ਯੋਗ ਨਹੀਂ ਰਹੇ ਪਰ ਫ਼ਿਰ ਵੀ ਵੱਖ ਵੱਖ ਮੁਲਕਾਂ ਵਿਚਾਲੇ ਹੋ ਰਹੀਆਂ ਜੰਗਾਂ ਵਿਸ਼ਵ ਸ਼ਾਂਤੀ ਲਈ ਵੱਡਾ ਖ਼ਤਰਾ ਬਣੀਆਂ ਹੋਈਆਂ ਹਨ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ, ਇਸ ਕਰਕੇ ਜੰਗ ਲੜ ਰਹੀਆਂ ਸਾਰੀਆਂ ਧਿਰਾਂ ਨੂੰ ਆਪਸੀ ਮਸਲੇ ਗੱਲਬਾਤ ਰਾਹੀਂ ਹੱਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ।ਇਹਨਾਂ ਜੰਗਾਂ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਨੂੰ ਆਪਣੀ ਭੂਮਿਕਾ ਅਸਰਦਾਇਕ ਤਰੀਕੇ ਨਾਲ ਨਿਭਾਉਣੀ ਚਾਹੀਦੀ ਹੈ ਤਾਂ ਕਿ ਜੰਗਾਂ ਦੀ ਆੜ ਹੋ ਰਿਹਾ ਮਨੁੱਖ਼ਤਾ ਦਾ ਘਾਣ ਰੋਕਿਆ ਜਾ ਸਕੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਯੁੱਧਿਆ ਵਿੱਚ ਰਾਮ ਲੱਲਾ ਬਿਰਾਜਮਾਨ

## ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਨਾਲ ਨਵੇਂ ਯੁੱਗ ਦਾ ਆਗਾਜ਼ : ਮੋਦੀ

### ਸੰਘ ਵੱਲੋਂ ਰਾਮ ਰਾਜ ਦਾ ਐਲਾਨ





ਅਯੁੱਧਿਆ/ਏ.ਟੀ.ਨਿਊਜ਼ : ਪਵਿੱਤਰ ਨਗਰੀ ਅਯੁੱਧਿਆ 'ਚ ਵਿਸ਼ਾਲ ਰਾਮ ਮੰਦਰ ਦੇ ਗਰਭ ਗ੍ਰਹਿ 'ਚ ਰਾਮ ਲੱਲਾ ਦੇ ਨਵੇਂ ਸਰੂਪ ਦੀ ਬੀਤੇ ਦਿਨੀਂ ਲੱਖਾਂ ਸ਼ਰਧਾਲੂਆਂ ਦੀ ਹਾਜ਼ਰੀ 'ਚ ਪ੍ਰਾਣ ਪ੍ਰਤਿਸ਼ਠਾ ਹੋਈ ਜਿਸ ਦੀ ਉਹ ਲੰਮੇ ਸਮੇਂ ਤੋਂ ਉਡੀਕ ਕਰ ਰਹੇ ਸਨ। ਇਸ ਪਲ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਗਵਾਹ ਬਣੇ। ਅਸਲ ਵਿੱਚ ਇਹ ਸਮਾਗਮ ਹਿੰਦੂ ਰਾਸ਼ਟਰਵਾਦ ਵੱਲ ਪਹਿਲਾ ਕਦਮ ਹੈ। ਇਸ ਨੂੰ ਹੁਣ ਰਾਮ ਰਾਜ ਨਾਲ ਸੰਬੋਧਨ ਕੀਤਾ ਜਾ ਰਿਹਾ ਤੇ ਪ੍ਰਧਾਨ ਮੰਤਰੀ ਮੋਦੀ ਨੂੰ ਜੇਤੂ ਨਾਇਕ ਵਜੋਂ ਉਭਾਰਿਆ ਜਾ ਰਿਹਾ ਹੈ। ਕੋਈ ਜੋ ਮਰਜ਼ੀ ਕਹੇ ਪਰ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਹਿੰਦੂਤਵ ਅਤੇ ਖਾਸ ਕਰਕੇ ਰਾਮ ਮੰਦਰ ਸਭ ਤੋਂ ਵੱਡਾ ਮੁੱਦਾ ਬਣਨ ਜਾ ਰਿਹਾ ਹੈ। ਕੁਝ ਸਮਾਂ ਪਹਿਲਾਂ ਤੱਕ ਰਾਮ ਮੰਦਰ ਦਾ ਮੁੱਦਾ ਸਿਆਸੀ ਤੌਰ 'ਤੇ ਬੰਦ ਮੰਨਿਆ ਜਾਂਦਾ ਸੀ ਪਰ ਭਾਜਪਾ ਨੇ ਉਸ ਪੁਰਾਣੇ ਮੁੱਦੇ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ।

ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਰਾਮ ਰਾਜ ਆ ਰਿਹਾ ਹੈ ਅਤੇ ਦੇਸ਼ 'ਚ ਸਾਰਿਆਂ ਨੂੰ ਮਤਭੇਦ ਭੁਲਾ ਕੇ ਇਕਜੁੱਟ ਰਹਿਣਾ ਚਾਹੀਦਾ ਹੈ। ਭਾਗਵਤ ਨੇ ਕਿਹਾ, "ਪ੍ਰਧਾਨ ਮੰਤਰੀ ਨੇ ਇਕੱਲਿਆਂ ਤਪ ਕੀਤਾ ਹੈ ਅਤੇ ਹੁਣ ਸਾਨੂੰ ਸਾਰਿਆਂ ਨੂੰ ਕਰਨਾ ਹੋਵੇਗਾ।"

ਪ੍ਰਾਣ ਪ੍ਰਤਿਸ਼ਠਾ ਸਮਾਗਮ ਦੌਰਾਨ ਫ਼ੌਜ ਦੇ ਹੈਲੀਕਾਪਟਰਾਂ ਨੇ ਨਵੇਂ ਬਣੇ ਰਾਮ ਜਨਮਭੂਮੀ ਮੰਦਰ 'ਤੇ ਫੁੱਲਾਂ ਦੀ ਵਰਖਾ ਕੀਤੀ। ਇਸ ਮੌਕੇ ਲੱਖਾਂ ਹੀ ਲੋਕਾਂ ਨੇ ਆਪਣੇ ਘਰਾਂ 'ਚ ਟੀਵੀ 'ਤੇ ਸਿੱਧਾ ਪ੍ਰਸਾਰਣ ਦੇਖਿਆ ਅਤੇ ਉਹ ਇਸ ਇਤਿਹਾਸਕ ਸਮਾਗਮ ਦਾ ਹਿੱਸਾ ਬਣੇ ਜੋ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਹੋਇਆ ਹੈ। ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਮਨਸੂਖ ਕਰਨ ਦੇ ਨਾਲ ਨਾਲ ਸਾਂਝਾ ਸਿਵਲ ਕੋਡ ਲਾਗੂ ਕਰਨ ਅਤੇ ਅਯੁੱਧਿਆ 'ਚ ਵਿਸ਼ਾਲ ਰਾਮ ਮੰਦਰ ਦੀ ਉਸਾਰੀ ਜਿਹੇ ਮੁੱਦੇ ਕਈ ਦਹਾਕਿਆਂ ਤੋਂ ਭਾਜਪਾ ਦੇ ਏਜੰਡੇ 'ਤੇ ਰਹੇ ਹਨ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਆਰ.ਐਸ.ਐਸ. ਮੁਖੀ ਮੋਹਨ ਭਾਗਵਤ, ਉੱਤਰ ਪ੍ਰਦੇਸ਼ ਦੀ ਰਾਜਪਾਲ ਆਨੰਦੀਬੇਨ ਪਟੇਲ, ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਸਮੇਤ 6 ਮਹਿਮਾਨ ਪੂਜਾ 'ਚ ਸ਼ਾਮਿਲ ਹੋਏ ਤੇ ਰੀਤੀ ਰਿਵਾਜ਼ਾਂ ਅਨੁਸਾਰ ਪ੍ਰਾਣ ਪ੍ਰਤਿਸ਼ਠਾ ਦਾ ਕਾਰਜ ਸੰਪੂਰਨ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਗਰਭ ਗ੍ਰਹਿ 'ਚ 84 ਸੈਕਿੰਡ ਦੇ ਮਹੂਰਤ ਦੌਰਾਨ ਹੋਈ ਪ੍ਰਾਣ ਪ੍ਰਤਿਸ਼ਠਾ ਨਾਲ ਮੰਦਰ 'ਚ ਕਈ ਧਾਰਮਿਕ ਰਸਮਾਂ ਕੀਤੀਆਂ। ਬਾਅਦ 'ਚ ਉਨ੍ਹਾਂ ਭਗਵਾਨ ਰਾਮ ਦੇ ਬਾਲ ਰੂਪ ਵਾਲੀ 51 ਇੰਚ ਦੀ ਮੂਰਤੀ ਅੱਗੇ ਦੰਡਵਤ ਪ੍ਰਣਾਮ ਕੀਤਾ। ਸ੍ਰੀ ਮੋਦੀ ਵੱਲੋਂ ਸਮਾਗਮ 'ਚ ਹਾਜ਼ਰ ਅੱਠ ਹਜ਼ਾਰ ਦੇ ਕਰੀਬ ਸਾਧੂ-ਸੰਤਾਂ, ਫਿਲਮੀ ਸਿਤਾਰਿਆਂ ਅਤੇ ਵਪਾਰ ਜਗਤ ਨਾਲ ਜੁੜੀਆਂ ਹਸਤੀਆਂ ਨੂੰ ਸੰਬੋਧਨ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ 'ਚ ਵਿਸ਼ਾਲ ਰਾਮ ਮੰਦਰ 'ਚ ਰਾਮ ਲੱਲਾ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਨੂੰ ਨਵੇਂ ਯੁੱਗ ਦੇ ਆਗਾਜ਼ ਦਾ ਪ੍ਰਤੀਕ ਕਰਾਰ ਦਿੱਤਾ ਹੈ। ਉਨ੍ਹਾਂ ਲੋਕਾਂ ਨੂੰ ਅਗਲੇ ਇੱਕ ਹਜ਼ਾਰ ਸਾਲਾਂ ਦੇ ਮਜ਼ਬੂਤ, ਵਿਸ਼ਾਲ ਅਤੇ ਪਵਿੱਤਰ ਭਾਰਤ ਦੀ ਨੀਂਹ ਬਣਾਉਣ ਦਾ ਸੱਦਾ ਦਿੱਤਾ।

ਸੰਤਾਂ, ਸਿਆਸੀ ਆਗੂਆਂ, ਸਨਅਤਕਾਰਾਂ, ਫਿਲਮੀ ਸਿਤਾਰਿਆਂ, ਸਾਹਿਤਕਾਰਾਂ ਅਤੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, ਕਿ ਮੈਂ ਨਿਆਂਪਾਲਿਕਾ ਦਾ ਧੰਨਵਾਦ ਕਰਨਾ ਚਾਹਾਂਗਾ, ਜਿਸ ਨੇ ਨਿਆਂ ਪ੍ਰਦਾਨ ਕੀਤਾ ਤੇ ਭਗਵਾਨ ਰਾਮ ਦਾ ਮੰਦਰ ਕਾਨੂੰਨੀ ਤਰੀਕੇ ਨਾਲ ਬਣਾਇਆ ਗਿਆ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ 22 ਜਨਵਰੀ, 2024 ਸਿਰਫ਼ ਇੱਕ ਤਰੀਕ ਨਹੀਂ ਹੈ, ਬਲਕਿ ਇੱਕ ਨਵੇਂ ਯੁੱਗ ਦੇ ਆਗਮਨ ਦੀ ਨਿਸ਼ਾਨੀ ਹੈ। ਇਹ ਸਭ ਕੁਝ ਰਾਮ ਦੇ ਆਸ਼ੀਰਵਾਦ ਨਾਲ ਸੰਭਵ ਹੋ ਸਕਿਆ ਹੈ। 'ਮੈਂ ਪ੍ਰਭੂ ਸ੍ਰੀ ਰਾਮ ਤੋਂ ਮੁਆਫ਼ੀ ਵੀ ਮੰਗਦਾ ਹਾਂ। (ਬਾਕੀ ਸਫ਼ਾ 30 'ਤੇ)

### ਅੰਦੋਲਨ ਚਲਾਉਣ ਵਾਲੇ ਅਡਵਾਨੀ ਸਮਾਗਮ ਵਿੱਚ ਨਹੀਂ ਪੁੱਜੇ

ਨਵੀਂ ਦਿੱਲੀ/ਏ.ਟੀ.ਨਿਊਜ਼ : ਅਯੁੱਧਿਆ 'ਚ ਰਾਮ ਮੰਦਰ ਲਈ ਦੇਸ਼ ਭਰ 'ਚ ਪ੍ਰਚਾਰ ਕਰਨ ਵਾਲੇ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਪ੍ਰਾਣ ਪ੍ਰਤਿਸ਼ਠਾ ਸਮਾਰੋਹ 'ਚ ਸ਼ਾਮਲ ਨਹੀਂ ਹੋਏ। ਦੱਸਿਆ ਜਾ ਰਿਹਾ ਹੈ ਕਿ ਇਹ ਫੈਸਲਾ 96 ਸਾਲਾ ਅਡਵਾਨੀ ਦੀ ਸਿਹਤ ਅਤੇ ਅੱਤ ਦੀ ਠੰਢ ਕਾਰਨ ਕੀਤਾ ਗਿਆ। ਇਸ ਮਹੀਨੇ ਦੇ ਸ਼ੁਰੂ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਆਲੋਕ ਕੁਮਾਰ ਦੇ ਨਾਲ ਆਰ ਐੱਸ ਐੱਸ ਦੇ ਨੇਤਾ ਕ੍ਰਿਸ਼ਨ ਗੋਪਾਲ ਤੇ ਰਾਮ ਲਾਲ ਨੇ ਅਡਵਾਨੀ ਦੇ ਘਰ ਜਾ ਕੇ ਉਨ੍ਹਾਂ ਨੂੰ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਲਈ ਸੱਦਾ ਦਿੱਤਾ ਸੀ।

### ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸ਼ਮੂਲੀਅਤ

ਅਯੁੱਧਿਆ 'ਚ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਰੋਹ 'ਚ ਸਿਆਸੀ, ਅਧਿਆਤਮ, ਉਦਯੋਗਿਕ, ਫ਼ਿਲਮ ਤੇ ਖੇਡ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ 'ਚ ਆਰ.ਐਸ.ਐਸ. ਮੁਖੀ ਮੋਹਨ ਭਾਗਵਤ, ਸ਼੍ਰੀ ਸ਼੍ਰੀ ਰਵੀਸ਼ੰਕਰ, ਮੋਰਾਰੀ ਬਾਪੂ, ਬਾਬਾ ਰਾਮਦੇਵ, ਮੁਕੇਸ਼ ਅੰਬਾਨੀ, ਨੀਤਾ ਅੰਬਾਨੀ, ਅਨਿਲ ਅੰਬਾਨੀ, ਅਦਾਕਾਰ ਰਜਨੀਕਾਂਤ, ਚਿਰੰਜੀਵੀ, ਅਮਿਤਾਭ ਬੱਚਨ, ਅਭਿਸ਼ੇਕ ਬੱਚਨ, ਜੈਕੀ ਸ਼ਰਾਫ, ਅਨੁਪਮ ਖੇਰ, ਰਣਬੀਰ ਕਪੂਰ, ਹੇਮਾ ਮਾਲਿਨੀ, ਕੰਗਨਾ ਰਣੌਤ, ਮਾਧੁਰੀ ਦੀਕਸ਼ਤ, ਆਲੀਆ ਭੱਟ, ਕੈਟਰੀਨਾ ਕੈਫ, 'ਰਾਮਾਇਣ' ਕਲਾਕਾਰ ਅਰੁਣ ਗੋਵਿਲ, ਸਚਿਨ ਤੇਂਦੁਲਕਰ, ਰਵੀਸ਼ੰਕਰ ਪ੍ਰਸਾਦ ਤੇ ਸੋਨੂੰ ਨਿਗਮ, ਅਨੁਰਾਧਾ ਪੌਡਵਾਲ ਆਦਿ ਸ਼ਾਮਿਲ ਹੋਏ।

## ਪੰਨੂ ਖ਼ਿਲਾਫ਼ ਸਾਜਿਸ਼ ਰੱਚਣ ਵਾਲਾ ਨਿਖਿਲ ਗੁਪਤਾ ਹੁਣ ਅਮਰੀਕਾ ਦੇ ਕਬਜ਼ੇ ਵਿੱਚ ਹੋਵੇਗਾ

### ਚੈੱਕ ਰਿਪਬਲਿਕ ਕੋਰਟ ਨੇ ਗੁਪਤਾ ਦੀ ਸਪੁਰਦਗੀ ਅਮਰੀਕਾ ਨੂੰ ਦੇਣ ਦੀ ਇਜਾਜ਼ਤ ਦਿੱਤੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਸਿੱਖ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਖ਼ਿਲਾਫ਼ ਕਤਲ ਦੀ ਸਾਜਿਸ਼ ਰਚਣ ਵਾਲਾ ਨਿਖਿਲ ਗੁਪਤਾ ਹੁਣ ਅਮਰੀਕਾ ਦੇ ਸਿੱਧੇ ਕਬਜ਼ੇ ਵਿੱਚ ਹੋਵੇਗਾ। ਚੈੱਕ ਰਿਪਬਲਿਕ ਕੋਰਟ ਨੇ ਉਸ ਦੀ ਸਪੁਰਦਗੀ ਅਮਰੀਕਾ ਨੂੰ ਦੇਣ ਦੀ ਇਜਾਜ਼ਤ ਦੇ ਦਿੱਤੀ ਹੈ। ਚੈੱਕ ਰਿਪਬਲਿਕ ਦੇ ਕਾਨੂੰਨ ਮੰਤਰਾਲਾ ਨੇ ਦੱਸਿਆ ਕਿ ਹੁਣ ਅੰਤਿਮ ਫੈਸਲਾ ਕਾਨੂੰਨ ਮੰਤਰੀ ਪਾਵੇਲ ਬਲੇਜੇਕ ਲੈਣਗੇ। ਪਰਾਗ ਹਾਈ ਕੋਰਟ 'ਚ ਨਿਖਿਲ ਗੁਪਤਾ ਦੀ ਵਕੀਲ ਪੈਟਰ ਸਲੇਪਿਕਾ ਨੇ ਕਿਹਾ ਕਿ ਉਹ ਹੁਣ ਵੀ ਸੰਵਿਧਾਨਕ ਅਦਾਲਤ 'ਚ ਅਪੀਲ ਦਾਇਰ ਕਰਨਗੇ ਅਤੇ ਨਿਆਂ ਮੰਤਰੀ ਕੋਲ ਗੁਪਤਾ ਨੂੰ ਅਮਰੀਕਾ ਹਵਾਲੇ ਨਾ ਕਰਨ ਦੀ ਅਪੀਲ ਕਰਨਗੇ। ਗੁਪਤਾ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਕੇਸ ਦਾ ਪਿਛੋਕੜ ਰਾਜਨੀਤਕ ਜਾਂ ਫੌਜ ਨਾਲ ਸਬੰਧਿਤ ਹੈ। ਅਮਰੀਕੀ ਜਾਂਚਕਰਤਾਵਾਂ ਦਾ ਦਾਅਵਾ ਹੈ ਕਿ ਗੁਪਤਾ ਨੂੰ ਇੱਕ ਭਾਰਤੀ ਸਰਕਾਰੀ ਏਜੰਟ ਵੱਲੋਂ ਕੰਮ 'ਤੇ ਰੱਖਿਆ ਗਿਆ ਸੀ। ਸਲੇਪਿਕਾ ਮੁਤਾਬਕ ਇਹ ਸੰਭਾਵਿਤ (ਬਾਕੀ ਸਫ਼ਾ 30 'ਤੇ)

## ਟਰੰਪ ਨੇ ਨਿਊ ਹੈਂਪਸ਼ਾਇਰ ਪ੍ਰਾਇਮਰੀ ਚੋਣ ਜਿੱਤੀ

### ਨਿੱਕੀ ਹੇਲੀ ਨੂੰ ਹਰਾਇਆ






ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨਿਊ ਹੈਂਪਸ਼ਾਇਰ ਦੇ ਪ੍ਰਾਇਮਰੀ (ਜੀਓਪੀ ਪ੍ਰਾਇਮਰੀ) ਵਿੱਚ ਵੱਡੀ ਜਿੱਤ ਮਿਲੀ ਹੈ। ਰਿਪਬਲਿਕਨ ਉਮੀਦਵਾਰ ਵਜੋਂ ਟਰੰਪ ਆਪਣੀ ਵਿਰੋਧੀ ਅਤੇ ਭਾਰਤੀ ਮੂਲ ਦੀ ਨੇਤਾ ਨਿੱਕੀ ਹੇਲੀ ਤੋਂ ਕਾਫੀ ਅੱਗੇ ਨਿਕਲ ਗਏ ਹਨ। ਇਸ ਨਤੀਜੇ ਨੂੰ ਰਿਪਬਲਿਕਨ ਵਿਰੋਧੀ ਨਿੱਕੀ ਹੇਲੀ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਡਿਸੀਜਨ ਡੈਸਕ ਹੈੱਡਕੁਆਰਟਰ ਦੇ ਹਵਾਲੇ ਤੋਂ ਆਈ 'ਦਿ ਹਿੱਲ' ਦੀ ਮੁਤਾਬਕ ਜਿਵੇਂ ਹੀ ਨਿਊ ਹੈਂਪਸ਼ਾਇਰ 'ਚ ਗਿਣਤੀ ਸ਼ੁਰੂ ਹੋਈ, ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁਰੂਆਤੀ ਰੁਝਾਨਾਂ 'ਚ ਵੱਡੀ ਲੀਡ ਲੈ ਲਈ ਸੀ।

ਅਮਰੀਕੀ ਮੀਡੀਆ ਨੇ ਚੋਣ ਨਤੀਜਿਆਂ ਬਾਰੇ ਦਿੱਤੀ ਰਿਪੋਰਟ ਐਸੋਸੀਏਟਿਡ ਪ੍ਰੈਸ ਦੁਆਰਾ ਕੀਤੀ ਗਈ ਗਿਣਤੀ ਅਨੁਸਾਰ ਟਰੰਪ ਨੂੰ ਉੱਤਰ-ਪੂਰਬੀ ਰਾਜ ਵਿੱਚ 54 ਪ੍ਰਤੀਸ਼ਤ ਵੋਟਾਂ ਮਿਲੀਆਂ ਹਨ, ਜਦੋਂ ਕਿ ਹੇਲੀ ਨੂੰ 45 ਪ੍ਰਤੀਸ਼ਤ ਵੋਟਾਂ ਮਿਲੀਆਂ ਹਨ। ਹਿੱਲ ਦੀ ਰਿਪੋਰਟ ਮੁਤਾਬਕ ਕੁੱਲ ਵੋਟਾਂ 'ਚੋਂ 26 ਫੀਸਦੀ ਵੋਟਾਂ ਦੀ ਗਿਣਤੀ ਕਰਨ ਤੋਂ ਬਾਅਦ 53.8 ਫੀਸਦੀ ਵੋਟਾਂ ਟਰੰਪ ਦੇ ਖਾਤੇ 'ਚ ਗਈਆਂ। ਫਲੋਰਿਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਐਤਵਾਰ ਨੂੰ ਆਇਓਵਾ ਕਾਕਸ ਵਿੱਚ ਟਰੰਪ ਤੋਂ 30 ਪ੍ਰਤੀਸ਼ਤ ਅੰਕਾਂ ਨਾਲ ਹਾਰਨ ਤੋਂ ਬਾਅਦ ਆਪਣੀ ਰਾਸ਼ਟਰਪਤੀ ਦੀ ਬੋਲੀ ਨੂੰ ਖ਼ਤਮ ਕਰ ਦਿੱਤਾ। ਜਿਸ ਕਾਰਨ ਰਿਪਬਲਿਕਨ ਹੇਲੀ ਹੀ ਟਰੰਪ ਲਈ ਚੁਣੌਤੀ ਬਣ ਗਈ। ਜਿੱਤ ਮਗਰੋਂ ਹੇਲੀ ਨੇ ਟਰੰਪ ਨੂੰ ਵਧਾਈ ਦਿੱਤੀ।

## ਬਾਈਡੇਨ ਦੀ ਪਕੜ ਵੀ ਹੋਈ ਮਜ਼ਬੂਤ, ਨਿਊ ਹੈਂਪਸ਼ਾਇਰ ਪ੍ਰਾਇਮਰੀ 'ਚ ਜਿੱਤ ਕੀਤੀ ਹਾਸਲ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਮੰਗਲਵਾਰ ਨੂੰ ਨਿਊ ਹੈਂਪਸ਼ਾਇਰ ਵਿੱਚ ਡੈਮੋਕਰੇਟਿਕ ਪ੍ਰਾਇਮਰੀ ਵਿੱਚ ਜਿੱਤ ਦਰਜ ਕੀਤੀ। ਬਾਈਡੇਨ ਨੇ ਖ਼ੁਦ ਨੂੰ ਪ੍ਰਾਇਮਰੀ ਤੋਂ ਵੱਖ ਕਰ ਲਿਆ ਸੀ ਪਰ ਬੈਲਟ ਪੇਪਰਾਂ 'ਤੇ ਉਨ੍ਹਾਂ ਦਾ ਨਾਂ ਲਿਖਿਆ ਹੋਇਆ ਸੀ। ਬਾਈਡੇਨ ਨੇ ਬੇਹੱਦ ਆਸਾਨ ਮੁਕਾਬਲੇ ਵਿੱਚ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਚੁਣੌਤੀ ਦੇਣ ਵਾਲੇ 2 ਉਮੀਦਵਾਰਾਂ ਮਿਨੀਸੋਟਾ ਦੇ ਡੀਨ ਫਿਲਿਪਸ ਅਤੇ ਲੇਖਕ ਮੈਰੀਅਨ ਵਿਲੀਅਮਸਨ ਨੂੰ ਹਰਾ ਦਿੱਤਾ।

ਇਸ ਜਿੱਤ ਨੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੀ ਦੌੜ ਵਿੱਚ ਬਾਈਡੇਨ ਦੀ ਪਕੜ ਹੋਰ ਮਜ਼ਬੂਤ ਕਰ ਦਿੱਤੀ ਹੈ।

ਬਾਈਡੇਨ ਨੇ 3 ਫਰਵਰੀ ਨੂੰ ਦੱਖਣੀ ਕੈਰੋਲੀਨਾ ਨੂੰ ਪਹਿਲੇ ਸਥਾਨ 'ਤੇ ਰੱਖਣ ਲਈ ਡੈਮੋਕਰੇਟਿਕ ਪਾਰਟੀ ਦੇ ਨਿਯਮਾਂ ਨੂੰ ਬਦਲਣ ਦਾ ਸਮਰਥਨ ਕੀਤਾ ਸੀ। ਉਨ੍ਹਾਂ ਦਲੀਲ ਦਿੱਤੀ ਕਿ ਡੈਮੋਕਰੇਟਿਕ ਪਾਰਟੀ ਲਈ ਗੈਰ-ਗੋਰਿਆਂ ਦਾ ਸਮਰਥਨ ਸਭ ਤੋਂ ਭਰੋਸੇਮੰਦ ਅਧਾਰ ਰਿਹਾ ਹੈ ਅਤੇ ਗੈਰ-ਗੋਰੇ ਅਤੇ ਹੋਰ ਨਸਲ ਦੇ ਵੋਟਰਾਂ ਨੂੰ ਪ੍ਰਾਇਮਰੀ ਵਿੱਚ ਪਹਿਲਾਂ ਨਾਲੋਂ ਵੱਡੀ ਭੂਮਿਕਾ ਨਿਭਾਉਣ ਦੀ ਜ਼ਰੂਰਤ ਹੈ। ਬਾਈਡੇਨ ਨੇ 2020 ਵਿੱਚ ਵੀ ਦੱਖਣੀ ਕੈਰੋਲੀਨਾ ਪ੍ਰਾਇਮਰੀ ਵਿੱਚ ਜਿੱਤ ਹਾਸਲ ਕੀਤੀ ਸੀ ਅਤੇ ਨਿਊ ਹੈਂਪਸ਼ਾਇਰ ਵਿੱਚ ਕਰਾਰੀ ਹਾਰ ਤੋਂ ਬਾਅਦ ਆਪਣੀ ਮੁਹਿੰਮ ਵਿੱਚ ਮੁੜ ਜਾਨ ਪਾਉਣ ਦੀ ਕੋਸ਼ਿਸ਼ ਕੀਤੀ ਸੀ, ਜਿੱਥੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਗੋਰੇ ਵੋਟਰਾਂ ਦੀ ਗਿਣਤੀ ਵੱਧ ਹੈ।

ਨਿਊ ਹੈਂਪਸ਼ਾਇਰ ਵਿੱਚ ਡੈਮੋਕਰੇਟਿਕ ਪਾਰਟੀ ਦੇ ਨੇਤਾਵਾਂ ਨੇ ਨਵੀਂ ਯੋਜਨਾ ਦਾ ਵਿਰੋਧ ਕੀਤਾ ਅਤੇ ਮੰਗਲਵਾਰ ਨੂੰ ਰਾਜ ਵਿੱਚ ਰਿਪਬਲਿਕਨ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ ਨਾਲ ਅੱਗੇ ਵਧੇ। ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਨੇ ਕਿਹਾ ਹੈ ਕਿ ਮੁਕਾਬਲੇ ਵਿੱਚ ਉਹਨਾਂ ਪ੍ਰਤੀਨਿਧੀਆਂ ਦੇ ਨਾਮ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਜੋ ਨਿਯਮਾਂ ਦੀ ਉਲੰਘਣਾ ਦੇ ਨਤੀਜੇ ਵਜੋਂ ਨਾਮਜ਼ਦ ਵਿਅਕਤੀ ਦੀ ਚੋਣ ਕਰਦੇ ਹਨ। ਨਤੀਜੇ ਵਜੋਂ, ਬਾਈਡੇਨ ਨੇ ਪ੍ਰਾਇਮਰੀ ਨੂੰ ਛੱਡ ਦਿੱਤਾ ਪਰ ਉਨ੍ਹਾਂ ਦੇ ਸਹਿਯੋਗੀਆਂ ਨੇ ਸੈਂਕੜੇ ਕਾਰਕੁਨਾਂ ਨੂੰ ਸੰਗਠਿਤ ਕੀਤਾ ਅਤੇ ਇੱਕ 'ਸੁਪਰ ਪੀਏਸੀ' ਤੋਂ ਮਦਦ ਲਈ ਅਤੇ ਪ੍ਰਚਾਰ ਕੀਤਾ ਕਿ ਨਿਊ ਹੈਂਪਸ਼ਾਇਰ ਦੇ ਡੈਮੋਕਰੇਟਸ ਅਜੇ ਵੀ ਉਨ੍ਹਾਂ ਦਾ ਨਾਮ ਲਿਖ ਸਕਦੇ ਹਨ। ਬਾਈਡੇਨ ਨੇ ਇੱਕ ਬਿਆਨ ਵਿੱਚ ਕਿਹਾ, ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਨਿਊ ਹੈਂਪਸ਼ਾਇਰ ਵਿੱਚ ਮੇਰਾ ਨਾਮ ਲਿਖਿਆ। ਇਹ ਸਾਡੀ ਲੋਕਤੰਤਰੀ ਪ੍ਰਕਿਰਿਆ ਪ੍ਰਤੀ ਵਚਨਬੱਧਤਾ ਦਾ ਇਤਿਹਾਸਕ ਪ੍ਰਦਰਸ਼ਨ ਹੈ।

# ਹੁਨਰਮੰਦ ਪ੍ਰਵਾਸੀਆਂ ਨੂੰ ਆਸਟ੍ਰੇਲੀਆ ਨੇ ਦਿੱਤਾ ਵੱਡਾ ਝਟਕਾ

## ਮਹੱਤਵਪੂਰਨ ਨਿਵੇਸ਼ਕ ਜਾਂ ਗੋਲਡਨ ਵੀਜ਼ਾ ਪ੍ਰੋਗਰਾਮ ਲਈ ਸਾਰੀਆਂ ਅਰਜ਼ੀਆਂ ਨੂੰ ਰੋਕਿਆ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਸਰਕਾਰ ਨੇ ਹੁਨਰਮੰਦ ਪ੍ਰਵਾਸੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਸਰਕਾਰ ਨੇ ਵਧੇਰੇ ਹੁਨਰਮੰਦ ਪ੍ਰਵਾਸੀਆਂ ਨੂੰ ਆਕਰਸ਼ਿਤ ਕਰਨ ਲਈ ਤਿਆਰ ਕੀਤੀ ਗਈ ਇੱਕ ਵਿਆਪਕ ਇਮੀਗ੍ਰੇਸ਼ਨ ਨੀਤੀ ਵਿੱਚ ਤਬਦੀਲੀ ਕੀਤੀ ਹੈ। ਇਸ ਤਬਦੀਲੀ ਦੇ ਹਿੱਸੇ ਵਜੋਂ ਦੇਸ਼ ਵਿੱਚ 5 ਮਿਲੀਅਨ ਆਸਟ੍ਰੇਲੀਅਨ ਡਾਲਰ (3.3 ਮਿਲੀਅਨ ਡਾਲਰ) ਤੋਂ ਵੱਧ ਦਾ ਨਿਵੇਸ਼ ਕਰਨ ਵਾਲੇ ਵਿਅਕਤੀਆਂ ਲਈ ਅਰਜ਼ੀਆਂ ਨੂੰ ਰੋਕ ਦਿੱਤਾ ਗਿਆ ਹੈ। ਮਤਲਬ ਮਹੱਤਵਪੂਰਨ ਨਿਵੇਸ਼ਕ ਜਾਂ ਗੋਲਡਨ ਵੀਜ਼ਾ ਪ੍ਰੋਗਰਾਮ ਲਈ ਸਾਰੀਆਂ ਅਰਜ਼ੀਆਂ ਨੂੰ ਰੋਕ ਦਿੱਤਾ ਗਿਆ ਹੈ।



ਗ੍ਰਹਿ ਮਾਮਲਿਆਂ ਦੇ ਮੰਤਰੀ ਕਲੇਰ ਓ ਨੀਲ ਨੇ ਦੱਸਿਆ ਕਿ ਵੀਜ਼ਾ ਆਸਟ੍ਰੇਲੀਆ ਦੀ ਮਾਈਗ੍ਰੇਸ਼ਨ ਪ੍ਰਣਾਲੀ ਦੇ ਬਹੁਤ ਸਾਰੇ ਪਹਿਲੂਆਂ ਵਿੱਚੋਂ ਇੱਕ ਹੈ, ਜਿਸ ਨੂੰ ਸਰਕਾਰ ਬਦਲਣ ਦੀ ਯੋਜਨਾ ਬਣਾ ਰਹੀ ਹੈ। ਆਸਟ੍ਰੇਲੀਆ ਦੇ ਸਮਾਨ ਨਿਵੇਸ਼ਕ ਵੀਜ਼ਿਆਂ ਨੂੰ ਦੁਨੀਆ ਭਰ ਵਿੱਚ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਦੋਸ਼ ਹੈ ਕਿ ਅਮੀਰ ਵਿਅਕਤੀਆਂ ਦੁਆਰਾ ਉਨ੍ਹਾਂ ਦੀ ਦੁਰਵਰਤੋਂ ਕੀਤੀ ਗਈ ਹੈ ਅਤੇ ਉਹ ਖੁਦ ਦੇਸ਼ਾਂ ਨੂੰ ਲਾਭ ਪਹੁੰਚਾਉਣ ਵਿੱਚ ਅਸਫਲ ਰਿਹਾ ਹੈ।

ਇੱਕ ਮੁੱਖ ਮੁੱਦਾ ਇਹ ਹੈ ਕਿ ਇਸ ਵਿੱਚ ਸ਼ਾਮਲ ਫੰਡ ਅਕਸਰ ਆਰਥਿਕਤਾ ਦੇ ਉਤਪਾਦਕ ਖੇਤਰਾਂ ਦੀ ਬਜਾਏ ਰੀਅਲ ਅਸਟੇਟ ਜਾਂ ਵਿੱਤੀ ਸੰਪਤੀਆਂ ਵਿੱਚ ਜਾਂਦੇ ਹਨ। ਓ ਨੀਲ ਨੇ ਇੱਕ ਬਿਆਨ ਵਿੱਚ ਕਿਹਾ, 'ਇਹ ਕਈ ਸਾਲਾਂ ਤੋਂ ਸਪੱਸ਼ਟ ਹੈ ਕਿ ਇਹ ਵੀਜ਼ਾ ਸਾਡੇ ਦੇਸ਼ ਅਤੇ ਆਰਥਿਕਤਾ ਨੂੰ ਪ੍ਰਵਾਸ ਪ੍ਰਣਾਲੀ ਤੋਂ ਲੋੜੀਂਦੀਆਂ ਚੀਜ਼ਾਂ ਪ੍ਰਦਾਨ ਨਹੀਂ ਕਰ ਰਿਹਾ ਹੈ।' ਆਸਟ੍ਰੇਲੀਆ ਦੇ ਗ੍ਰੈਟਨ ਇੰਸਟੀਚਿਊਟ ਥਿੰਕ ਟੈਂਕ ਦੁਆਰਾ ਵੀ ਮਹੱਤਵਪੂਰਨ ਨਿਵੇਸ਼ਕ ਵੀਜ਼ਾ ਦੀ ਆਲੋਚਨਾ ਕੀਤੀ ਗਈ ਸੀ। ਸਤੰਬਰ 2022 ਵਿੱਚ ਇੱਕ ਰਿਪੋਰਟ ਵਿੱਚ ਪਾਇਆ ਗਿਆ ਕਿ ਇਸਨੇ ਆਸਟ੍ਰੇਲੀਆਈ ਸਰਕਾਰ ਲਈ ਬਹੁਤ ਘੱਟ ਟੈਕਸ ਆਮਦਨ ਪ੍ਰਦਾਨ ਕੀਤੀ, ਜਦੋਂ ਕਿ ਆਰਥਿਕਤਾ ਨੂੰ ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਵਿੱਚ ਵੱਡੀ ਮਾਤਰਾ ਵਿੱਚ ਖਰਚ ਕਰਨਾ ਪੈਂਦਾ ਹੈ।

# ਦੁਨੀਆਂ ਦੀਆਂ 5 ਸਭ ਤੋਂ ਵੱਧ ਕਮਾਉਣ ਵਾਲੀਆਂ ਮਹਿਲਾ ਸੀ.ਈ.ਓ. 'ਚ ਲੀਜ਼ਾ ਪਹਿਲੇ ਨੰਬਰ 'ਤੇ

ਮੁੰਬਈ/ਏ.ਟੀ.ਨਿਊਜ਼ : ਦੁਨੀਆਂ ਦੀਆਂ 350 ਸਭ ਤੋਂ ਵੱਡੀ ਕੰਪਨੀਆਂ ਵਿੱਚ 20 ਦੀਆਂ ਸੀ.ਈ.ਓ. ਮਹਿਲਾਵਾਂ ਹਨ। ਇਹਨਾਂ ਵਿਚੋਂ ਸਭ ਤੋਂ ਜਿਆਦਾ ਸੈਲਰੀ ਲੈਣ ਵਾਲੀ ਸੀ.ਈ.ਓ.ਲੀਜਾ ਟੀ ਸੂ ਹੈ। ਇਸਨੇ ਪਿਛਲੇ ਸਾਲ ਕੰਪਨੀ ਤੋਂ ਸੈਲਰੀ ਦੇ ਤੌਰ 'ਤੇ 251 ਕਰੋੜ ਰੁਪਏ ਲਏ। ਉਹ ਸੇਮੀਕੰਡਕਟਰ ਫਰਮ ਐਡਵਾਂਸਡ ਮਾਈਕ੍ਰੋ ਡਿਵਾਇਸਜ਼ ਦੀ ਸੀ.ਈ.ਓ. ਹੈ। ਦੂਜੇ ਨੰਬਰ ਤੇ ਮੈਰੀ ਬਰਰਾ ਹੈ। ਇਹ ਆਟੋਮੋਬਾਇਲ ਨਿਰਮਾਤਾ ਜਨਰਲ ਮੋਟਰਸ ਕੰਪਨੀ ਦੀ ਸੀ.ਈ.ਓ. ਹੈ। ਬਰਰਾ ਦੁਨੀਆਂ ਦੇ ਕਿਸੇ ਵੀ ਮੁੱਖ ਆਟੋਮੋਬਾਈਲ ਨਿਰਮਾਤਾ ਦੀ ਪਹਿਲੀ ਮਹਿਲਾ ਸੀ.ਈ.ਓ. ਹੈ। ਉਹਨਾਂ ਨੂੰ ਪਿਛਲੇ ਸਾਲ 240 ਕਰੋੜ ਰੁਪਏ ਤਨਖ਼ਾਹ ਮਿਲੀ। ਤੀਜੇ ਨੰਬਰ ਤੇ ਆਉਣ ਵਾਲੀ ਅਮਰਿਕੀ ਸਟਾਂਕ



ਐਕਸਚੇਂਜ ਨੈਟਸਡੇਕ ਦੀ ਸੀ.ਈ.ਓ. ਏਡੀਨਾ ਫਰੀਡਮੈਨ ਹੈ। ਉਹਨਾਂ ਨੂੰ 2023 ਵਿੱਚ ਸਾਲਾਨ ਤਨਖ਼ਾਹ ਦੇ ਰੂਪ ਵਿੱਚ 233 ਕਰੋੜ ਰੁਪਏ ਮਿਲੇ। ਇਸ ਸੂਚੀ ਵਿੱਚ ਚੌਥੇ ਨੰਬਰ 'ਤੇ ਫੇਬੇ ਨੋਵਾ ਕੋਵਿਚ ਹੈ, ਉਹਨਾਂ ਨੂੰ ਪਿਛਲੇ ਸਾਲ 178 ਕਰੋੜ ਰੁਪਏ ਵੇਤਨ ਮਿਲਿਆ ਹੈ। ਪੰਜਵੇਂ ਨੰਬਰ ਤੇ ਲਿਨ ਗੁਡ ਹੈ। ਉਹ ਇਲੈਕਟ੍ਰਿਕ ਪਾਵਰ ਅਤੇ ਕੁਦਰਤੀ ਗੈਸ ਦੀ ਕੰਪਨੀ ਡਿਊਕ ਐਨਰਜੀ ਕਾਰਪੋਰੇਸ਼ਨ ਦੀ ਸੀ.ਟੀ.ਓ. ਹੈ। ਉਹਨਾਂ ਦੀ ਤਨਖ਼ਾਹ 167 ਕਰੋੜ ਰੁਪਏ ਸਾਲਾਨਾ ਹੈ।

# ਯੂ.ਕੇ. 'ਚ 3000 ਨੌਕਰੀਆਂ 'ਤੇ ਮੰਡਰਾਇਆ ਸੰਕਟ

ਲੰਡਨ/ਏ.ਟੀ.ਨਿਊਜ਼ : ਯੂ.ਕੇ. ਦੇ ਵੇਲਜ਼ ਵਿੱਚ ਸਥਿਤ ਪੋਰਟ ਟਾਲਬੂੱਟ ਸਟੀਲ ਪਲਾਂਟ ਨੂੰ ਬੰਦ ਕਰਨ ਦੇ ਟਾਟਾ ਸਮੂਹ ਦੇ ਐਲਾਨ ਤੋਂ ਬਾਅਦ ਸਟੀਲ ਉਦਯੋਗ ਵਿੱਚ ਭੜਥੂ ਪੈ ਗਿਆ ਹੈ। ਟਾਟਾ ਦੇ ਇਸ



ਐਲਾਨ ਕਾਰਨ ਜਿਥੇ ਇਸ ਸਟੀਲ ਪਲਾਂਟ ਵਿੱਚ ਕੰਮ ਕਰਦੇ 3000 ਕਾਮਿਆਂ ਦੀ ਨੌਕਰੀਆਂ ਉਤੇ ਖ਼ਤਰੇ ਦੇ ਬੱਦਲ ਮੰਡਰਾ ਰਹੇ ਹਨ, ਉਥੇ ਹੀ ਦੂਜੇ ਪਾਸੇ ਯੂ.ਕੇ. ਦੇ ਸਾਹਮਣੇ ਸਟੀਲ ਦੇ ਵੱਡੇ ਸੰਕਟ ਦਾ ਵੀ ਖ਼ਤਰਾ ਹੈ। ਦਰਅਸਲ ਪੋਰਟ ਟਾਲਬੂੱਟ ਵਿੱਚ ਸਥਿਤ ਟਾਟਾ ਦਾ ਇਹ ਪਲਾਂਟ ਇੱਕ ਬਲਾਸਟ ਫਰਨੇਸ ਪਲਾਂਟ ਹੈ, ਜਿਸ ਵਿੱਚ ਕੋਲੇ ਦੀ ਮਦਦ ਨਾਲ ਕੱਚੇ ਮਾਲ ਨੂੰ ਪਿਘਲਾ ਕੇ ਸਟੀਲ ਤਿਆਰ ਕੀਤਾ ਜਾਂਦਾ ਹੈ ਅਤੇ ਜੇਕਰ ਟਾਟਾ ਇਸ ਪਲਾਂਟ ਨੂੰ ਬੰਦ ਕਰ ਦਿੰਦਾ ਹੈ ਤਾਂ ਜੀ-20 ਦੇਸ਼ਾਂ 'ਚੋਂ ਸਿਰਫ਼ ਯੂ.ਕੇ. ਅਜਿਹਾ ਦੇਸ਼ ਹੋਵੇਗਾ ਜਿੱਥੇ ਕੱਚੇ ਮਾਲ ਤੋਂ ਸਟੀਲ ਦਾ ਨਿਰਮਾਣ ਨਹੀਂ ਹੋ ਸਕੇਗਾ। ਟਾਟਾ ਯੂ.ਕੇ. ਵਿੱਚ ਸਟੀਲ ਨਿਰਮਾਣ ਲਈ ਵਾਤਾਵਰਣ ਲਈ ਸੁਰੱਖਿਅਤ ਬਦਲਾਂ 'ਤੇ ਵਿਚਾਰ ਕਰ ਰਿਹਾ ਹੈ। ਇਸ ਪ੍ਰਕਿਰਿਆ ਵਿੱਚ ਬੜੇ ਘੱਟ ਕਾਮਿਆਂ ਦੀ ਲੋੜ ਹੁੰਦੀ ਹੈ। ਇਸ ਮਾਮਲੇ 'ਚ ਟਾਟਾ ਦੇ ਅਧਿਕਾਰੀਆਂ ਅਤੇ ਟਰੇਡ ਯੂਨੀਅਨ ਦੇ ਕਰਮਚਾਰੀਆਂ ਵਿਚਾਲੇ ਲੰਡਨ 'ਚ ਮੀਟਿੰਗ ਵੀ ਹੋ ਚੁੱਕੀ ਹੈ, ਹਾਲਾਂਕਿ ਟਾਟਾ ਨੇ ਅਜੇ ਤੱਕ ਇਸ ਪਲਾਂਟ ਨੂੰ ਬੰਦ ਕਰਨ ਦਾ ਅਧਿਕਾਰਤ ਐਲਾਨ ਨਹੀਂ ਕੀਤਾ ਹੈ (**ਬਾਕੀ ਸਫ਼ਾ 31 'ਤੇ**)

# ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਵੱਲੋਂ 100 ਦਿਨੀਂ ਯੋਜਨਾਵਾਂ ਦਾ ਐਲਾਨ

ਵੈਲਿੰਗਟਨ/ਏ.ਟੀ.ਨਿਊਜ਼ : ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਸੰਸਦ ਵਿੱਚ ਆਪਣਾ ਪਹਿਲਾ ਅਧਿਕਾਰਤ ਭਾਸ਼ਣ ਦਿੱਤਾ। 2024 ਦੇ ਆਪਣੇ ਪਹਿਲੇ ਅਧਿਕਾਰਤ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਆਪਣੀ ਪਾਰਟੀ ਨੂੰ ਸੰਸਦ ਵਿੱਚ ਸਖ਼ਤ ਮਿਹਨਤ ਕਰਨ ਲਈ ਕਿਹਾ ਅਤੇ ਸੰਸਦ ਮੈਂਬਰਾਂ ਨੂੰ ਫੋਕਸ ਬਣਾਈ ਰੱਖਣ ਦੀ ਬੇਨਤੀ ਕੀਤੀ।

ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਅਨੁਸਾਰ ਸੱਤਾਧਾਰੀ ਨੈਸ਼ਨਲ ਪਾਰਟੀ ਨੇ ਕਾਕਸ ਦੇ ਕੰਮ 'ਤੇ ਵਾਪਸ ਪਰਤਣ ਦਾ ਸਵਾਗਤ ਕਰਦੇ ਹੋਏ ਪਾਰਟੀ ਦੇ ਕਾਕਸ ਰੀਟਰੀਟ ਵਿੱਚ ਮਨੋਬਲ ਨੂੰ ਵਧਾਇਆ। ਲਕਸਨ ਨੇ ਨੈਸ਼ਨਲ ਪਾਰਟੀ ਕਾਕਸ ਨੂੰ ਦੱਸਿਆ ਕਿ ਸਰਕਾਰ 100 ਦਿਨ ਦੀ ਯੋਜਨਾ ਨੂੰ ਪੂਰਾ ਕਰੇਗੀ ਅਤੇ ਪਿਛਲੀ ਸਰਕਾਰ ਦੀ ਗੜਬੜ ਨੂੰ ਠੀਕ ਕਰੇਗੀ। 100-ਦਿਨ ਦੀ ਯੋਜਨਾ ਵਿੱਚ ਨਿਊਜ਼ੀਲੈਂਡ ਦੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ 49 ਕਦਮ ਸ਼ਾਮਲ ਹਨ, ਜਿਸ ਵਿੱਚ ਅਰਥਵਿਵਸਥਾ ਦੇ ਪੁਨਰ ਨਿਰਮਾਣ 'ਤੇ ਧਿਆਨ ਕੇਂਦਰਿਤ ਕਰਨਾ, ਰਹਿਣ-ਸਹਿਣ ਦੀ ਲਾਗਤ ਨੂੰ ਸੌਖਾ ਬਣਾਉਣਾ, ਕਾਨੂੰਨ ਅਤੇ ਵਿਵਸਥਾ ਨੂੰ ਬਹਾਲ



ਕਰਨਾ ਅਤੇ ਬਿਹਤਰ ਜਨਤਕ ਸੇਵਾਵਾਂ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਸ਼ਾਮਲ ਹੈ।

ਕੀਤੇ ਜਾਣ ਵਾਲੇ ਕੰਮਾਂ ਵਿੱਚ ਆਕਲੈਂਡ ਖੇਤਰੀ ਈਂਧਨ ਟੈਕਸ ਨੂੰ ਹਟਾਉਣ ਲਈ ਕਾਨੂੰਨ ਪੇਸ਼ ਕਰਨਾ, ਕਲੀਨ ਕਾਰ ਡਿਸਕਾਊਂਟ ਸਕੀਮ ਨੂੰ ਰੱਦ ਕਰਨਾ, ਨਿਊਜ਼ੀਲੈਂਡ ਦੇ ਰਿਜ਼ਰਵ ਬੈਂਕ, ਦੇਸ਼ ਦੇ ਕੇਂਦਰੀ ਬੈਂਕ, ਕੀਮਤ ਸਥਿਰਤਾ ਦੇ ਇੱਕ ਆਦੇਸ਼ 'ਤੇ ਮੁੜ ਫੋਕਸ ਕਰਨ ਲਈ ਕਾਨੂੰਨ ਪੇਸ਼ ਕਰਨਾ ਅਤੇ ਕੰਮ ਸ਼ੁਰੂ ਕਰਨਾ ਸ਼ਾਮਲ ਹੈ।

ਰੈਗੂਲੇਸ਼ਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਇੱਕ ਨਵੀਂ ਰੈਗੂਲੇਸ਼ਨ ਏਜੰਸੀ ਦੀ ਸਥਾਪਨਾ ਕੀਤੀ ਜਾਵੇਗੀ। ਇਨ੍ਹਾਂ ਵਿੱਚ ਸਿਹਤ ਪ੍ਰਣਾਲੀ ਲਈ ਤੈਅ ਕੀਤੇ ਪੰਜ ਮੁੱਖ ਟੀਚੇ ਵੀ ਸ਼ਾਮਲ ਹਨ, ਜਿਸ ਵਿੱਚ ਉਡੀਕ ਸਮਾਂ ਅਤੇ ਕੈਂਸਰ ਦੇ ਇਲਾਜ ਸ਼ਾਮਲ ਹਨ।

ਪ੍ਰਧਾਨ ਮੰਤਰੀ ਨੇ ਕਿਹਾ,'ਅਸੀਂ ਨਿਊਜ਼ੀਲੈਂਡ ਅਤੇ ਨਿਊਜ਼ੀਲੈਂਡ ਵਾਸੀਆਂ ਲਈ ਮਹੱਤਵਪੂਰਨ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰਨਾ ਜਾਰੀ ਰੱਖਾਂਗੇ।' ਉਨ੍ਹਾਂ ਕਿਹਾ ਕਿ ਪਾਰਟੀ ਸਰਕਾਰੀ ਖਰਚਿਆਂ, ਮਹਿੰਗਾਈ, ਦੇਸ਼ ਦੇ ਕਰਜ਼ੇ, ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਹਸਪਤਾਲ ਦੀ ਉਡੀਕ ਸੂਚੀ ਸਮੇਤ ਹੋਰਾਂ 'ਤੇ 'ਟਰਨਅਰਾਊਂਡ ਜੌਬ' 'ਤੇ ਧਿਆਨ ਕੇਂਦਰਿਤ ਕਰੇਗੀ। ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨਿਕੋਲਾ ਵਿਲਿਸ ਅਨੁਸਾਰ ਨੈਸ਼ਨਲ ਦੇ ਹੁਣ 49 ਸੰਸਦ ਮੈਂਬਰ ਹਨ, ਜੋ ਇੱਕ ਸਾਲ ਪਹਿਲਾਂ 34 ਦੇ ਮੁਕਾਬਲੇ ਵੱਧ ਹੈ ਜਦੋਂ ਨੈਸ਼ਨਲ ਵਿਰੋਧੀ ਸੀ। ਇੱਥੇ ਦੱਸ ਦਈਏ ਕਿ 14 ਅਕਤੂਬਰ, 2023 ਨੂੰ ਨੈਸ਼ਨਲ ਪਾਰਟੀ ਦੀ ਆਮ ਚੋਣ ਜਿੱਤਣ ਤੋਂ ਬਾਅਦ ਲਕਸਨ ਨੇ 27 ਨਵੰਬਰ, 2023 ਨੂੰ ਨਿਊਜ਼ੀਲੈਂਡ ਦੇ 42ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਸੀ।

# ਹਮਾਸ ਵਿਰੁੱਧ ਹੋਵੇਗੀ ਸੰਪੂਰਨ ਜਿੱਤ : ਨੇਤਨਯਾਹੂ

ਯੇਰੂਸ਼ਲਮ/ਏ.ਟੀ.ਨਿਊਜ਼ :- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਇਜ਼ਰਾਈਲ ਹਮਾਸ ਖ਼ਿਲਾਫ਼ 'ਪੂਰੀ ਜਿੱਤ' ਹਾਸਲ ਕਰੇਗਾ। ਮੀਡੀਆ ਰਿਪੋਰਟਾਂ ਵਿੱਚ ਇਹ ਜਾਣਕਾਰੀ ਦਿੱਤੀ ਗਈ। ਨੇਤਨਯਾਹੂ ਨੇ ਕਿਹਾ,'ਇਜ਼ਰਾਈਲ ਪੂਰੀ ਤਰ੍ਹਾਂ ਨਾਲ ਜਿੱਤ ਪ੍ਰਾਪਤ ਕਰੇਗਾ, ਜਿਸ ਤੋਂ ਬਾਅਦ ਗਾਜ਼ਾ ਵਿੱਚ ਕੋਈ ਅਜਿਹੀ ਸੰਸਥਾ ਨਹੀਂ ਹੋਵੇਗੀ ਜੋ ਅੱਤਵਾਦ ਨੂੰ ਵਿੱਤ ਪ੍ਰਦਾਨ ਕਰਦੀ ਹੈ, ਅੱਤਵਾਦ ਲਈ ਸਿੱਖਿਆ ਦਿੰਦੀ ਹੈ, ਜਾਂ ਦਹਿਸ਼ਤ ਫੈਲਾਉਂਦੀ ਹੈ।

ਉਨ੍ਹਾਂ ਕਿਹਾ ਕਿ ਇਜ਼ਰਾਈਲ 110 ਬੰਧਕਾਂ ਨੂੰ ਲਿਆਇਆ ਹੈ ਅਤੇ ਬਾਕੀ ਬਚੇ ਨਾਗਰਿਕਾਂ ਨੂੰ ਵੀ ਵਾਪਸ ਲਿਆਉਣ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ, ਮੈਂ ਇਸ 'ਤੇ 24 ਘੰਟੇ ਕੰਮ ਕਰ ਰਿਹਾ ਹਾਂ। ਪਰ ਇਹ ਸਪੱਸ਼ਟ ਕਰ ਦੇਵਾਂ ਕਿ ਮੈਂ ਹਮਾਸ ਦੇ ਰਾਖਸ਼ਾਂ ਦੇ ਸਮਰਪਣ ਦੀਆਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹਾਂ। ਨੇਤਨਯਾਹੂ ਮੁਤਾਬਕ, ਮੈਂ ਜਾਰਡਨ [ਨਦੀ] ਦੇ ਪੱਛਮ ਵਾਲੇ ਸਾਰੇ ਖੇਤਰ 'ਤੇ ਪੂਰੇ ਇਜ਼ਰਾਈਲੀ ਸੁਰੱਖਿਆ



ਨਿਯੰਤਰਣ ਨਾਲ ਸਮਝੌਤਾ ਨਹੀਂ ਕਰਾਂਗਾ। ਜਦੋਂ ਤੱਕ ਮੈਂ ਪ੍ਰਧਾਨ ਮੰਤਰੀ ਹਾਂ, ਮੈਂ ਇਸ ਨਾਲ ਮਜ਼ਬੂਤੀ ਨਾਲ ਖੜ੍ਹਾ ਰਹਾਂਗਾ। ਇਸ ਤੋਂ ਪਹਿਲਾਂ ਹਮਾਸ ਨੇ ਸੰਘਰਸ਼ ਨੂੰ ਖ਼ਤਮ ਕਰਨ, ਗਾਜ਼ਾ ਤੋਂ ਇਜ਼ਰਾਈਲੀ ਫੌਜਾਂ ਦੀ ਵਾਪਸੀ, ਫਲਸਤੀਨੀ ਕੈਦੀਆਂ ਦੀ ਰਿਹਾਈ ਅਤੇ ਹਮਾਸ ਦੇ ਸੱਤਾ 'ਚ ਬਣੇ ਰਹਿਣ ਦੀ ਗਾਰੰਟੀ ਦੇਣ ਦੀ ਮੰਗ ਕੀਤੀ ਸੀ।

# ਅਮਰੀਕਾ ਵਿੱਚ ਕਾਰ 'ਤੇ ਬਿਜਲੀ ਦੀ ਤਾਰ ਡਿੱਗਣ ਕਾਰਨ 3 ਵਿਅਕਤੀਆਂ ਦੀ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਪੋਰਟਲੈਂਡ (ਓਰਗੋਨ) ਵਿਖੇ ਇੱਕ ਕਾਰ ਉੱਪਰ ਬਿਜਲੀ ਦੀ ਤਾਰ ਡਿੱਗ ਜਾਣ ਕਾਰਨ ਉਸ ਵਿੱਚ ਸਵਾਰ 3 ਜਣਿਆਂ ਦੀ ਮੌਤ ਹੋ ਜਾਣ ਦੀ ਖ਼ਬਰ ਹੈ। ਪੋਰਟਲੈਂਡ ਫਾਇਰ ਐਂਡ ਰੈਸਕਿਊ ਵਿਭਾਗ ਦੇ ਬੁਲਾਰੇ ਰਿਕ ਗਰੇਵਜ ਨੇ ਕਿਹਾ ਹੈ ਕਿ ਤਾਰ ਡਿੱਗਣ ਉਪਰੰਤ 3 ਵਿਅਕਤੀਆਂ ਨੇ ਕਾਰ ਵਿਚੋਂ ਬਰਫ ਉੱਪਰ ਛਾਲਾਂ ਮਾਰ ਦਿੱਤੀਆਂ ਪਰੰਤੂ ਉਹ ਬਿਜਲੀ ਦੀ ਤਾਰ ਦੇ ਸੰਪਰਕ ਵਿੱਚ ਆ ਗਏ ਤੇ ਮਾਰੇ ਗਏ। ਪੀੜਤ ਪਰਿਵਾਰ ਦੇ ਮੁਖੀ ਰੋਨਾਲਡ ਬਿਗਸ ਨੇ ਦਸਿਆ ਕਿ ਇਸ ਘਟਨਾ ਵਿੱਚ ਉਸ ਦੇ 15 ਸਾਲਾ ਪੁੱਤਰ , 21 ਸਾਲਾ ਧੀ, ਜੋ 6 ਮਹੀਨੇ ਤੋਂ ਗਰਭਵਤੀ ਸੀ, ਤੇ ਧੀ ਦੇ ਦੋਸਤ ਨੈਸ਼ ਦੀਆਂ ਜਾਨਾਂ ਚਲੀਆਂ ਗਈਆਂ ਜਦ ਕਿ ਉਸ ਦੇ 9 ਮਹੀਨਿਆਂ ਦੇ ਪੋਤੇ ਨੂੰ ਨੇੜੇ ਘਟਨਾ ਨੂੰ ਵੇਖ ਰਹੀ ਇੱਕ ਔਰਤ ਨੇ ਹਿੰਮਤ ਕਰਕੇ ਬਚਾ ਲਿਆ। ਬਿਗਸ ਨੇ ਕਿਹਾ ਕਿ ਮੇਰੇ 6 ਬੱਚੇ ਹਨ ਜਿਨਾਂ ਵਿਚੋਂ 2 ਇਕੋ ਦਿਨ ਹੀ ਉਸ ਤੋਂ ਸਦਾ ਲਈ ਵਿਛੜ ਗਏ ਹਨ।

# ਅਮਰੀਕੀ ਵਿਅਕਤੀ ਨੇ ਆਇਰਸ਼ ਵਿਸਕੀ ਦੀ ਇੱਕ ਬੋਤਲ 28 ਲੱਖ ਡਾਲਰ 'ਚ ਖ਼ਰੀਦੀ

ਸੈਕਰਾਮੈਂਟੋ,ਕੈਲੀਫੋਰਨੀਆ /ਹੁਸਨ ਲੜੋਆ ਬੰਗਾ : ਵਿਸਕੀ ਨੂੰ ਪਿਆਰ ਕਰਨ ਵਾਲੇ ਲੋਕ 50 ਜਾਂ 100 ਡਾਲਰ ਵਿੱਚ ਇੱਕ ਬੋਤਲ ਅਰਾਮ ਨਾਲ ਖਰੀਦ ਸਕਦੇ ਹਨ ਪਰੰਤੂ ਮਾਈਕ ਡਾਲੇ ਨਾਮੀ ਇਕ ਅਮਰੀਕੀ ਵਿਅਕਤੀ ਦੀ ਦਿਵਾਨਗੀ ਨੂੰ ਵੇਖ ਕੇ



ਹਰ ਕੋਈ ਹੈਰਾਨ ਹੈ ਜਿਸ ਨੇ ਆਇਰਸ਼ ਕੰਪਨੀ ਦੀ ਸੁਪਰ ਪ੍ਰੀਮੀਅਮ ਸਪਿਰਟ ਦੀ ਇੱਕ ਬੋਤਲ ਨਿਲਾਮੀ ਦੌਰਾਨ 28 ਲੱਖ ਡਾਲਰ ਵਿੱਚ ਖਰੀਦੀ। ਕਰਾਫਟ ਆਇਰਸ਼ ਵਿਸਕੀ ਕੰਪਨੀ ਨੇ ਕਿਹਾ ਹੈ ਕਿ ਇਹ ਟਰਿਪਲ ਡਿਸਟਿਲਡ ਆਇਰਸ਼ ਸਿੰਗਲ ਮਾਲਟ ਵਿਸਕੀ ਦੀ ਬੋਤਲ ਹੈ ਜਿਸ ਦੀ ਡਾਲੇ ਨੇ ਰਿਕਾਰਡ ਬੋਲੀ ਲਾਈ ਤੇ ਉਹ ਇਸ ਬੋਤਲ ਦਾ ਮਾਲਕ ਬਣ ਗਿਆ।

ਇਸ ਤੋਂ ਪਹਿਲਾਂ ਨਵੰਬਰ 2023 ਵਿੱਚ ਮੈਕੈਲਨ 1926 ਵਿਸਕੀ ਦੀ ਬੋਤਲ ਨਿਲਾਮੀ ਵਿੱਚ 27 ਲੱਖ ਡਾਲਰ ਵਿੱਚ ਵਿਕੀ ਸੀ।

# ਗੁਰਪ੍ਰੀਤ ਸਿੰਘ ਦੀ ਕਿਤਾਬ '1984 : ਜਦੋਂ ਉਹ ਸਿੱਖਾਂ ਲਈ ਆਏ' ਸਰੀ ਵਿਖੇ ਰਿਲੀਜ਼

## ਸਿੱਖ ਨਸਲਕੁਸ਼ੀ-1984 ਮੌਕੇ ਬੰਦ ਜ਼ਬਾਨਾਂ ਅਤੇ ਖ਼ਾਮੋਸ਼ ਕਲਮਾਂ ਨੂੰ ਫਿਟਕਾਰਾਂ

ਸਰੀ/ਏ.ਟੀ.ਨਿਊਜ਼ : ਪੱਤਰਕਾਰ ਅਤੇ ਲੇਖਕ ਗੁਰਪ੍ਰੀਤ ਸਿੰਘ ਦੀ ਨਵੀਂ ਕਿਤਾਬ '1984 : ਜਦੋਂ ਉਹ ਸਿੱਖਾਂ ਲਈ ਆਏ' ਸਰੀ ਸਥਿਤ ਸਟਰਾਅ ਬੈਰੀ ਹਿੱਲ ਲਾਈਬਰੇਰੀ ਵਿਖੇ ਰਿਲੀਜ਼ ਕੀਤੀ ਗਈ। ਇਹ ਪੁਸਤਕ ਰਿਲੀਜ਼ ਸਮਾਰੋਹ ਇੱਕ ਸੈਮੀਨਾਰ ਦਾ ਰੂਪ ਹੋ ਨਿਬੜਿਆ, ਜਿਸ ਵਿੱਚ ਸੰਨ 1984 ਸਿੱਖ ਨਸਲਕੁਸ਼ੀ ਵੇਲੇ ਬੰਦ ਜ਼ਬਾਨਾਂ ਅਤੇ ਖਾਮੋਸ਼ ਕਲਮਾਂ ਨੂੰ ਜਿੱਥੇ ਫਿਟਕਾਰਾਂ ਪਾਈਆਂ ਗਈਆਂ, ਉੱਥੇ ਮੌਜੂਦਾ ਇੰਡੀਅਨ ਸਟੇਟ ਦੇ ਫਾਸ਼ੀਵਾਦੀ ਅਤੇ ਹਿੰਦੂਤਵੀ ਏਜੰਡੇ ਮੌਕੇ ਖਾਮੋਸ਼ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਹਲੂਣਾ ਦਿੱਤਾ ਗਿਆ।

ਪੁਸਤਕ ਰਿਲੀਜ਼ ਸਮਾਗਮ ਦੇ ਆਰੰਭ ਵਿੱਚ ਪ੍ਰੋਗਰਾਮ ਦੇ ਸੰਚਾਲਕ ਡਾਕਟਰ ਗੁਰਵਿੰਦਰ ਸਿੰਘ ਦੇ ਸੱਦੇ 'ਤੇ, ਕੈਨੇਡਾ ਦੇ ਮੋਢੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਅਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ, ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਨੂੰ ਯਾਦ ਕਰਦਿਆਂ ਇੱਕ ਮਿੰਟ ਦਾ ਮੌਨ ਧਾਰਨ ਕਰਦਿਆਂ, ਸ਼ਰਧਾਂਜਲੀ ਭੇਟ ਕੀਤੀ ਗਈ।

ਸਾਹਿਤਕ ਸਮਾਗਮ ਦੀ ਪਹਿਲੇ ਬੁਲਾਰੇ ਵਜੋਂ ਜੈਨੇਫਰ ਸ਼ੈਰਫ ਨੇ ਮੂਲ ਵਾਸੀਆਂ ਦੀ ਧਰਤੀ 'ਤੇ ਵਿਚਾਰ ਚਰਚਾ ਦੀ ਆਰੰਭਤਾ ਕੀਤੀ। ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਲੇਖਕ ਗੁਰਪ੍ਰੀਤ ਸਿੰਘ ਦੀ ਹੋਣਹਾਰ ਧੀ ਸ਼ਾਇਸਤਾ ਸਿੰਘ ਦੇ 16ਵੇਂ ਜਨਮ ਦਿਨ 'ਤੇ, ਉਸ ਵੱਲੋਂ ਰਿਲੀਜ਼ ਕਰਾਈ ਗਈ। ਇਹ ਸਮਾਗਮ ਵਿੱਚ ਨਾ ਸਿਰਫ ਇਹ ਨਵੀਂ ਪਿਰਤ ਪਈ ਕਿ ਧੀਆਂ-ਪੁੱਤਾਂ ਦੇ ਜਨਮ ਦਿਨਾਂ ਨੂੰ ਕਿਤਾਬਾਂ ਦੀਆਂ ਸੌਗਾਤਾਂ ਰਾਹੀਂ ਮਨਾਇਆ ਜਾਏ, ਬਲਕਿ ਇਤਿਹਾਸ ਨੂੰ ਸਾਂਭਣ ਅਤੇ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਬਾਰੇ ਖੁੱਲੀ ਚਰਚਾ ਹੋਈ।



ਬੁਲਾਰਿਆਂ ਵਿੱਚ ਪੁਸਤਕ ਦੇ ਲੇਖਕ ਗੁਰਪ੍ਰੀਤ ਸਿੰਘ, ਚਿੱਤਰਕਾਰ ਜਰਨੈਲ ਸਿੰਘ, ਮੂਲ ਨਿਵਾਸੀ ਜੈਨਫਰ ਸ਼ੈਰਫ, ਇਮਤਿਆਜ਼ ਪੋਪਟ, ਹਰਪ੍ਰੀਤ ਸਿੰਘ ਸੇਖਾ, ਸੁਨੀਲ ਕੁਮਾਰ, ਜਗਤਾਰ ਸਿੰਘ ਸੰਧੂ , ਕੁਲਵਿੰਦਰ ਸਿੰਘ ਢਿੱਲੋ, ਕਵਲਜੀਤ ਸਿੰਘ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੇ ਸੰਬੋਧਨ ਕੀਤਾ। ਅਖੀਰ ਵਿੱਚ ਕੈਨੇਡਾ ਬੀਸੀ ਦੀ ਵਿੱਦਿਆ ਮੰਤਰੀ ਬੀਬੀ ਰਚਨਾ ਸਿੰਘ ਨੇ ਸਮਾਗਮ ਵਿੱਚ ਸ਼ਾਮਿਲ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਅਤੇ ਕਿਤਾਬ ਨਾਲ ਤੇ ਲਿਖਾਰੀ ਜੁੜੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ। ਇਹ ਕਿਤਾਬ ਅੰਗਰੇਜ਼ੀ ਵਿੱਚ ਗੁਰਪ੍ਰੀਤ ਸਿੰਘ ਵੱਲੋਂ ਲਿਖੀ ਗਈ ਹੈ, ਜਿਸ ਦਾ ਪੰਜਾਬੀ ਅਨੁਵਾਦ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ ਅਤੇ ਕਿਤਾਬ ਵਿਚਲੀਆਂ ਪੇਂਟਿੰਗਜ਼ ਜਰਨੈਲ ਸਿੰਘ ਚਿੱਤਰਕਾਰ ਵੱਲੋਂ ਤਿਆਰ ਕੀਤੀਆਂ ਗਈਆਂ ਹਨ।

ਪੁਸਤਕ ਰਿਲੀਜ਼ ਮੌਕੇ ਗੁਰਪ੍ਰੀਤ ਸਿੰਘ ਅਤੇ ਰੈਡੀਕਲ ਦੇਸੀ ਵੱਲੋਂ ਏਅਰ ਇੰਡੀਆ ਬੰਬ ਧਮਾਕੇ ਦੀ ਮੁੜ ਜਾਂਚ ਲਈ ਤਿਆਰ ਕੀਤੀ ਗਈ ਪਟੀਸ਼ਨ ਨੂੰ ਸਰੋਤਿਆਂ ਅਤੇ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਮਹਿਕ ਪੰਜਾਬ ਦੀ ਟੈਲੀਵਿਜ਼ਨ ਦੇ ਸੰਸਥਾਪਕ ਕਮਲਜੀਤ ਸਿੰਘ ਥਿੰਦ ਨੇ ਸਮਾਗਮ ਲਈ ਬੇਹੱਦ ਸਹਿਯੋਗ ਦਿੱਤਾ। ਇਹ ਸਮਾਰੋਹ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਅਤੇ ਹਕੂਮਤਾਂ ਦੀਆਂ ਧੱਕੇਸ਼ਾਹੀਆਂ ਤੋਂ ਇਲਾਵਾ, ਨੌਜਵਾਨ ਪੀੜੀ ਨੂੰ ਇਤਿਹਾਸ ਨਾਲ ਜੋੜਨ ਦੇ ਉਪਰਾਲੇ ਸਦਕਾ ਯਾਦਗਾਰੀ ਹੋ ਨਿਬੜਿਆ।

## ਲਹਿੰਦੇ ਪੰਜਾਬ ਦਾ ਅਵਾਮ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਫ਼ਿਕਰਮੰਦ

ਲਾਹੌਰ/ਏ.ਟੀ.ਨਿਊਜ਼ : ਕੋਈ ਸਮਾਂ ਸੀ ਲਹਿੰਦਾ ਪੰਜਾਬ, ਪੰਜਾਬੀ ਦਾ ਗੜ੍ਹ ਮੰਨਿਆ ਜਾਦਾ ਸੀ। ਸਿਰਫ਼ ਦੱਸ ਪ੍ਰਤੀਸ਼ਤ ਲੋਕ ਹੋਰ ਭਾਸ਼ਾ ਬੋਲਣ ਦੇ ਆਦੀ ਸਨ। ਰਾਜਨੀਤਕਾਂ ਨੇ ਐਸਾ ਚੱਕਰ ਚਲਾਇਆ ਕਿ ਪੰਜਾਬੀ ਅੱਜ ਆਟੇ ਵਿੱਚ ਲੂਣ ਦੇ ਬਰਾਬਰ ਰਹਿ ਗਏ ਹਨ। ਜਦੋਂ ਇਸ ਬਾਰੇ ਖਿਆਲ ਆਇਆ ਤਾਂ ਅਪਨੇ ਆਪ ਨੂੰ ਕੋਸਣਾ ਸ਼ੁਰੂ ਕਰ ਦਿੱਤਾ । ਜਿੰਨ੍ਹਾਂ ਦੇ ਤਿਉਹਾਰ ਅਮੀਰ, ਜਿੰਨ੍ਹਾਂ



ਦਾ ਵਿਰਸਾ ਬਹੁਮੁੱਲਾ, ਜਿੰਨ੍ਹਾਂ ਦਾ ਸੱਭਿਆਚਾਰ ਖ਼ੂਬਸੂਰਤ, ਜਿੰਨ੍ਹਾਂ ਦੇ ਲੋਕ ਨਾਚ ਮਸ਼ਹੂਰ, ਭਲਾ ਉਹਨਾਂ ਦੀ ਭਾਸ਼ਾ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ। ਇਸ ਗੱਲ ਦੀ ਸੌਝੀ ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ੰਸ ਨੇ ਨੌਜਵਾਨ ਪੀੜ੍ਹੀ ਦੇ ਕੰਨਾਂ ਵਿੱਚ ਅਜਿਹੇ ਢੰਗ ਨਾਲ ਪਾਈ ਹੈ ਕਿ ਹਰੇਕ ਪੰਜਾਬੀ ਇਸ ਮਿੱਠੀ ਭਾਸ਼ਾ ਨੂੰ ਦਰਜਾ ਦਿਵਾਉਣ ਲਈ ਉੱਠ ਖੜਾ ਹੋਇਆ ਹੈ। ਉਹਨਾਂ ਨੂੰ ਪਤਾ ਲੱਗ ਗਿਆ ਹੈ ਕਿ ਸਾਡੀ ਹੋਂਦ ਹੀ ਪੰਜਾਬੀ ਭਾਸ਼ਾ ਨਾਲ ਖੜੀ ਹੈ। ਸਾਡੀ ਮਾਂ ਬੋਲੀ ਪੰਜਾਬੀ ਹੈ। ਜਿਸ ਨੂੰ ਬੋਲਣ ਵਿੱਚ ਫ਼ਖਰ ਮਹਿਸੂਸ ਕਰਦੇ ਹਾਂ। ਫ਼ਿਰ ਇਹ ਸਕੂਲੀ ਭਾਸ਼ਾ ਕਿਉਂ ਨਹੀ ਬਣ ਸਕੀ। ਇਸ ਨੂੰ ਲਿਖਤ ਵਿੱਚ ਕਿਉਂ ਨਹੀਂ ਲਿਆਂਦਾ ਗਿਆ। ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ। ਇਹ ਗੱਲ ਹਰੇਕ ਦੇ ਬਰਦਾਸ਼ਤ ਤੋਂ ਬਾਹਰ ਹੋ ਗਈ ਹੈ।

(ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਪੰਜਾਬ ’ਚ ਕਾਂਗਰਸੀ ਹਾਈਕਮਾਂਡ ਤੋਂ ਬਾਗ਼ੀ ਤੇ ‘ਆਪ’ ਦਾ ਝਾੜੂ ਚੁੱਕਣ ਤੋਂ ਇਨਕਾਰੀ !

## ਖਹਿਰਾ, ਬਾਜਵਾ ਤੇ ਸਿੱਧੂ ਕੇਜਰੀਵਾਲ ਤੇ ਭਗਵੰਤ ਮਾਨ ਦੀ ਸਿਆਸਤ ਤੋਂ ਔਖੇ

## ਜੇਕਰ ਸਿੱਖਾਂ ਦੀ ਗੱਲ ਨਾ ਕੀਤੀ ਤਾਂ ਅਕਾਲੀ ਤੇ ਕਾਂਗਰਸੀ ਕਦੇ ਸੱਤਾ ’ਚ ਨਹੀਂ ਆਉਣਗੇ: ਖਹਿਰਾ




ਬਠਿੰਡਾ/ਏ.ਟੀ.ਨਿਊਜ਼ : ਅਗਾਮੀ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਦੇਸ਼ ਦੀ ਸੱਤਾ ਤੋਂ ਲਾਂਭੇ ਕਰਨ ਲਈ ਵਿਰੋਧੀ ਸਿਆਸੀ ਦਲਾਂ ਵੱਲੋਂ ਕੌਮੀ ਪੱਧਰ ’ਤੇ ਕਾਂਗਰਸ ਦੀ ਅਗਵਾਈ ਹੇਠ ਹੋਂਦ ਵਿੱਚ ਲਿਆਂਦੇ ਗਏ ‘ਇੰਡੀਆ’ ਮੰਚ ਵਿੱਚ ਅਜੇ ਤੱਕ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ‘ਫ਼ਿੱਟ’ ਨਹੀਂ ਬੈਠ ਰਹੀ ਤੇ ਸਭ ਤੋਂ ਵੱਡਾ ਰੇੜਕਾ ਪੰਜਾਬ ਨੂੰ ਲੈ ਕੇ ਚੱਲ ਰਿਹਾ ਹੈ, ਕਿਉਂਕਿ ਪਹਿਲੇ ਹੀ ਦਿਨ ਤੋਂ ਸੂਬੇ ਦੇ ਕਈ ਵੱਡੇ ਕਾਂਗਰਸੀ ਆਗੂ ਪੰਜਾਬ ਵਿੱਚ ‘ਆਪ’ ਨਾਲ ਮਿਲ ਕੇ ਲੋਕ ਸਭਾ ਚੋਣਾਂ ਲੜਨ ਦਾ ਡਟਵਾਂ ਵਿਰੋਧ ਕਰਦੇ ਆ ਰਹੇ ਹਨ। ਪਿਛਲੇ ਦਿਨੀਂ ਇਨ੍ਹਾਂ ਆਗੂਆਂ ਦੀ ਨਬਜ਼ ਟੋਹਣ ਲਈ ਪੰਜਾਬ ਪਹੁੰਚੇ ਪੰਜਾਬ ਕਾਂਗਰਸ ਮਾਮਲਿਆਂ ਦੇ ਨਵ-ਨਿਯੁਕਤ ਇੰਚਾਰਜ ਦੇਵੇਂਦਰ ਯਾਦਵ ਨੂੰ ਵੀ ਇਹ ਆਗੂ ਦੋ ਟੁੱਕ ਜਵਾਬ ਦੇ ਚੁੱਕੇ ਹਨ, ਜਦਕਿ ਸੂਬੇ ਦੇ ਵੱਡੇ ਤੋਂ ਲੈ ਕੇ ਹੇਠਲੇ ਪੱਧਰ ਦੇ ਕਾਂਗਰਸੀਆਂ ਵਲੋਂ ਹਾਈਕਮਾਨ ਨੂੰ ਵੀ ਦੁੱਧ ਵਰਗਾ ‘ਚਿੱਟਾ ਜਵਾਬ’ ਦਿੱਤੇ ਜਾਣ ਦੀ ਚਰਚਾ ਜ਼ੋਰਾਂ ’ਤੇ ਹੈ । ਕਾਂਗਰਸ ਪੰਜਾਬ ਦੇ ਸੀਨੀਅਰ ਨੇਤਾਵਾਂ ਨਵਜੋਤ ਸਿੰਘ ਸਿੱਧੂ , ਸੁਖਪਾਲ ਸਿੰਘ ਖਹਿਰਾ, ਪ੍ਰਤਾਪ ਸਿੰਘ ਬਾਜਵਾ ਨੇ ਮੀਡੀਆ ਤੇ ਜਨਤਕ ਤੌਰ ਉੱਪਰ ਕੇਜਰੀਵਾਲ ਤੇ ਭਗਵੰਤ ਮਾਨ ਵਿਰੁੱਧ ਮੋਰਚਾ ਖੋਲਿਆ ਹੋਇਆ ਹੈ। ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਭਗਵੰਤ ਮਾਨ ਦੇ ਪਰਿਵਾਰ ਖ਼ਿਲਾਫ਼ ਬੋਲਣ ਦੀ ਸਜ਼ਾ ਉਨ੍ਹਾਂ ਦੀ (ਮੇਰੀ) ਭੈਣ ਨੂੰ ਵੀ ਭੁਗਤਣੀ ਪਈ ਕਿਉਂਕਿ ਉਨ੍ਹਾਂ ’ਤੇ ਕੇਸ ਦਰਜ ਕੀਤਾ ਗਿਆ। ਉਨ੍ਹਾਂ ਬੀਬੀ ਜਗੀਰ ਕੌਰ, ਬਿਕਰਮਜੀਤ ਮਜੀਠੀਆ, ਸਿਮਰਨਜੀਤ ਸਿੰਘ ਮਾਨ, ਸੁਨੀਲ ਜਾਖੜ ਤੇ ਆਪਣੇ ਸੰਸਦ ਮੈਂਬਰਾਂ ਤੇ ਹਲਕਾ ਵਾਸੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਉਨ੍ਹਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਹੈ। ਇਸ ਦੇ ਨਾਲ ਹੀ ਖਹਿਰਾ ਨੇ ਪਿਛਲੇ ਸਮੇਂ ਦੌਰਾਨ ਬੀਬੀ ਜਗੀਰ ਕੌਰ ਨਾਲ ਹੋਈਆਂ ਜ਼ਿਆਦਤੀਆਂ ਲਈ ਉਨ੍ਹਾਂ ਤੋਂ ਮੁਆਫ਼ੀ ਮੰਗਦਿਆਂ ਸ਼੍ਰੋਮਣੀ ਕਮੇਟੀ ਦੀ ਚੋਣ ਵਿੱਚ ਉਨ੍ਹਾਂ ਦੀ ਮਦਦ ਕਰਨ ਦਾ ਐਲਾਨ ਕੀਤਾ। ਖਹਿਰਾ ਨੇ ਕਿਹਾ ਕਿ ਜੇਕਰ ਮਾਨ ਸਰਕਾਰ ਮਜੀਠੀਆ ਵਿਰੁੱਧ ਕੋਈ ਪਰਚਾ ਦਰਜ ਕਰਦੀ ਹੈ ਤਾਂ ਉਹ ਡਟ ਕੇ ਮਜੀਠੀਆ ਦਾ ਸਾਥ ਦੇਣਗੇ। ਇਸ ਦੌਰਾਨ ਕਾਂਗਰਸ ਤੇ ਅਕਾਲੀ ਦਲ ਬਾਰੇ ਗੱਲ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜੇਕਰ ਇਹ ਦੋਵੇਂ ਪਾਰਟੀਆਂ ਪੰਜਾਬ ਵਿੱਚ ਖੇਤਰੀ, ਸਿੱਖ ਮਸਲਿਆਂ ਅਤੇ ਸਿੱਖ ਨੌਜਵਾਨਾਂ ਦੀਆਂ ਸਮੱਸਿਆਵਾਂ ਬਾਰੇ ਗੱਲ ਨਹੀਂ ਕਰਨਗੀਆਂ ਤਾਂ ਇਹ ਕਦੇ ਵੀ ਸੱਤਾਂ ਵਿੱਚ ਨਹੀਂ ਆ ਸਕਣਗੀਆਂ। ਖਹਿਰਾ ਨੇ ਇਸ ਮੌਕੇ ਪੰਜਾਬ ਸਰਕਾਰ ’ਤੇ ਦੋਸ਼ ਲਾਇਆ ਕਿ ਦੂਜੇ ਰਾਜਾਂ ਵਾਂਗ ਪੰਜਾਬ ਵਿੱਚ ਸੂਬੇ ਤੋਂ ਬਾਹਰਲੇ ਲੋਕਾਂ ਦੇ ਜ਼ਮੀਨ ਖਰੀਦਣ ’ਤੇ ਪਾਬੰਦੀ ਲਾਉਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਪੰਜਾਬ ਵਿੱਚ ਦੋਵਾਂ ਧਿਰਾਂ ਦੀ ਦਾਲ ਨਾ ਗਲਣ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਕਾਂਗਰਸ ਦੇ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਨੂੰ ‘ਵਿਜੀਲੈਂਸ’ ਰਾਹੀਂ ਜੇਲ੍ਹਾਂ ਵਿੱਚ ‘ਤੁੰਨਣ’ ਨੂੰ ਮੁੱਖ ਵਜ੍ਹਾ ਮੰਨਿਆ ਜਾ ਰਿਹਾ ਹੈ ।

(ਬਾਕੀ ਸਫ਼ਾ 31 ’ਤੇ)

## ‘ਆਪ’ ਵੱਲੋਂ ਪੰਜਾਬ ਦੇ ਉਮੀਦਵਾਰਾਂ ਬਾਰੇ ਚਰਚਾ

ਪੰਜਾਬ ਵਿੱਚ ਲੋਕ ਸਭਾ ਉਮੀਦਵਾਰਾਂ ਦੇ ਨਾਵਾਂ ਬਾਰੇ ਚਰਚਾ ਕਰਨ ਲਈ ਬੀਤੇ ਦਿਨੀਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ’ਤੇ ‘ਆਪ’ ਆਗੂਆਂ ਦੀ ਮੀਟਿੰਗ ਹੋਈ। ਮੀਟਿੰਗ ’ਚ ਪਾਰਟੀ ਦੇ ਕੌਮੀ ਕਨਵੀਨਰ ਕੇਜਰੀਵਾਲ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਜਨਰਲ ਸਕੱਤਰ (ਜਥੇਬੰਦਕ) ਸੰਦੀਪ ਪਾਠਕ, ਸੰਸਦ ਮੈਂਬਰ ਰਾਘਵ ਚੱਢਾ ਤੇ ਪਾਰਟੀ ਦੇ ਹੋਰ ਆਗੂ ਹਾਜ਼ਰ ਸਨ।

ਸੂਤਰਾਂ ਅਨੁਸਾਰ ਆਗੂਆਂ ਨੇ ਪੰਜਾਬ ’ਚ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਬਾਰੇ ਚਰਚਾ ਕੀਤੀ ਗਈ ਹੈ ਪਰ ਇਹ ਚਰਚਾ ਕਿਸੇ ਨਤੀਜੇ ’ਤੇ ਨਹੀਂ ਪੁੱਜੀ। ਆਪ ਪਾਰਟੀ ਤੇ ਕਾਂਗਰਸ ਦੋਵੇਂ ਵਿਰੋਧੀ ਪਾਰਟੀਆਂ ਦੇ ਇੰਡੀਆ ਗੱਠਜੋੜ ਦੀਆਂ ਮੈਂਬਰ ਹਨ ਅਤੇ ਇਹ ਦੋਵੇਂ ਪਾਰਟੀਆਂ ਦਿੱਲੀ ਤੇ ਪੰਜਾਬ ਸਮੇਤ ਹੋਰ ਸੂਬਿਆਂ ਵਿੱਚ ਸੀਟਾਂ ਦੀ ਵੰਡ ਬਾਰੇ ਚਰਚਾ ਕਰ ਰਹੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਦੋਵਾਂ ਪਾਰਟੀਆਂ ਦਾ ਦਾਅਵਾ ਹੈ ਕਿ ਉਨ੍ਹਾਂ ਦੀਆਂ ਸੂਬਾਈ ਇਕਾਈਆਂ ਚੋਣਾਂ ਦੌਰਾਨ ਗੱਠਜੋੜ ਦੇ ਹੱਕ ਵਿਚ ਨਹੀਂ ਹਨ। ਸੂਤਰਾਂ ਨੇ ਕਿਹਾ, ‘ਪੰਜਾਬ ’ਚ ਛੇ ਸੀਟਾਂ ਸਾਂਝੀਆਂ ਕਰਨ ਦੀ ਸੰਭਾਵਨਾ ’ਤੇ ਚਰਚਾ ਕੀਤੀ ਜਾ ਰਹੀ ਸੀ ਪਰ ਕਾਂਗਰਸ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਹੈ ਕਿ ਉਸ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿਚ ਜਿੱਤੀਆਂ ਗਈਆਂ ਸਾਰੀਆਂ ਅੱਠ ਸੀਟਾਂ ’ਤੇ ਚੋਣ ਲੜਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।’ ਜ਼ਿਕਰਯੋਗ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ’ਚ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ’ਚੋਂ ਕਾਂਗਰਸ ਨੇ ਅੱਠ ਜਦਕਿ ਅਕਾਲੀ ਦਲ-ਭਾਜਪਾ ਗੱਠਜੋੜ ਨੇ ਚਾਰ ਸੀਟਾਂ ਜਿੱਤੀਆਂ ਸਨ।

‘ਆਪ’ ਸਿਰਫ਼ ਇੱਕ ਸੀਟ ਹੀ ਜਿੱਤ ਸਕੀ ਸੀ। ਅਪਰੈਲ-ਮਈ ’ਚ ਹੋਣ ਵਾਲੀਆਂ ਆਮ ਚੋਣਾਂ ਲਈ ਕਾਂਗਰਸ ਤੇ ‘ਆਪ’ ਸਣੇ ਇੰਡੀਆ ਗੱਠਜੋੜ ਦੀਆਂ ਪਾਰਟੀਆਂ ਨੇ ਅਜੇ ਤੱਕ ਸੀਟਾਂ ਦੀ ਵੰਡ ਬਾਰੇ ਕੋਈ ਫ਼ਾਰਮੂਲਾ ਪੇਸ਼ ਨਹੀਂ ਕੀਤਾ ਹੈ। ਪਾਰਟੀ ਆਗੂਆਂ ਨੇ ਪਹਿਲਾਂ ਕਿਹਾ ਸੀ ਕਿ ‘ਆਪ’ ਨੇ ਕਾਂਗਰਸ ਨੂੰ ਸਪੱਸ਼ਟ ਕੀਤਾ ਸੀ ਕਿ ਉਹ ਦਿੱਲੀ, ਗੋਆ, ਗੁਜਰਾਤ, ਹਰਿਆਣਾ ਤੇ ਪੰਜਾਬ ’ਚ ਚੋਣਾਂ ਲਈ ਗੱਠਜੋੜ ਕਰਨਾ ਚਾਹੁੰਦੀ ਹੈ।

## ਸਿੱਧੂ ਵੱਲੋਂ ਰੈਲੀ ਤੋਂ ਕਾਂਗਰਸ ਹਾਈਕਮਾਂਡ ਔਖੀ, ਲਿਆ ਵੱਡਾ ਐਕਸ਼ਨ

ਮੋਗਾ ਵਿਖੇ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਆਮਦ ਮੌਕੇ ਹੋਈ ‘ਜਿੱਤੇਗਾ ਪੰਜਾਬ’ ਰੈਲੀ ਦੀ ਸਫ਼ਲਤਾ ਮਗਰੋਂ ਰੈਲੀ ਦੇ ਮੁੱਖ ਪ੍ਰਬੰਧਕ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਮਹੇਸ਼ ਇੰਦਰ ਸਿੰਘ ਨਿਹਾਲ ਸਿੰਘ ਵਾਲਾ ਅਤੇ ਉਨ੍ਹਾਂ ਦੇ ਪੁੱਤਰ ਐਡਵੋਕੇਟ ਧਰਮਪਾਲ ਸਿੰਘ ਨਿਹਾਲ ਸਿੰਘ ਵਾਲਾ ਵਿਰੁੱਧ ਕਾਂਗਰਸ ਹਾਈਕਮਾਂਡ ਨੇ ਵੱਡਾ ਐਕਸ਼ਨ ਲਿਆ ਹੈ। ਦੋਵੇਂ ਆਗੂਆਂ ਨੂੰ ਪ੍ਰਦੇਸ ਕਾਂਗਰਸ ਨੇ ਜਿੱਥੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ, ਉੱਥੇ ਹੀ ਹਾਈਕਮਾਂਡ ਦੇ ਇਸ ਫ਼ੈਸਲੇ ਵਿਰੁੱਧ ਨਿਹਾਲ ਸਿੰਘ ਵਾਲਾ ਪਰਿਵਾਰ ਦੇ ਸਮਰਥਕਾਂ ਦਾ ਗੁੱਸਾ ਵੀ ਸੱਤਵੇਂ ਅਸਮਾਨ ’ਤੇ ਪੁੱਜ ਗਿਆ ਹੈ, ਕਿਉਂਕਿ ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਕੋਈ ਕਾਂਗਰਸ ਦੀ ਮਜ਼ਬੂਤੀ ਲਈ ਕੰਮ ਕਰ ਰਿਹਾ ਹੈ ਤਾਂ ਉਸ ਵਿਰੁੱਧ ਹੀ ਕਾਰਵਾਈ ਕੀਤੀ ਜਾ ਰਹੀ ਹੈ ਇਸ ਤਰ੍ਹਾਂ ਪਾਰਟੀ ਮਜ਼ਬੂਤ ਕਿਵੇਂ ਹੋ ਸਕਦੀ ਹੈ।

### ਔਖੇ ਵੇਲੇ ਕੇਂਦਰ ਨੂੰ ਮੁੜ ਯਾਦ ਆਇਆ ਪੰਜਾਬ

## ਕੇਂਦਰ ਵੱਲੋਂ ਕਣਕ ਦੀ ਪੈਦਾਵਾਰ ਬਾਰੇ ਪੰਜਾਬ ਸਰਕਾਰ ਤੋਂ ਲਏ ਜਾ ਰਹੇ ਨੇ ਅੰਦਾਜ਼ੇ



ਚੰਡੀਗੜ੍ਹ/ ਏ.ਟੀ.ਨਿਊਜ਼ : ਦੇਸ਼ ਵਿੱਚ ਕਣਕ ਦੇ ਭੰਡਾਰ ਘਟਣ ’ਤੇ ਕੇਂਦਰ ਨੂੰ ਮੁੜ ਪੰਜਾਬ ਯਾਦ ਆਉਣ ਲੱਗਾ ਹੈ। ਜਿਸ ਤੋਂ ਬਾਅਦ ਭਾਰਤ ਸਰਕਾਰ ਨੇ ਪੰਜਾਬ ’ਤੇ ਨਜ਼ਰ ਟਿਕਾ ਲਈ ਹੈ। ਦਰਅਸਲ ਅਗਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ‘ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ’ ਦੇ ਅਨਾਜ ਵਿੱਚ ਕੋਈ ਕਮੀ ਨਹੀਂ ਆਉਣ ਦੇਣਾ ਚਾਹੁੰਦੀ। ਕੇਂਦਰ ਨੇ ਪੰਜਾਬ ਸਰਕਾਰ ਤੋਂ ਕਣਕ ਦੀ ਪੈਦਾਵਾਰ ਬਾਰੇ ਅੰਦਾਜ਼ੇ ਲੈਣੇ ਸ਼ੁਰੂ ਕਰ ਦਿੱਤੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਜਨਵਰੀ ਮਹੀਨੇ ਦੀ ਸ਼ੁਰੂਆਤ ਵਿੱਚ ਮੁਲਕ ਵਿੱਚ 163.50 ਲੱਖ ਕਣਕ ਦਾ ਭੰਡਾਰ ਸੀ। ਲੰਘੇ ਛੇ ਵਰ੍ਹਿਆਂ ਦੌਰਾਨ ਇਹ ਸਭ ਤੋਂ ਘੱਟ ਸਟਾਕ ਹੈ। ਸਾਲ 2017 ਵਿੱਚ 137.50 ਲੱਖ ਟਨ ਕਣਕ ਦਾ ਸਟਾਕ ਸੀ। ਭਾਰਤੀ ਖੁਰਾਕ ਨਿਗਮ ਕੋਲ ਇਸ ਵੇਲੇ ਪੰਜਾਬ ਵਿੱਚ 23 ਲੱਖ ਟਨ ਕਣਕ ਦਾ ਸਟਾਕ ਹੈ। ਇਸ ਵਾਰ ਠੰਡਾ ਮੌਸਮ ਚੱਲ ਰਿਹਾ ਹੈ ਜੋ ਕਣਕ ਦੀ ਪੈਦਾਵਾਰ ਵਿੱਚ ਚੋਖਾ ਯੋਗਦਾਨ ਪਾਵੇਗਾ। ਕਿਸਾਨਾਂ ਨੂੰ ਚੰਗਾ ਝਾੜ ਮਿਲਣ ਦੀ ਉਮੀਦ ਹੈ। ਵਿਸ਼ਵ ਪੱਧਰ ’ਤੇ ਕਣਕ ਦੀ ਮੰਗ ਵੱਧ ਰਹੀ ਹੈ ਪਰ ਭਾਰਤ ਵਿੱਚ ਪੈਦਾਵਾਰ ਸਥਿਰ ਰਹਿਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵੱਲ ਵੀ ਨਜ਼ਰ ਰੱਖੀ ਬੈਠੀ ਹੈ ਪਰ ਕੌਮਾਂਤਰੀ ਹਲਕੇ ਪੰਜਾਬ ’ਤੇ ਨਜ਼ਰਾਂ ਟਿਕੀਆਂ ਹੋਈਆਂ ਹਨ। ਇਸ ਵਾਰ ਕਣਕ ਹੇਠਲਾ ਰਕਬਾ 32 ਲੱਖ ਹੈਕਟੇਅਰ ਨੂੰ ਪਾਰ ਕਰ ਗਿਆ ਹੈ। ਹਾਲਾਂਕਿ ਇਸ ਵਾਰ ਝੋਨੇ ਦੀ ਵਾਢੀ ਕਾਫੀ ਪੱਛੜ ਗਈ ਸੀ। ਇਸ ਵਾਰ ਕਣਕ ਹੇਠਲਾ ਰਕਬਾ ਪਿਛਲੇ ਵਰ੍ਹੇ ਦੇ ਮੁਕਾਬਲੇ ਘੱਟ ਵੀ ਹੈ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀ ਕਿ ਮੌਸਮ ਇਸ ਵਾਰ ਕਣਕ ਦੀ ਫ਼ਸਲ ਦੇ ਅਨੁਕੂਲ ਹੈ ਜਿਸ ਕਰਕੇ ਕਣਕ ਦਾ ਝਾੜ ਵਧੇਗਾ ਅਤੇ ਪੰਜਾਬ ਦੀ ਸਮੁੱਚੀ ਪੈਦਾਵਾਰ ਵੀ ਵਧੇਗੀ। ਖੇਤੀ ਮਹਿਕਮੇ ਦੇ ਅਧਿਕਾਰੀ ਦੱਸਦੇ ਹਨ ਕਿ ਪੰਜਾਬ ਵਿੱਚ ਕਣਕ ਹੇਠ ਰਕਬਾ 34.80 ਲੱਖ ਹੈਕਟੇਅਰ ਹੈ ਜਦੋਂ ਕਿ ਪਿਛਲੇ ਸਾਲ ਇਹੋ ਰਕਬਾ 35.08 ਲੱਖ ਹੈਕਟੇਅਰ ਸੀ। ਪਿਛਲੇ ਸਾਲ ਕਣਕ ਦੀ ਪੈਦਾਵਾਰ 164.75 ਲੱਖ ਟਨ ਰਹੀ ਸੀ। ਇਸ ਵਾਰ ਪੈਦਾਵਾਰ ਪਿਛਲੇ ਸਾਲ ਦੇ ਅੰਕੜੇ ਨੂੰ ਪਾਰ ਕਰਨ ਦੀ ਸੰਭਾਵਨਾ ਹੈ।

# ਕੀ 16 ਅਪ੍ਰੈਲ ਤੋਂ ਹੋ ਸਕਦੀਆਂ ਹਨ ਲੋਕ ਸਭਾ ਚੋਣਾਂ ?

## ਦਿੱਲੀ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਜਾਰੀ ਸਰਕੁਲਰ ਵਾਇਰਲ ਹੋਣ ਨਾਲ ਛਿੜੀ ਚਰਚਾ




ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਦਫ਼ਤਰ ਵੱਲੋਂ 11 ਜ਼ਿਲ੍ਹਾ ਚੋਣ ਅਧਿਕਾਰੀਆਂ (ਡੀਈਓ’ਜ਼) ਨੂੰ ਭੇਜੇ ਸਰਕੁਲਰ ਨੇ ਲੋਕ ਸਭਾ ਚੋਣਾਂ ਦੀ ਤਰੀਕ ਬਾਰੇ ਚੁੰਝ-ਚਰਚਾ ਛੇੜ ਦਿੱਤੀ ਹੈ। ਸਰਕੁਲਰ ਦੀ ਵਾਇਰਲ ਹੋਈ ਕਾਪੀ ਵਿੱਚ ਲੋਕ ਸਭਾ ਚੋਣਾਂ ਸ਼ੁਰੂ ਹੋਣ ਦੀ ਸੰਭਾਵੀ ਤਰੀਕ 16 ਅਪਰੈਲ 2024 ਦਰਸਾਈ ਗਈ ਹੈ। ਹਾਲਾਂਕਿ ਮੁੱਖ ਚੋਣ ਅਧਿਕਾਰੀ ਦਫ਼ਤਰ ਨੇ ਐਕਸ ਉੱਤੇ ਆਪਣੇ ਅਧਿਕਾਰਤ ਹੈਂਡਲ ਰਾਹੀਂ ਸਪਸ਼ਟ ਕੀਤਾ ਕਿ ਇਹ ਤਰੀਕ ਸਿਰਫ਼ ‘ਹਵਾਲੇ’ ਅਤੇ ਚੋਣ ਪਲਾਨਰ ਵਿੱਚ ਚੋਣਾਂ ਸ਼ੁਰੂ ਤੇ ਖ਼ਤਮ ਹੋਣ ਦੀ ਤਰੀਕ ਦਾ ਹਿਸਾਬ ਲਾਉਣ ਲਈ ਹੈ। ਸੀ.ਈ.ਓ. ਦਫ਼ਤਰ ਵੱਲੋਂ 11 ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਭੇਜੇ ਪੱਤਰ ਵਿੱਚ ਭਾਰਤੀ ਚੋਣ ਕਮਿਸ਼ਨ (ਈਸੀਆਈ) ਵੱਲੋਂ ਜਾਰੀ ਚੋਣ ਪਲਾਨਰ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਆਮ ਚੋਣਾਂ ਤੋਂ ਪਹਿਲਾਂ ਕਈ ਸਰਗਰਮੀਆਂ ਦੀ ਤਫ਼ਸੀਲ ਦੇ ਨਾਲ ਹਰੇਕ ਸਰਗਰਮੀ ਸ਼ੁਰੂ ਤੇ ਖ਼ਤਮ ਹੋਣ ਲਈ ਟਾਈਮਲਾਈਨ ਤੇ ਅਰਸੇ ਦਾ ਬਿਊਰਾ ਦਿੱਤਾ ਗਿਆ ਹੈ। ਸਰਕੁਲਰ ’ਚ ਲਿਖਿਐ, “ਆਗਾਮੀ ਲੋਕ ਸਭਾ ਚੋਣਾਂ ਲਈ ਕਮਿਸ਼ਨ ਨੇ ਹਵਾਲੇ ਤੇ ਚੋਣ ਪਲਾਨਰ ਲਈ ਸ਼ੁਰੂ ਤੇ ਖ਼ਤਮ ਹੋਣ ਦੀ ਤਰੀਕ ਦਾ ਹਿਸਾਬ ਲਾਉਣ ਲਈ 16/4/2024 ਦੀ ਸੰਭਾਵੀ ਤਰੀਕ ਦਿੱਤੀ ਹੈ।” ਦਿੱਲੀ ਸੀਈਓ ਦਫ਼ਤਰ ਨੇ ਜਾਰੀ ਇੱਕ

(ਬਾਕੀ ਸਫ਼ਾ 31 ’ਤੇ)

## ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਮਿਲੇਗਾ ਭਾਰਤ ਰਤਨ



ਨਵੀਂ ਦਿੱਲੀ/ਏ.ਟੀ.ਨਿਊਜ਼: ਬਿਹਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਸਮਾਜਵਾਦੀ ਨੇਤਾ ਕਰਪੂਰੀ ਠਾਕੁਰ ਨੂੰ ਮਰਨ ਉਪਰੰਤ ‘ਭਾਰਤ ਰਤਨ’ ਨਾਲ ਸਨਮਾਨਿਤ ਕੀਤਾ ਜਾਵੇਗਾ। ਕਰਪੂਰੀ ਠਾਕੁਰ ਦੀ 100ਵੀਂ ਜਯੰਤੀ ਤੋਂ ਪਹਿਲਾਂ ਉਨ੍ਹਾਂ ਨੂੰ ਭਾਰਤ ਰਤਨ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਦੱਸ ਦੇਈਏ ਕਿ ਜਨਤਾ ਦਲ ਯੂਨਾਈਟਿਡ (ਜੇਡੀ-ਯੂ) ਨੇ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇਣ ਦੀ ਮੰਗ ਕੀਤੀ ਸੀ। ਉਹ ਪੱਛੜੀਆਂ ਸ਼੍ਰੇਣੀਆਂ ਦੇ ਹਿੱਤਾਂ ਦੀ ਵਕਾਲਤ ਕਰਨ ਲਈ ਜਾਣੇ ਜਾਂਦੇ ਸਨ। ਕਰਪੂਰੀ ਠਾਕੁਰ 2 ਵਾਰ ਬਿਹਾਰ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਇੱਕ ਵਾਰ ਡਿਪਟੀ ਸੀ.ਐੱਮ. ਰਹੇ ਹਨ। ਉਹ ਬਿਹਾਰ ਦੇ ਪਹਿਲੇ ਗੈਰ-ਕਾਂਗਰਸੀ ਮੁੱਖ ਮੰਤਰੀ ਸਨ। ਉਹ ਪਹਿਲੀ ਵਾਰ 1952 ਵਿੱਚ ਵਿਧਾਨ ਸਭਾ ਚੋਣਾਂ ਜਿੱਤੇ। 1967 ਵਿੱਚ ਕਰਪੂਰੀ ਠਾਕੁਰ ਡਿਪਟੀ ਸੀ.ਐੱਮ. ਬਣਨ ’ਤੇ ਬਿਹਾਰ ’ਚ ਅੰਗਰੇਜ਼ੀ ਦੀ ਜ਼ਰੂਰਤ ਨੂੰ ਖਤਮ ਕਰ ਦਿੱਤਾ ਗਿਆ ਸੀ। ‘ਜਨਨਾਇਕ’ ਦੇ ਨਾਂ ਨਾਲ ਮਸ਼ਹੂਰ ਠਾਕੁਰ ਦਸੰਬਰ 1970 ਤੋਂ ਜੂਨ 1971 ਤੱਕ ਅਤੇ ਦਸੰਬਰ 1977 ਤੋਂ ਅਪ੍ਰੈਲ 1979 ਤੱਕ ਬਿਹਾਰ ਦੇ ਮੁੱਖ ਮੰਤਰੀ ਰਹੇ। ਉਨ੍ਹਾਂ ਦਾ 17 ਫਰਵਰੀ 1988 ’ਚ ਦਿਹਾਂਤ ਹੋ ਗਿਆ ਸੀ। ਕਾਂਗਰਸ ਨੇ ਉੱਘੇ ਸਮਾਜਵਾਦੀ ਨੇਤਾ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ‘ਭਾਰਤ ਰਤਨ’ (ਮਰਣ ਉਪਰੰਤ) ਨਾਲ ਸਨਮਾਨਿਤ ਕਰਨ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਜਾਤੀ ਆਧਾਰਿਤ ਜਨਗਣਨਾ ਕਰਾਉਣਾ ਹੀ ਠਾਕੁਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਪਰ ਨਰਿੰਦਰ ਮੋਦੀ ਦੀ ਅਗਵਾਈ ’ਚ , ਸਰਕਾਰ ਇਸ ਤੋਂ ਭੱਜ ਰਹੀ ਹੈ।

## ਦਰਪਣ ਝੂਠ ਨਹੀਂ ਬੋਲਦਾ

# ਕੀ ਜੰਮੂ-ਕਸ਼ਮੀਰ ਹਾਈ ਕੋਰਟ ਸਿੱਖ ਧਰਮ ਦੀ ਮਰਿਆਦਾ ਨਿਸ਼ਚਿਤ ਕਰੇਗੀ ?

### ☛ ਹਾਈਕੋਰਟ ਦੀ ਟਿੱਪਣੀ ਨੇ ਪੰਥਕ ਹਲਕਿਆਂ ਵਿੱਚ ਪੈਦਾ ਕੀਤੀ ਹਲਚਲ
### ☛ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਸਿੱਖ ਲਈ 'ਸਿੰਘ' ਤੇ 'ਕੌਰ' ਲਾਉਣਾ ਜ਼ਰੂਰੀ

ਜੰਮੂ-ਕਸ਼ਮੀਰ ਹਾਈ ਕੋਰਟ ਵੱਲੋਂ ਕੀਤੀ ਇਸ ਟਿੱਪਣੀ ਕਿ ਸਿੱਖ ਹੋਣ ਲਈ ਨਾਂ ਪਿੱਛੇ ਸਿੰਘ ਜਾਂ ਕੌਰ ਹੋਣਾ ਲਾਜ਼ਮੀ ਨਹੀਂ ਹੈ, ਨੇ ਪੰਥਕ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ।

ਜੰਮੂ-ਕਸ਼ਮੀਰ ਹਾਈਕੋਰਟ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਸੀ ਕਿ ਸਿੱਖ ਵਿਅਕਤੀ ਦੀ ਪਛਾਣ ਲਈ 'ਸਿੰਘ' ਜਾਂ 'ਕੌਰ' ਹੋਣਾ ਜ਼ਰੂਰੀ ਨਹੀਂ ਹੈ। ਅਖਨੂਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਤਿਆਰ ਵੋਟਰ ਲਿਸਟ ਨੂੰ ਲੈਕੇ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ ਕਿ ਕੁਝ ਗੈਰ-ਸਿੱਖ ਵੋਟਰਾਂ ਨੂੰ ਸ਼ਾਮਲ ਕੀਤਾ ਗਿਆ ਹੈ।ਪਟੀਸ਼ਨਕਰਤਾ ਨੇ ਦਲੀਲ ਦਿੱਤੀ ਸੀ ਕਿ ਸਿਰਫ਼ 'ਸਿੰਘ' ਜਾਂ 'ਕੌਰ' ਨੂੰ ਹੀ ਵੋਟਿੰਗ ਦਾ ਅਧਿਕਾਰ ਹੈ । ਕਾਨੂੰਨੀ ਅਪੀਲ ਅਥਾਰਟੀ ਵੱਲੋਂ ਪਟੀਸ਼ਨ ਰੱਦ ਕੀਤੇ ਜਾਣ ਤੋਂ ਬਾਅਦ ਪਟੀਸ਼ਨਕਰਤਾ ਨੇ ਹਾਈ ਕੋਰਟ ਅਰਜ਼ੀ ਪਾਈ ਸੀ । ਜਸਟਿਸ ਵਸੀਮ ਸਾਦਿਕ ਨਰਗਲ ਨੇ ਜੰਮੂ-ਕਸ਼ਮੀਰ ਸਿੱਖ ਗੁਰਦੁਆਰਾ ਐਕਟ 1973 ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ ਐਕਟ ਦੀ ਪਰਿਭਾਸ਼ਾ ਤੋਂ ਉਲਟ ਹੈ । ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦੇ ਉਪਨਾਮ 'ਚ "ਸਿੰਘ ਜਾਂ ਕੌਰ" ਨਹੀਂ ਹੈ ਪਰ ਫ਼ਿਰ ਵੀ ਉਹ ਸਿੱਖ ਵਜੋਂ ਜਾਣੇ ਜਾਂਦੇ ਹਨ ਕਿਉਂਕਿ ਸਿੱਖ ਧਰਮ ਉਨ੍ਹਾਂ ਦੇ ਦਿਲ ਵਿੱਚ ਹੈ ।

ਪਟੀਸ਼ਨਕਰਤਾ, ਨੇ ਅਖਨੂਰ 'ਚ ਡੀ.ਜੀ.ਪੀ.ਸੀ. ਦੀ ਚੋਣ ਲੜੀ ਸੀ ਅਤੇ ਹਾਰ ਗਿਆ ਸੀ । ਨਤੀਜਿਆਂ ਨੂੰ ਚੁਣੌਤੀ ਦਿੰਦੇ ਹੋਏ ਮੁੱਖ ਦਲੀਲ ਇਹ ਹੈ ਕਿ ਵੋਟਰ ਸੂਚੀ 'ਚ ਗੈਰ-ਸਿੱਖਾਂ ਦੇ ਨਾਮ ਹਨ ਜਿਨ੍ਹਾਂ ਦੀ ਪਛਾਣ ਉਨ੍ਹਾਂ ਦੇ ਉਪਨਾਮਾਂ 'ਚ 'ਸਿੰਘ' ਜਾਂ 'ਕੌਰ' ਦੀ ਗੈਰਹਾਜ਼ਰੀ ਕਾਰਨ ਕੀਤੀ ਗਈ ਸੀ। ਉਨ੍ਹਾਂ ਦਲੀਲ ਦਿਤੀ ਕਿ ਇਹ ਜੰਮੂ-ਕਸ਼ਮੀਰ ਸਿੱਖ ਗੁਰਦੁਆਰਾ ਅਤੇ ਧਾਰਮਿਕ ਬੰਦੋਬਸਤੀ ਨਿਯਮ, 1975 ਦੀ ਉਲੰਘਣਾ ਹੈ, ਜੋ ਸਿੱਖ ਨੂੰ ਉਸ ਵਿਅਕਤੀ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਕੇਸ ਰੱਖਦਾ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੰਮੂ-ਕਸ਼ਮੀਰ ਹਾਈ ਕੋਰਟ ਦੇ ਹੁਕਮਾਂ 'ਤੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਆਖਿਆ ਹੈ ਕਿ ਸਿੱਖਾਂ ਦੇ ਸਿਧਾਂਤਕ ਤੇ ਇਤਿਹਾਸਕ ਪਿਛੋਕੜ ਨੂੰ ਨਜ਼ਰਅੰਦਾਜ਼ ਕਰਕੇ ਕਿਸੇ ਸਿੱਖ ਦੀ ਪਛਾਣ ਨਿਰਧਾਰਤ ਕਰਨ ਦਾ ਕਿਸੇ ਦੁਨਿਆਵੀ ਅਦਾਲਤ ਨੂੰ ਕੋਈ ਅਧਿਕਾਰ ਨਹੀਂ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਜੰਮੂ-ਕਸ਼ਮੀਰ ਹਾਈਕੋਰਟ ਦਾ ਇਕ ਗੁਰਦੁਆਰਾ ਚੋਣ ਦੇ ਸਬੰਧ ਵਿੱਚ ਇੱਕ ਸਿੱਖ ਵੋਟਰ ਬਣਨ ਲਈ ਨਾਮ ਪਿੱਛੇ 'ਸਿੰਘ' ਜਾਂ 'ਕੌਰ' ਜ਼ਰੂਰੀ ਨਾ ਹੋਣ ਸਬੰਧੀ ਦਿੱਤਾ ਫ਼ੈਸਲਾ ਸਿੱਧੇ ਤੌਰ 'ਤੇ ਸਿੱਖ ਕੌਮ ਦੀ ਵੱਖਰੀ ਪਛਾਣ 'ਤੇ ਹਮਲਾ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਿੱਖਾਂ ਦੇ ਨਾਵਾਂ ਪਿੱਛੇ 'ਸਿੰਘ' ਅਤੇ 'ਕੌਰ' ਲੱਗਣ ਦਾ ਇੱਕ ਲਾਸਾਨੀ ਸਿਧਾਂਤਕ ਅਤੇ ਇਤਿਹਾਸਕ ਆਧਾਰ ਹੈ, ਜਿਸ ਨੂੰ ਅਣਗੌਲਿਆਂ ਕਰਕੇ ਸਿੱਖ ਪਛਾਣ ਬਾਰੇ ਕਿਸੇ ਦੁਨਿਆਵੀ ਅਦਾਲਤ ਵੱਲੋਂ ਫ਼ੈਸਲਾ ਸੁਣਾਉਣਾ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਦੁਖਾਉਣ ਵਾਲਾ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ਖ਼ਾਸ ਕਰਕੇ ਗੁਰਦੁਆਰਾ ਚੋਣਾਂ ਦੇ ਵੋਟਰ ਵਜੋਂ ਸਿੱਖ ਦੇ ਨਾਮ ਨਾਲ 'ਸਿੰਘ ਜਾਂ 'ਕੌਰ' ਲਿਖਣ ਨੂੰ ਅਦਾਲਤ ਵੱਲੋਂ ਗੈਰ-ਜ਼ਰੂਰੀ ਦੱਸਣਾ, ਗੁਰਦੁਆਰਾ ਪ੍ਰਬੰਧਾਂ ਵਿੱਚ ਅਸਿੱਧੇ ਤੌਰ 'ਤੇ ਬਾਹਰੀ ਦਖ਼ਲ ਦਾ ਰਾਹ ਖੋਲ੍ਹਣ ਦਾ ਖ਼ਦਸ਼ਾ ਜ਼ਾਹਰ ਕਰਦਾ ਹੈ, ਜੋ ਕਿ ਕਿਸੇ ਅਦਾਲਤ ਲਈ ਬਿਲਕੁਲ ਵੀ ਸ਼ੋਭਨੀਕ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਆਖਿਆ ਕਿ ਜੰਮੂ-ਕਸ਼ਮੀਰ ਹਾਈਕੋਰਟ ਦੁਆਰਾ ਸਿੱਖ ਪਛਾਣ ਦੇ ਸਬੰਧ ਵਿੱਚ ਸੁਣਾਏ ਫ਼ੈਸਲੇ ਵਿਰੁੱਧ ਕਾਨੂੰਨੀ ਆਧਾਰ 'ਤੇ ਚਾਰਾਜੋਈ ਕਰਨ ਅਤੇ ਇਸ ਫ਼ੈਸਲੇ ਨੂੰ ਮਨਸੂਖ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਆਖਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਭਾਵੇਂ ਜੰਮੂ ਕਸ਼ਮੀਰ ਹਾਈ ਕੋਰਟ ਦਾ ਫ਼ੈਸਲਾ ਉੱਥੋਂ ਦੇ ਅਖਨੂਰ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਹੈ ਪਰ ਇਸ ਨੇ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੇ ਉਲੰਘਣ ਦੇ ਨਾਲ-ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਸੱਟ ਮਾਰੀ ਹੈ। ਕਿਸੇ ਵੀ ਅਦਾਲਤ ਨੂੰ ਸਿੱਖਾਂ ਦੇ ਧਾਰਮਿਕ ਮਰਯਾਦਾ ਨਾਲ ਜੁੜੇ ਮਾਮਲੇ 'ਤੇ ਅਜਿਹੀ ਟਿੱਪਣੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜੰਮੂ ਕਸ਼ਮੀਰ ਹਾਈ ਕੋਰਟ ਦੇ ਫ਼ੈਸਲੇ ਬਾਰੇ ਸ਼੍ਰੋਮਣੀ ਕਮੇਟੀ ਕਾਨੂੰਨੀ ਮਾਹਿਰਾਂ ਪਾਸੋਂ ਘੋਖ ਕਰਵਾ ਕੇ ਯੋਗ ਕਾਰਵਾਈ (ਬਾਕੀ ਸਫ਼ਾ 30 'ਤੇ)




# ਭਾਰਤ ਦੀ ਅਰਥਵਿਵਸਥਾ ਸੰਕਟ ਵਿੱਚ ਫ਼ਸੀ

### ਕੌਮਾਂਤਰੀ ਮੁਦਰਾ ਫ਼ੰਡ ਵੱਲੋਂ ਭਾਰਤ ਨੂੰ ਚਿਤਾਵਨੀ ਕਿ ਉਸ ਦਾ ਸਰਕਾਰੀ ਕਰਜ਼ਾ ਜੀ. ਡੀ. ਪੀ. ਤੋਂ ਵੀ ਵਧੀਕ

### ਮੋਦੀ ਸਰਕਾਰ ਦੀ ਕੁੱਲ ਆਮਦਨ ਦਾ 48 ਪ੍ਰਤੀਸ਼ਤ ਹਿੱਸਾ ਕਰਜ਼ੇ ਦੇ ਵਿਆਜ ਦੇ ਰੂਪ 'ਚ ਜਾਂਦਾ ਹੈ

ਕੌਮਾਂਤਰੀ ਮੁਦਰਾ ਫ਼ੰਡ (ਆਈ ਐੱਮ ਐੱਫ਼) ਨੇ ਭਾਰਤ ਨੂੰ ਚਿਤਾਵਨੀ ਦਿੱਤੀ ਹੈ ਕਿ ਉਸ ਦਾ ਸਰਕਾਰੀ ਕਰਜ਼ਾ ਜੀ ਡੀ ਪੀ ਤੋਂ ਵੀ ਵਧ ਗਿਆ ਹੈ। ਇਹ ਕਿਸੇ ਵੀ ਦੇਸ਼ ਦੀ ਅਰਥਵਿਵਸਥਾ ਦੇ ਸੰਕਟ ਵਿੱਚ ਫ਼ਸ ਜਾਣ ਦੀ ਸਥਿਤੀ ਨੂੰ ਪੇਸ਼ ਕਰਦਾ ਹੈ । ਪਿਛਲੇ ਸਾਲ ਅਮਰੀਕੀ ਸਰਕਾਰ ਨੂੰ ਦੋ ਵਾਰ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ। ਅਮਰੀਕੀ ਸਰਕਾਰ ਨੇ ਕਰਜ਼ੇ ਦੀ ਹੱਦ ਪਾਰ ਕਰ ਲਈ ਸੀ, ਜਿਸ ਕਾਰਨ ਸਰਕਾਰੀ ਕੰਮਕਾਜ ਬੰਦ ਹੋਣ ਦੀ ਸਥਿਤੀ ਬਣ ਗਈ ਸੀ । ਇਸ ਸੰਕਟ ਵਿੱਚੋਂ ਨਿਕਲਣ ਲਈ ਸਰਕਾਰ ਤੇ ਵਿਰੋਧੀ ਧਿਰ ਨੂੰ ਮਿਲ ਕੇ ਲੱਭਣਾ ਪਿਆ ਸੀ ।

ਵਿਸ਼ਵ ਬੈਂਕ ਤੇ ਕੌਮਾਂਤਰੀ ਮੁਦਰਾ ਫ਼ੰਡ ਦੇ ਪੈਮਾਨੇ ਅਨੁਸਾਰ ਕਿਸੇ ਵੀ ਦੇਸ਼ ਦੇ ਸਰਵਜਨਕ ਕਰਜ਼ੇ ਦਾ ਪੱਧਰ ਜੀ ਡੀ ਪੀ ਦੇ 60 ਫ਼ੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਸ ਤੋਂ ਉੱਪਰ ਜਾਣ ਉੱਤੇ ਖ਼ਤਰੇ ਦੀ ਘੰਟੀ ਵੱਜਣੀ ਸ਼ੁਰੂ ਹੋ ਜਾਂਦੀ ਹੈ । ਕਰਜ਼ੇ ਤੇ ਜੀ ਡੀ ਪੀ ਦਾ ਅਨੁਪਾਤ ਮੋਦੀ ਸਰਕਾਰ ਦੌਰਾਨ 2016 ਵਿੱਚ ਵਿਗੜਨਾ ਸ਼ੁਰੂ ਹੋਇਆ ਸੀ । 2016 ਵਿੱਚ ਕਰਜ਼ਾ ਜੀ ਡੀ ਪੀ ਦਾ 45 ਫ਼ੀਸਦੀ ਸੀ, ਕੋਵਿਡ ਤੋਂ ਪਹਿਲਾਂ 2020 ਵਿੱਚ ਇਹ 60 ਫ਼ੀਸਦੀ ਹੋ ਗਿਆ ਸੀ । ਇਸੇ ਤਰ੍ਹਾਂ ਹੀ ਸੂਬਿਆਂ ਦਾ ਕਰਜ਼ਾ 2016 ਦੇ 25 ਫ਼ੀਸਦੀ ਤੋਂ ਵਧ ਕੇ 31 ਫ਼ੀਸਦੀ ਹੋ ਗਿਆ ਸੀ। ਇਸ ਤਰ੍ਹਾਂ ਕੋਰੋਨਾ ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੇਂਦਰ ਤੇ ਰਾਜਾਂ ਦਾ ਕਰਜ਼ਾ ਜੀ ਡੀ ਪੀ ਦੇ 91 ਫ਼ੀਸਦੀ ਤੱਕ ਪੁੱਜ ਗਿਆ ਸੀ । ਲਾਕਡਾਊਨ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਸੀ। ਅੱਜ ਹਾਲਤ ਇਹ ਹੈ ਕਿ ਮੋਦੀ ਸਰਕਾਰ ਨੂੰ ਆਪਣੀ ਕੁੱਲ ਆਮਦਨ ਦਾ 48 ਫ਼ੀਸਦੀ ਕਰਜ਼ੇ ਦੇ ਵਿਆਜ ਨੂੰ ਚੁਕਾਉਣ ਵਿੱਚ ਦੇਣਾ ਪੈਂਦਾ ਹੈ।




ਇਸ ਸਮੇਂ ਭਾਰਤ ਦੁਨੀਆਂ ਦੇ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨੂੰ ਸੰਕਟਗ੍ਰਸਤ ਕਿਹਾ ਜਾਂਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਵੈਨਜ਼ੁਏਲਾ, ਇਟਲੀ, ਪੁਰਤਗਾਲ ਤੇ ਗਰੀਸ ਵਰਗੀਆਂ ਬਿਮਾਰ ਅਰਥਵਿਵਸਥਾਵਾਂ ਸ਼ਾਮਲ ਹਨ । ਗਰੀਸ ਡਿਫ਼ਾਲਟ ਹੋ ਚੁੱਕਾ ਹੈ, ਪੁਰਤਗਾਲ ਸੰਕਟ ਵਿੱਚ ਹੈ, ਇਟਲੀ 2009 ਵਿੱਚ ਹੀ ਜ਼ਖਮੀ ਹੋ ਗਿਆ ਸੀ ਤੇ ਵੈਨਜ਼ੁਏਲਾ ਦਰਦ ਝੱਲ ਰਿਹਾ ਹੈ। ਆਈ ਐੱਮ ਐੱਫ਼ ਨੇ ਦੋ ਸਾਲ ਪਹਿਲਾਂ ਵੀ ਭਾਰਤ ਨੂੰ ਚਿਤਾਵਨੀ ਦਿੱਤੀ ਸੀ, ਪਰ ਭਾਰਤ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੋ ਆਪਣੀ ਬੱਚਤ ਦਾ ਪੈਸਾ ਬੈਂਕਾਂ ਵਿੱਚ ਰੱਖਦੇ ਹਾਂ, ਬੈਂਕਾਂ ਉਸ ਨੂੰ ਕਰਜ਼ ਦੇ ਰੂਪ ਵਿੱਚ ਸਰਕਾਰਾਂ, ਕੰਪਨੀਆਂ ਤੇ ਆਮ ਲੋਕਾਂ ਨੂੰ ਦਿੰਦੀਆਂ ਹਨ। ਆਈ ਐੱਮ ਐੱਫ਼ ਸਿਰਫ਼ ਕੇਂਦਰ ਤੇ ਰਾਜਾਂ ਵੱਲੋਂ ਲਏ ਕਰਜ਼ੇ ਦੀ ਹੀ ਗੱਲ ਕਰਦਾ ਹੈ, ਜਦੋਂ ਕਿ ਕਰਜ਼ੇ ਦਾ ਤਾਣਾ-ਬਾਣਾ ਲੰਮਾ ਹੈ । ਇਸ ਵਿੱਚ ਕੰਪਨੀਆਂ ਦਾ ਕਰਜ਼ਾ, ਹੋਮ ਲੋਨ ਤੇ ਪਰਸਨਲ ਲੋਨ ਆਦਿ ਮਿਲਾ ਕੇ ਇੱਕ ਲੰਮੀ-ਚੌੜੀ ਕਰਜ਼ ਦੀ ਦੁਨੀਆਂ ਬਣ ਜਾਂਦੀ ਹੈ । ਕੌਮਾਂਤਰੀ ਮੁਦਰਾ ਫ਼ੰਡ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਬੈਂਕਾਂ ਤੇ ਸਰਕਾਰ ਦਾ ਗਠਜੋੜ ਬਣਿਆ ਹੋਇਆ ਹੈ। ਸਰਕਾਰਾਂ ਵੱਡੀਆਂ-ਵੱਡੀਆਂ ਯੋਜਨਾਵਾਂ ਲਈ ਅੰਧਾ-ਧੁੰਦ ਕਰਜ਼ੇ ਲੈਂਦੀਆਂ ਹਨ। ਬੈਂਕਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਸਰਕਾਰ ਦੇ ਪ੍ਰੋਗਰਾਮਾਂ ਵਿੱਚ ਪੈਸੇ ਲਾਉਣ ਤੇ ਸਰਕਾਰੀ + (ਬਾਕੀ ਸਫ਼ਾ 30 'ਤੇ)

## ਅਮਰੀਕਾ ਨੇ ਇਜ਼ਰਾਈਲ ਨੂੰ ਦਿੱਤਾ ਵੱਡਾ ਝਟਕਾ

# ਫ਼ਲਸਤੀਨੀ ਸਟੇਟ ਤੋਂ ਬਿਨਾਂ ਨਹੀਂ ਹੱਲ ਹੋਵੇਗਾ ਇਜ਼ਰਾਈਲ-ਹਮਾਸ ਦਾ ਵਿਵਾਦ

ਇਜ਼ਰਾਈਲ ਅਤੇ ਫਲਸਤੀਨ ਵਿਚਾਲੇ ਚੱਲ ਰਹੇ ਵਿਵਾਦ ਨੂੰ ਲੈ ਕੇ ਅਮਰੀਕਾ ਦਾ ਅਹਿਮ ਬਿਆਨ ਆਇਆ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ ਹੈ ਕਿ ਖੇਤਰ ਵਿੱਚ ਇਜ਼ਰਾਈਲ ਦੀਆਂ ਲੰਬੇ ਸਮੇਂ ਦੀਆਂ ਸੁਰੱਖਿਆ ਚੁਣੌਤੀਆਂ ਦਾ ਹੱਲ ਫਲਸਤੀਨੀ ਰਾਜ ਤੋਂ ਬਿਨਾਂ ਨਹੀਂ ਹੋਵੇਗਾ। ਇਸ ਦੇ ਨਾਲ ਹੀ, ਗਾਜ਼ਾ ਪੁਨਰ ਨਿਰਮਾਣ ਦੀਆਂ ਥੋੜ੍ਹੇ ਸਮੇਂ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਫਲਸਤੀਨੀ ਰਾਜ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੈ। ਮਿਲਰ ਨੇ ਇਹ ਵੀ ਕਿਹਾ ਕਿ ਇਸ ਸਮੇਂ ਇਜ਼ਰਾਈਲ ਕੋਲ ਇੱਕ ਮੌਕਾ ਹੈ ਕਿਉਂਕਿ ਇਸ ਖੇਤਰ ਦੇ ਦੇਸ਼ ਇਸ ਨੂੰ ਸੁਰੱਖਿਆ ਦਾ ਭਰੋਸਾ ਦੇਣ ਲਈ ਤਿਆਰ ਹਨ।

ਮਿਲਰ ਦੀਆਂ ਟਿੱਪਣੀਆਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਕਹਿਣ ਤੋਂ ਬਾਅਦ ਆਈਆਂ ਹਨ ਕਿ ਉਨ੍ਹਾਂ ਨੂੰ ਕਿਸੇ ਵੀ ਫ਼ਲਸਤੀਨੀ ਰਾਜ ਦੇ ਦਰਜੇ 'ਤੇ ਇਤਰਾਜ਼ ਹੈ ਜੋ ਇਜ਼ਰਾਈਲ ਦੀ ਸੁਰੱਖਿਆ ਦੀ ਗਰੰਟੀ ਨਹੀਂ ਦਿੰਦਾ। ਨੇਤਨਯਾਹੂ ਦੇ ਬਿਆਨ ਤੋਂ ਇਲਾਵਾ ਅਮਰੀਕਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਫਲਸਤੀਨੀ ਰਾਜ ਤੋਂ ਬਿਨਾਂ ਖੇਤਰ ਵਿੱਚ ਸ਼ਾਂਤੀ ਸੰਭਵ ਨਹੀਂ ਹੈ। ਮਿਲਰ ਦਾ ਇਹ ਬਿਆਨ ਇਸ ਲਈ ਵੀ ਅਹਿਮ ਹੈ ਕਿਉਂਕਿ ਗਾਜ਼ਾ 'ਚ ਚੱਲ ਰਹੀ ਜੰਗ 'ਚ ਅਮਰੀਕਾ ਇਸਰਾਈਲ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਨਜ਼ਰ ਆ ਰਿਹਾ ਹੈ। ਹਾਲ ਹੀ ਵਿੱਚ ਸਾਊਦੀ ਅਰਬ ਦੇ ਵਿਦੇਸ਼ ਮੰਤਰੀ ਫ਼ੈਜ਼ਲ ਬਿਨ ਫ਼ਰਹਾਨ ਨੇ ਵੀ ਕਿਹਾ ਹੈ ਕਿ ਜੇਕਰ ਅਜਿਹਾ ਸਮਝੌਤਾ ਹੁੰਦਾ ਹੈ ਜਿਸ ਵਿੱਚ ਫ਼ਲਸਤੀਨ ਨੂੰ ਰਾਜ ਦਾ ਦਰਜਾ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦਾ ਦੇਸ਼ ਵੀ ਇਜ਼ਰਾਈਲ ਨੂੰ ਮਾਨਤਾ ਦੇਵੇਗਾ। ਜਦ ਕਿ ਇਜ਼ਰਾਈਲ ਗਾਜ਼ਾ ਨੂੰ ਪੂਰੀ ਦੁਨੀਆਂ ਤੋਂ ਕੱਟਣਾ ਚਾਹੁੰਦਾ ਹੈ। ਬੀਤੇ ਦਿਨੀਂ ਨੇਤਨਯਾਹੂ ਨੇ ਮਿਸਰ ਦੀ ਸਰਹੱਦ 'ਤੇ ਕਬਜ਼ਾ ਕਰਨ ਦਾ ਐਲਾਨ ਕੀਤਾ ਸੀ।



ਯਾਦ ਰਹੇ ਕਿ ਗਾਜ਼ਾ ਵਿੱਚ ਪਿਛਲੇ ਸਾਲ 7 ਅਕਤੂਬਰ ਤੋਂ ਲੜਾਈ ਚੱਲ ਰਹੀ ਹੈ। 7 ਅਕਤੂਬਰ ਨੂੰ ਹਮਾਸ ਨੇ ਦੱਖਣੀ ਇਜ਼ਰਾਈਲ 'ਤੇ ਹਮਲਾ ਕਰਕੇ 1,200 ਯਹੂਦੀਆਂ ਦੀ ਹੱਤਿਆ ਕਰ ਦਿੱਤੀ ਅਤੇ ਲਗਭਗ 240 ਯਹੂਦੀਆਂ ਨੂੰ ਅਗਵਾ ਕਰ ਲਿਆ। ਇਸ ਤੋਂ ਬਾਅਦ ਇਜ਼ਰਾਈਲ ਨੇ ਗਾਜ਼ਾ ਪੱਟੀ 'ਤੇ ਹਮਲਾ ਕੀਤਾ। ਗਾਜ਼ਾ ਪੱਟੀ 'ਤੇ ਇਜ਼ਰਾਇਲੀ ਹਮਲਿਆਂ ਵਿੱਚ 24,620 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਹਮਲਿਆਂ 'ਚ 50 ਹਜ਼ਾਰ ਤੋਂ ਜ਼ਿਆਦਾ ਲੋਕ ਜ਼ਖਮੀ ਹੋਏ ਹਨ ਅਤੇ ਕਈ ਲੋਕਾਂ ਦੇ ਇਮਾਰਤਾਂ ਦੇ ਮਲਬੇ ਹੇਠਾਂ ਦੱਬੇ ਹੋਣ ਦਾ ਖਦਸ਼ਾ ਹੈ। ਦੁਨੀਆਂ ਭਰ ਦੇ ਦੇਸ਼ ਖਾਸ ਕਰਕੇ ਗਾਜ਼ਾ 'ਚ ਬੱਚਿਆਂ ਅਤੇ ਔਰਤਾਂ ਦੀਆਂ ਮੌਤਾਂ 'ਤੇ ਚਿੰਤਾ ਪ੍ਰਗਟ ਕਰ ਰਹੇ ਹਨ। ਗਾਜ਼ਾ ਦੀ ਲਗਭਗ 80 ਪ੍ਰਤੀਸ਼ਤ ਆਬਾਦੀ ਪਿਛਲੇ ਤਿੰਨ ਮਹੀਨਿਆਂ ਵਿੱਚ ਉਜੜ ਗਈ ਹੈ। ਲੱਖਾਂ ਲੋਕਾਂ ਨੂੰ ਸ਼ੈਲਟਰਾਂ ਵਿੱਚ ਰਹਿਣਾ ਪੈਂਦਾ ਹੈ, ਇੱਕ ਵੱਡਾ ਮਨੁੱਖੀ ਸੰਕਟ ਪੈਦਾ ਹੋ ਰਿਹਾ ਹੈ। ਅਜਿਹੇ 'ਚ ਦੁਨੀਆਂ ਦੇ ਕਈ ਦੇਸ਼ ਇਸ ਜੰਗ ਨੂੰ ਰੋਕਣ ਅਤੇ ਵਿਵਾਦ ਨੂੰ ਸੁਲਝਾਉਣ ਦੀ ਮੰਗ ਕਰ ਰਹੇ ਹਨ।

# ਬਣ ਸਕਦੀ ਹੈ ਪੰਜਾਬ ਵਿੱਚ ਨਵੀਂ ਸਿਆਸੀ ਪਾਰਟੀ

**ਕਮਲਜੀਤ ਸਿੰਘ ਬਨਵੈਤ**

## ਖਹਿਰਾ ਨੇ ਭਗਵੰਤ ਮਾਨ ਵਿਰੁੱਧ ਖੋਲਿਆ ਮੋਰਚਾ

### ਪੰਜਾਬ ਦੇ ਬਹੁਗਿਣਤੀ ਕਾਂਗਰਸੀ 'ਆਪ' ਨਾਲ ਸਮਝੌਤਾ ਕਰਨ ਤੋਂ ਇਨਕਾਰੀ

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸੂਬਾ ਇਕਾਈ ਦੇ ਸੀਨੀਅਰ ਨੇਤਾਵਾਂ ਦੀ ਪ੍ਰਵਾਹ ਨਾ ਕਰਦਿਆਂ 'ਜਿੱਤੇਗਾ ਪੰਜਾਬ' ਨਾਂ ਹੇਠ ਰੈਲੀਆਂ ਦਾ ਸਿਲਸਿਲਾ ਟੁੱਟਣ ਨਹੀਂ ਦਿੱਤਾ ਹੈ। ਉਹ ਅਗਲੀ ਰੈਲੀ 21 ਜਨਵਰੀ ਨੂੰ ਮੋਗਾ ਵਿੱਚ ਕਰਨ ਜਾ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਵਜੋਤ ਸਿੱਧੂ ਦਾ ਰਾਹ ਰੋਕਦਿਆਂ ਰੋਕਦਿਆਂ ਹੰਭ ਗਏ ਹਨ। ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਦਵਿੰਦਰ ਯਾਦਵ ਨੂੰ ਵੀ ਦੰਦਾਂ ਹੇਠ ਜੀਭ ਦੇਣੀ ਪਈ ਹੈ। ਕਾਂਗਰਸ ਦੀ ਹਾਈ ਕਮਾਂਡ ਚੁੱਪ ਧਾਰੀ ਬੈਠੀ ਹੈ। ਨਵਜੋਤ ਸਿੰਘ ਸਿੱਧੂ ਨੇ ਮੈਦਾਨ ਵਿੱਚ ਮੁੜ ਸਰਗਰਮੀ ਨਾਲ ਕੁੱਦਣ ਦੇ ਸ਼ੁਰੂ ਵਿੱਚ ਕਾਂਗਰਸ ਹਾਈ ਕਮਾਂਡ ਦੇ ਇੰਡੀਆ ਗੱਠ ਜੋੜ ਵਿੱਚ ਸ਼ਾਮਿਲ ਹੋਣ ਦੇ ਫੈਸਲੇ ਨੂੰ ਸਹੀ ਦੱਸ ਕੇ ਆਪਣੇ ਨੰਬਰ ਬਣਾ ਲਏ ਸਨ। ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਲੰਘੇ ਕੱਲ੍ਹ ਜੇਲ੍ਹ ਵਿੱਚੋਂ ਬਾਹਰ ਆਉਂਦਿਆਂ ਹਾਈ ਕਮਾਂਡ ਦੇ ਫੈਸਲੇ ਦੇ ਹੱਕ ਵਿੱਚ ਬਿਆਨ ਦਾਗਦਿਆਂ ਕਹਿ ਦਿੱਤਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਹ ਨਿੱਜੀ ਤੌਰ 'ਤੇ ਨਜਿੱਠਣਗੇ। ਮਰਹੂਮ ਸਿੱਧੂ ਮੂਸੇ ਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਵੀ ਖਹਿਰਾ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਹੈ। ਸਿੱਧੂ ਦੇ ਹੱਕ ਵਿੱਚ ਇੱਕ ਇਹ ਵੀ ਗੱਲ ਜਾਂਦੀ ਹੈ ਕਿ ਉਨ੍ਹਾਂ ਨੇ ਕਾਂਗਰਸ ਦੇ ਸਾਬਕਾ ਵਿਧਾਇਕਾਂ ਨਾਜਰ ਸਿੰਘ ਮਾਨਸ਼ਾਹੀਆ ਅਤੇ ਸੁਰਜੀਤ ਕੁਮਾਰ ਸਮੇਤ ਪਾਰਟੀ ਦੇ ਇੱਕ ਧੜੇ ਨੂੰ ਆਪਣੇ ਮਗਰ ਤੋਰ ਲਿਆ ਹੈ। ਨਵਜੋਤ ਸਿੰਘ ਸਿੱਧੂ, ਗੋਪਾਲ ਸਿੰਘ ਖਹਿਰਾ ਅਤੇ ਬਲਕੌਰ ਸਿੰਘ ਨੇ ਚਾਹੇ ਹਾਲੇ ਤਕ ਸਿਆਸੀ ਤੌਰ 'ਤੇ ਹੱਥ ਮਿਲਾਉਣ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ ਪਰ ਨਿੱਤ ਦੀਆਂ ਸਰਗਰਮੀਆਂ ਤੋਂ ਅੰਦਾਜ਼ੇ ਲੱਗ ਗਏ ਹਨ ਕਿ ਤਿੰਨੋਂ ਨੇਤਾ ਰਲ ਕੇ ਇੱਕ ਵੱਖਰੀ ਪਾਰਟੀ ਖੜ੍ਹੀ ਕਰ ਸਕਦੇ ਹਨ। ਕਾਂਗਰਸ ਦਾ ਇੱਕ ਧੜਾ, ਜਿਹੜਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਨਾਲ ਰਲ ਕੇ ਤੁਰਨ ਲਈ ਤਿਆਰ ਨਹੀਂ ਹੈ, ਵੀ ਸਿੱਧੂ ਅਤੇ ਖਹਿਰਾ ਦੇ ਗੱਡੇ ਉੱਤੇ ਸਵਾਰ ਹੋ ਸਕਦਾ ਹੈ। ਬਲਕੌਰ ਸਿੰਘ ਦੀ ਕਾਂਗਰਸ ਨਾਲ ਪਹਿਲਾਂ ਹੀ ਨੇੜਤਾ ਹੈ ਪਰ ਉਹਨਾਂ ਦਾ ਸਿੱਧੂ ਅਤੇ ਖਹਿਰੇ ਨਾਲ ਖਾਸ ਮੋਹ ਲਗਦਾ ਹੈ। ਉਨ੍ਹਾਂ ਦੇ ਪੁੱਤਰ ਮਰਹੂਮ ਸਿੱਧੂ ਮੂਸੇ ਵਾਲੇ ਨੇ ਵੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਟਿਕਟ ਤੋਂ ਚੋਣ ਲੜੀ ਸੀ। ਇਨ੍ਹਾਂ ਤਿੰਨਾਂ ਨੇਤਾਵਾਂ ਦੀ ਇੱਕ ਖਾਸੀਅਤ ਇਹ ਹੈ ਕਿ ਉਹ ਨਿਧੜਕ, ਬੇਵਾਕ ਲੀਡਰਾਂ ਵਜੋਂ ਜਾਣੇ ਜਾਂਦੇ ਹਨ ਅਤੇ ਉਨ੍ਹਾਂ ਦਾ ਹਾਲੇ ਤਕ ਦਾਮਨ ਵੀ ਸਾਫ ਸੁਥਰਾ ਦਿਸ ਰਿਹਾ ਹੈ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਸਿਆਸੀ ਗਠਜੋੜ ਦੀ ਸ਼ੁਰੂਆਤ ਚੰਡੀਗੜ੍ਹ ਤੋਂ ਹੋ ਗਈ ਹੈ। ਮੇਅਰ ਦਾ ਅਹੁਦਾ ਆਮ ਆਦਮੀ ਪਾਰਟੀ ਦੀ ਝੋਲੀ ਪਾ ਦਿੱਤਾ ਗਿਆ ਹੈ ਜਦੋਂ ਕਿ ਲੋਕ ਸਭਾ ਦੀ ਸੀਟ 'ਤੇ ਕਾਂਗਰਸ ਦਾ ਕਬਜ਼ਾ ਬਰਕਰਾਰ ਰਹੇਗਾ। ਚੰਡੀਗੜ੍ਹ ਨਗਰ ਨਿਗਮ ਦੇ ਸੀਨੀਅਰ ਮੇਅਰ ਅਤੇ ਡਿਪਟੀ ਮੇਅਰ ਲਈ ਕਾਂਗਰਸ ਦੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਗਏ ਹਨ। ਦਿੱਲੀ ਵਿੱਚ ਵੀ ਲੋਕ ਸਭਾ ਦੀਆਂ ਸੱਤ ਸੀਟਾਂ ਵਿੱਚੋਂ ਚਾਰ ਤਿੰਨ ਦਾ ਗੁਣਾ ਪੈਣ ਦੀਆਂ ਕਨਸੋਆਂ ਹਨ। ਹਰਿਆਣਾ ਵਿੱਚ ਲੋਕ ਸਭਾ ਦੀਆਂ ਚੋਣਾਂ



ਕਾਂਗਰਸ ਅਤੇ ਆਮ ਆਦਮੀ ਪਾਰਟੀ ਰਲ ਕੇ ਲੜ ਸਕਦੀ ਹੈ ਜਦਕਿ ਭਾਜਪਾ ਦੀ ਭਾਈਵਾਲ ਪਾਰਟੀ ਜੇ ਜੇ ਪੀ ਅੱਖਾਂ ਦਿਖਾਉਣ ਲੱਗੀ ਹੈ।

ਇੱਥੇ ਤੁਹਾਡੇ ਨਾਲ ਇਹ ਵਿਚਾਰ ਸਾਂਝਾ ਕਰਨਾ ਵੀ ਦਿਲਚਸਪ ਰਹੇਗਾ ਕਿ ਜੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿੱਚ ਸਮਝੌਤਾ ਨਹੀਂ ਹੁੰਦਾ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਰਲ ਕੇ ਚੋਣ ਨਹੀਂ ਲੜਦੀਆਂ ਤਾਂ ਸਿੱਧੂ ਖਹਿਰਾ ਗਠਜੋੜ ਪਹਿਲੀਆਂ ਚੋਣਾਂ ਦੌਰਾਨ ਹੀ ਆਪਣੀ ਹੋਂਦ ਦਿਖਾ ਸਕੇਗਾ।

ਸੁਖਪਾਲ ਸਿੰਘ ਖਹਿਰਾ ਨੇ ਵਿਧਾਨ ਸਭਾ ਦੀ ਪਿਛਲੀ ਚੋਣ ਜੇਲ੍ਹ ਵਿੱਚੋਂ ਬਾਹਰ ਆ ਕੇ ਜਿੱਤੀ ਸੀ। ਉਹ ਵਿਧਾਇਕ ਬਣਨ ਤੋਂ ਬਾਅਦ ਆਮ ਆਦਮੀ ਪਾਰਟੀ ਵਿਸ਼ੇਸ਼ ਕਰਕੇ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਉੱਤੇ ਸੂਈ ਧਰਦੇ ਰਹੇ ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਉਹਨਾਂ ਨੂੰ ਪੁਰਾਣੇ



ਐੱਨਡੀਪੀਐੱਸ ਐਕਟ ਤਹਿਤ ਜੇਲ੍ਹ ਵਿੱਚ ਮੁੜ ਡੱਕ ਦਿੱਤਾ ਸੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਉਹਨਾਂ ਨੂੰ ਐੱਨਡੀਪੀਐੱਸ ਐਕਟ ਕੇਸ ਵਿੱਚ ਜਦੋਂ ਜ਼ਮਾਨਤ ਦੇ ਦਿੱਤੀ ਤਾਂ ਉਸ ਤੋਂ ਪਲਾਂ ਬਾਅਦ ਹੀ ਉਸਦੇ ਖ਼ਿਲਾਫ਼ ਡਰਾਉਣ ਧਮਕਾਉਣ ਨਾਲ ਸੰਬੰਧਿਤ ਫੌਜਦਾਰੀ ਕੇਸ ਦਰਜ ਕਰ ਲਿਆ ਗਿਆ ਸੀ। ਇਸ ਕੇਸ ਵਿੱਚੋਂ ਉਹਨਾਂ ਨੂੰ ਜ਼ਮਾਨਤ ਮਿਲ ਗਈ ਸੀ ਅਤੇ ਉਹ ਨਾਭਾ ਜੇਲ੍ਹ ਵਿੱਚੋਂ ਬਾਹਰ ਆ ਚੁੱਕੇ ਹਨ। ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਨਵੀਂ ਪਟੀਸ਼ਨ ਦਾਇਰ ਕਰਕੇ ਐੱਨਡੀਪੀਐੱਸ ਕੇਸ ਵਿੱਚ ਰਿਹਾਅ ਹੋਣ ਤੋਂ ਤੁਰੰਤ ਬਾਅਦ ਉਸ ਖ਼ਿਲਾਫ਼ ਕੇਸ ਦਰਜ ਕਰਨ ਦੀ ਜਾਣਕਾਰੀ ਦੇ ਦਿੱਤੀ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਵੱਲੋਂ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਵਾਂ ਕੇਸ ਦਰਜ ਕਰਕੇ ਜੇਲ੍ਹ ਅੰਦਰ ਸੁੱਟਣ ਲਈ ਵੰਗਾਰਿਆ ਹੈ। ਮਜੀਠੀਆ ਵੀ ਸੁਖਪਾਲ ਸਿੰਘ ਖਹਿਰਾ ਅਤੇ ਨਵਜੋਤ ਸਿੰਘ ਸਿੱਧੂ ਦੀ ਤਰ੍ਹਾਂ ਬਿਨਾਂ ਕਿਸੇ ਭੈਅ ਤੋਂ ਗਰਜਦੇ ਆ ਰਹੇ ਹਨ।

ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਰਮਿਆਨ ਪਏ ਨਵੇਂ ਪੇਚੇ ਦਾ ਜ਼ਿਕਰ ਕੀਤੇ ਬਿਨਾਂ ਗੱਲ ਅਧੂਰੀ ਰਹਿ ਜਾਵੇਗੀ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਸਿੱਧੂ ਅਤੇ ਹੋਰਾਂ ਵੱਲੋਂ ਪੰਜਾਬ ਦੇ ਰੂਪ ਨਗਰ ਵਿੱਚ ਗੈਰ ਕਾਨੂੰਨੀ ਖਣਨ ਦੇ ਮਾਮਲੇ ਵਿੱਚ ਦਾਇਰ ਪਟੀਸ਼ਨ 'ਤੇ ਸੂਬਾ ਸਰਕਾਰ ਸਬੰਧਤ ਜ਼ਿਲ੍ਹਾ ਮਜਿਸਟਰੇਟ ਅਤੇ ਹੋਰ ਸੰਬੰਧਿਤ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਪਟੀਸ਼ਨ ਵਿੱਚ ਗੈਰ ਕਾਨੂੰਨੀ ਖਣਨ ਰੁਕਵਾਉਣ ਅਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਜਾਂਚ ਮਗਰੋਂ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਸੀ।

ਨਵਜੋਤ ਸਿੰਘ ਸਿੱਧੂ ਕਾਂਗਰਸ ਪਾਰਟੀ ਵਿੱਚ ਰਹਿ ਕੇ ਜਿਵੇਂ ਆਪਣੀ ਵੱਖਰੀ ਡਫਲੀ ਵਜਾ ਰਹੇ ਹਨ, ਜੇ ਹਾਈ ਕਮਾਂਡ ਨੂੰ ਉਹਨਾਂ ਦੇ ਚੋਣਾਂ ਤੋਂ ਪਹਿਲਾਂ ਤਿੜ ਕ ਜਾਣ ਦੀ ਭਿਣਕ ਨਾ ਪਈ ਹੁੰਦੀ ਤਾਂ ਹੁਣ ਤਕ ਸਿੱਧੂ ਨੂੰ ਬਾਹਰ ਦਾ ਰਸਤਾ ਕਦੋਂ ਦਾ ਦਿਖਾ ਦਿੱਤਾ ਹੁੰਦਾ। ਗਠਜੋੜ ਆਮ ਆਦਮੀ ਪਾਰਟੀ ਜਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚ ਹੋਵੇ, ਦੋਹਾਂ ਨੂੰ ਆਪਣਾ ਉੱਲੂ ਸਿੱਧਾ ਕਰਨ ਦਾ ਨਾਂ ਦਿੱਤਾ ਜਾ ਸਕਦਾ ਹੈ। ਪਰ ਜੇ ਸਿਆਸੀ ਲੀਡਰਾਂ ਦੀਆਂ ਜ਼ਮੀਰਾਂ ਹੀ ਮਰ ਜਾਣ ਜਾਂ ਉਨ੍ਹਾਂ ਦੀਆਂ ਜ਼ਮੀਰਾਂ ਉਹਨਾਂ ਨੂੰ ਨਾ ਝੰਜੋੜਨ ਤਾਂ ਵੋਟਰ ਵਿਚਾਰੇ ਕੀ ਕਰਨ, ਉਹ ਵੀ ਉੱਥੇ ਜਿੱਥੇ ਆਵਾ ਹੀ ਊਤ ਗਿਆ ਹੋਵੇ।

## ਕੇਜਰੀਵਾਲ ਦੀਆਂ ਸਿਆਸੀ ਸੈਰਾਂ ਕਾਰਨ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਪੰਡ ਹੋਈ ਹੋਰ ਭਾਰੀ

### ਗੋਆ ਦੀ ਸੈਰ ਲਈ ਮੁੱਖ ਮੰਤਰੀ ਮਾਨ ਨੇ ਫਿਰ ਖੋਲ੍ਹਿਆ ਪੰਜਾਬ ਦੇ ਖ਼ਜ਼ਾਨੇ ਦਾ ਮੂੰਹ

ਜਲੰਧਰ/ਏ.ਟੀ.ਨਿਊਜ਼ : ਸਿਰ ਤੋਂ ਲੈ ਕੇ ਪੈਰਾਂ ਤੱਕ ਕਰਜ਼ੇ 'ਚ ਡੁੱਬੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇੱਕ ਵਾਰ ਫਿਰ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਕੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਲਈ ਉਨ੍ਹਾਂ ਨਾਲ ਗੋਆ ਦੀ ਯਾਤਰਾ 'ਤੇ ਹਨ। ਉਨ੍ਹਾਂ ਵੱਲੋਂ ਆਪਣੇ ਸਿਆਸੀ 'ਆਕਾ' ਲਈ ਫਿਰ ਪੰਜਾਬ ਦੇ ਖ਼ਜ਼ਾਨੇ ਦਾ ਮੂੰਹ ਖੋਲ੍ਹ ਦਿੱਤਾ ਗਿਆ ਹੈ, ਜਦਕਿ ਇਸ ਤੋਂ ਪਹਿਲਾਂ ਵੀ ਲੰਘੇ ਸਾਲ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਗਵੰਤ ਮਾਨ ਵੱਲੋਂ ਕੇਜਰੀਵਾਲ ਲਈ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਦੋਵੇਂ ਹੱਥੀਂ ਲੁਟਾਇਆ ਗਿਆ ਸੀ।



ਉਨ੍ਹਾਂ ਵੱਲੋਂ ਕੇਜਰੀਵਾਲ ਨੂੰ ਨਾ ਕੇਵਲ ਲਗਜ਼ਰੀ ਜਹਾਜ਼ਾਂ 'ਤੇ ਇਨ੍ਹਾਂ ਰਾਜਾਂ ਦੀ ਸੈਰ ਕਰਵਾਈ ਗਈ ਸੀ, ਸਗੋਂ ਇਨ੍ਹਾਂ ਰਾਜਾਂ ਵਿੱਚ ਪਾਰਟੀ ਪ੍ਰਚਾਰ ਲਈ ਵੀ ਪੰਜਾਬ ਦਾ ਸਰਕਾਰੀ ਪੈਸਾ ਪਾਣੀ ਵਾਂਗ ਵਹਾਇਆ ਗਿਆ ਸੀ। ਹਾਲਾਂ ਕਿ ਬਾਅਦ 'ਚ ਆਏ ਚੋਣ ਨਤੀਜਿਆਂ 'ਚ ਪਾਰਟੀ ਦੀ ਨਮੋਸ਼ੀ ਜਨਕ ਹਾਰ ਨੇ ਨਾ ਕੇਵਲ ਆਪ ਪਾਰਟੀ ਨੂੰ ਉਸ ਦੀ ਅਸਲ ਥਾਂ ਹੀ ਦਿਖਾਈ ਸੀ, ਸਗੋਂ ਕੇਜਰੀਵਾਲ ਵੱਲੋਂ ਕੌਮੀ ਪੱਧਰ 'ਤੇ ਖ਼ੁਦ ਨੂੰ ਸਥਾਪਿਤ ਕਰਨ ਸਬੰਧੀ ਦੇਖੇ ਜਾ ਰਹੇ ਸੁਪਨਿਆਂ ਨੂੰ ਵੀ ਚਕਨਾਚੂਰ ਕਰਕੇ ਰੱਖ ਦਿੱਤਾ ਸੀ। ਇੱਥੇ ਹੀ ਬੱਸ ਨਹੀਂ ਭਗਵੰਤ ਮਾਨ ਵੀ ਇਨ੍ਹਾਂ ਚੋਣਾਂ 'ਚ ਪਾਰਟੀ ਨੂੰ ਨੋਟਾ ਤੋਂ ਵੀ ਘੱਟ ਵੋਟਾਂ ਮਿਲਣ ਸਬੰਧੀ ਕੋਈ ਸੰਤੁਸ਼ਟੀਜਨਕ ਜਵਾਬ ਨਹੀਂ ਸਨ ਦੇ ਸਕੇ ਪਰ ਇਸ ਸਭ ਦੇ ਬਾਵਜੂਦ ਭਗਵੰਤ ਮਾਨ ਨੇ ਕੋਈ ਸਬਕ ਸਿੱਖਣ ਦੀ ਬਜਾਏ ਫਿਰ ਕੇਜਰੀਵਾਲ, ਸੰਸਦ ਮੈਂਬਰ ਰਾਘਵ ਚੱਢਾ ਤੇ ਸੰਦੀਪ ਪਾਠਕ ਨੂੰ ਨਾਲ ਲੈ ਕੇ ਗੋਆ ਦੀ ਸੈਰ 'ਤੇ ਜਾਣਾ ਹੀ ਬਿਹਤਰ ਸਮਝਿਆ। ਹਾਲਾਂ ਕਿ ਦੱਸਿਆ ਜਾ ਰਿਹਾ ਹੈ ਕਿ ਗੋਆ ਦੇ ਦੌਰੇ ਦੌਰਾਨ ਇਨ੍ਹਾਂ ਆਗੂਆਂ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਸਬੰਧੀ ਪਾਰਟੀ ਦੇ ਸਥਾਨਕ ਆਗੂਆਂ ਨਾਲ ਮੀਟਿੰਗਾਂ ਕਰਕੇ ਰਣਨੀਤੀ ਤੈਅ ਕੀਤੀ ਜਾਵੇਗੀ ਪਰ ਚਰਚਾ ਹੈ ਕਿ ਕੇਜਰੀਵਾਲ ਵੱਲੋਂ ਦਿੱਲੀ 'ਚ ਹੋਏ ਕਥਿਤ ਸ਼ਰਾਬ ਘੁਟਾਲੇ ਦੇ ਮਾਮਲੇ 'ਚ ਈ.ਡੀ. ਦੀ ਸੰਭਾਵੀ ਕਾਰਵਾਈ ਤੋਂ ਬਚਣ ਲਈ ਗੋਆ ਦਾ ਰੁਖ ਕੀਤਾ ਗਿਆ ਹੈ । ਇਸ ਸਭ ਦੇ ਦਰਮਿਆਨ ਕੇਜਰੀਵਾਲ ਦੇ ਗੋਆ 'ਚ ਪਾਰਟੀ ਸਰਗਰਮੀਆਂ 'ਚ ਹਿੱਸਾ ਲੈਣ ਦੀ ਗੱਲ ਤਾਂ ਸਮਝ 'ਚ ਆਉਂਦੀ ਹੈ ਪਰ ਭਗਵੰਤ ਮਾਨ ਵੱਲੋਂ ਗੋਆ ਵਰਗੇ ਸੂਬੇ 'ਚ ਜਿਸ ਦਾ ਪੰਜਾਬ ਨਾਲ ਕੋਈ ਵੀ ਲਾਗਾ ਦੇਗਾ ਨਹੀਂ, ਉਥੇ ਜਾ ਕੇ ਪਾਰਟੀ ਲਈ ਚੋਣ ਪ੍ਰਚਾਰ ਕਰਨਾ ਕਿਸੇ ਦੇ ਵੀ ਸਮਝ 'ਚ ਨਹੀਂ ਆ ਰਿਹਾ। ਭਗਵੰਤ ਮਾਨ ਵੱਲੋਂ ਇਸ ਤਰ੍ਹਾਂ ਕੇਜਰੀਵਾਲ ਨੂੰ ਖੁਸ਼ ਕਰਨ ਲਈ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਨੂੰ ਲੁਟਾਉਣ ਅਤੇ ਕਈ-ਕਈ ਦਿਨ ਤੱਕ ਸੂਬੇ ਤੋਂ ਬਾਹਰ ਰਹਿਣ 'ਤੇ ਆਮ ਲੋਕਾਂ ਵੱਲੋਂ ਪਹਿਲਾਂ ਵੀ ਸਖ਼ਤ ਇਤਰਾਜ਼ ਕੀਤਾ ਗਿਆ ਸੀ ਤੇ(**ਬਾਕੀ ਸਫ਼ਾ 31 'ਤੇ**)

## ਸ਼ਾਹੀ ਵਿਆਹ ਕਰਨ ਵਾਲੇ ਅਮੀਰ ਗੈਂਗਸਟਰਾਂ ਦੇ ਨਿਸ਼ਾਨੇ 'ਤੇ

### ਫ਼ਿਰੌਤੀ ਮੰਗਣ ਦੇ ਮਾਮਲੇ ਸਭ ਤੋਂ ਵੱਧ ਫ਼ਿਰੋਜ਼ਪੁਰ ਰੇਂਜ 'ਚ ਆਏ ਸਾਹਮਣੇ

ਚੰਡੀਗੜ੍ਹ/ ਏ.ਟੀ.ਨਿਊਜ਼ :ਪੰਜਾਬ ਵਿੱਚ ਵਿਆਹਾਂ ਸਮਾਗਮਾਂ ਜਾਂ ਖੁਸ਼ੀ ਦੇ ਹੋਰਨਾਂ ਮੌਕਿਆਂ 'ਤੇ ਪ੍ਰਭਾਵਸ਼ਾਲੀ ਅਤੇ ਮਹਿੰਗੇ ਸਮਾਗਮ ਕਰਨ ਵਾਲੇ ਵਿਅਕਤੀਆਂ ਨੂੰ ਗੈਂਗਸਟਰਾਂ ਵੱਲੋਂ ਫ਼ਿਰੌਤੀ ਮੰਗਣ ਲਈ ਫ਼ੋਨ ਕਾਲਾਂ ਅਤੇ ਵਟਸਐਪ ਸੁਨੇਹੇ ਭੇਜੇ ਜਾਣ ਦੀਆਂ ਘਟਨਾਵਾਂ ਸਾਹਮਣੇ ਆਉਣ ਲੱਗੀਆਂ ਹਨ। ਪੁਲਿਸ ਸੂਤਰਾਂ ਮੁਤਾਬਕ ਪਿਛਲੇ ਇੱਕ ਸਾਲ ਦੌਰਾਨ ਗੈਂਗਸਟਰਾਂ ਵੱਲੋਂ ਪੰਜਾਬ ਭਰ 'ਚ 525 ਦੇ ਕਰੀਬ ਫ਼ੋਨ ਕਾਲਾਂ ਕੀਤੀਆਂ ਗਈਆਂ ਅਤੇ ਸੁਨੇਹੇ ਭੇਜੇ ਗਏ। ਗੈਂਗਸਟਰਾਂ ਵੱਲੋਂ ਜਿਨ੍ਹਾਂ ਵਿਅਕਤੀਆਂ ਕੋਲੋਂ ਫ਼ਿਰੌਤੀ ਮੰਗੀ ਗਈ ਹੈ ਉਨ੍ਹਾਂ ਵਿੱਚ ਜ਼ਿਆਦਾਤਰ ਅਜਿਹੇ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਨੇ ਆਪਣੇ ਪੁੱਤ ਜਾਂ ਧੀ ਦੇ ਵਿਆਹ ਮੌਕੇ ਵੱਡਾ ਸਮਾਗਮ ਕੀਤਾ ਹੋਵੇ ਜਾਂ ਹੋਰ ਕਿਸੇ ਤਰ੍ਹਾਂ ਦੇ ਮਹਿੰਗੇ ਖਰਚ ਕਾਰਨ ਉਹ ਅਪਰਾਧੀ ਤੱਤਾਂ ਦੀ ਨਜ਼ਰ ਵਿੱਚ ਆ ਗਏ। ਪੰਜਾਬ ਵਿੱਚ ਸਰਦੀਆਂ ਦੀ ਰੁੱਤ ਦੌਰਾਨ ਸਭ ਤੋਂ ਜ਼ਿਆਦਾ ਵਿਆਹ ਸਮਾਗਮ ਹੁੰਦੇ ਹਨ। ਗੈਂਗਸਟਰਾਂ ਵੱਲੋਂ ਇਨ੍ਹਾਂ ਸਮਾਗਮਾਂ ਦੀ 'ਰੇਕੀ' ਕੀਤੀ ਜਾਂਦੀ ਹੈ ਅਤੇ ਫ਼ਿਰ ਵਿਆਹ ਸਮਾਗਮ ਕਰਨ ਵਾਲੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਅਜਿਹਾ ਹੀ ਇੱਕ ਤਾਜ਼ਾ ਮਾਮਲਾ ਪੰਜਾਬ ਦੇ ਇੱਕ ਸੇਵਾਮੁਕਤ ਆਈਏਐੱਸ ਅਧਿਕਾਰੀ ਦੀ ਧੀ ਨਾਲ ਵੀ ਵਾਪਰਿਆ ਹੈ। ਇਸ ਪਰਿਵਾਰ ਵੱਲੋਂ ਲੋਹੜੀ ਮੌਕੇ ਵੱਡਾ ਸਮਾਗਮ ਕੀਤਾ ਗਿਆ ਤਾਂ ਗੈਂਗਸਟਰਾਂ ਨੇ ਉਸ ਕੋਲੋਂ 50 ਲੱਖ



ਰੁਪਏ ਦੀ ਫ਼ਿਰੌਤੀ ਮੰਗ ਲਈ। ਜਿਨ੍ਹਾਂ ਵਿਅਕਤੀਆਂ ਕੋਲੋਂ ਗੈਂਗਸਟਰਾਂ ਨੇ ਫ਼ਿਰੌਤੀ ਮੰਗੀ ਉਨ੍ਹਾਂ ਨੇ ਪੁਲਿਸ ਕੋਲ ਪਹੁੰਚ ਵੀ ਕੀਤੀ। ਪੁਲਿਸ ਨੇ ਇੱਕ ਸਾਲ ਵਿੱਚ 200 ਤੋਂ ਵੱਧ ਕੇਸ ਦਰਜ ਕੀਤੇ ਹਨ। ਪੁਲਿਸ ਨੇ ਅਗਲੇਰੀ ਕਾਰਵਾਈ ਕਰਦਿਆਂ 100 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਕੋਲੋਂ 11 ਹਥਿਆਰ ਵੀ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਕੋਲੋਂ 90 ਲੱਖ ਰੁਪਏ ਤੇ ਦੋ ਦਰਜਨ ਵਾਹਨ ਵੀ ਬਰਾਮਦ ਕੀਤੇ ਗਏ ਹਨ। ਪੰਜਾਬ ਵਿੱਚ ਫ਼ਿਰੌਤੀ ਮੰਗਣ ਦੇ ਮਾਮਲੇ ਸਭ ਤੋਂ ਵੱਧ ਫ਼ਿਰੋਜ਼ਪੁਰ ਰੇਂਜ ਵਿੱਚ ਸਾਹਮਣੇ ਆਏ ਹਨ। ਇਸ ਰੇਂਜ ਵਿੱਚ 82 ਮਾਮਲੇ, ਫ਼ਰੀਦਕੋਟ ਵਿੱਚ 78, ਰੂਪਨਗਰ ਰੇਂਜ ਵਿੱਚ 69, ਸਰਹੱਦੀ ਰੇਂਜ 'ਚ 64, ਜਲੰਧਰ ਸ਼ਹਿਰ 'ਚ 46, ਜਲੰਧਰ ਰੇਂਜ 'ਚ 46, ਲੁਧਿਆਣਾ ਰੇਂਜ 'ਚ 38, ਬਠਿੰਡਾ ਰੇਂਜ ਵਿੱਚ 32, ਲੁਧਿਆਣਾ ਸ਼ਹਿਰ ਵਿੱਚ 29, ਪਟਿਆਲਾ ਰੇਂਜ ਵਿੱਚ 18 ਅਤੇ ਸਭ ਤੋਂ ਘੱਟ ਅੰਮ੍ਰਿਤਸਰ ਸ਼ਹਿਰ ਵਿੱਚ 10 ਮਾਮਲੇ ਸਾਹਮਣੇ ਆਏ ਸਨ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਮਾਮਲੇ ਸਿਰਫ਼ ਉਹ ਹਨ ਜਿੱਥੇ ਲੋਕਾਂ ਨੇ ਪੁਲਿਸ ਕੋਲ ਪਹੁੰਚ ਕੀਤੀ ਹੈ ਪਰ ਬਹੁਤ ਸਾਰੇ ਮਾਮਲੇ ਅਜਿਹੇ ਵੀ ਹੁੰਦੇ ਹਨ ਜਿੱਥੇ ਗੈਂਗਸਟਰ ਫ਼ਿਰੌਤੀ ਲੈਣ 'ਚ ਕਾਮਯਾਬ ਹੋ ਜਾਂਦੇ ਹਨ ਅਤੇ ਅਜਿਹੇ ਮਾਮਲੇ ਪੁਲਿਸ ਰਿਕਾਰਡ ਦਾ ਹਿੱਸਾ ਨਹੀਂ ਬਣਦੇ। ਪੁਲਿਸ ਤਫ਼ਤੀਸ਼ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਫ਼ਿਰੌਤੀਆਂ ਮੰਗਣ ਵਾਲਿਆਂ ਵਿੱਚ ਜ਼ਿਆਦਾਤਰ ਗਰੋਹ ਸਥਾਨਕ ਪੱਧਰ ਦੇ ਹੁੰਦੇ ਹਨ ਤੇ ਛੋਟੇ ਗੈਂਗਸਟਰਾਂ ਵੱਲੋਂ ਪੈਸਾ ਇਕੱਠਾ ਕਰਨ ਲਈ ਫ਼ਿਰੌਤੀਆਂ ਦਾ ਰਾਹ ਅਪਣਾਇਆ ਗਿਆ ਹੈ। ਪੰਜਾਬ ਵਿੱਚ 'ਆਪ' ਪਾਰਟੀ ਦੀ (**ਬਾਕੀ ਸਫ਼ਾ 31 'ਤੇ**)

# ਦੇਸ਼-ਵਿਦੇਸ਼ ਦੀਆਂ ਜਥੇਬੰਦੀਆਂ ਵੱਲੋਂ 'ਜਥੇਦਾਰ ਕਾਉਂਕੇ' ਨੂੰ ਅਕਾਲ ਤਖ਼ਤ ਤੋਂ ਫ਼ਖ਼ਰ-ਏ-ਕੌਮ ਦਾ ਐਵਾਰਡ ਦੇਣ ਦੀ ਮੰਗ

## ਦਿੱਲੀ ਗੁਰਦੁਆਰਾ ਕਮੇਟੀ, ਇੰਗਲੈਂਡ ਦੀਆਂ ਜਥੇਬੰਦੀਆਂ ਨੇ ਅਕਾਲ ਤਖ਼ਤ ਨੂੰ ਕੀਤੀ ਅਪੀਲ

ਅੰਮ੍ਰਿਤਸਰ/ਏ.ਟੀ.ਨਿਊਜ਼ : ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇੰਗਲੈਂਡ ਦੀਆਂ ਪੰਥਕ ਜਥੇਬੰਦੀਆਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਫਖ਼ਰ-ਏ-ਕੌਮ ਐਵਾਰਡ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੇਣ ਬਾਰੇ ਫੈਸਲਾ ਲੈਣ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਵਿੱਚ ਜਥੇਦਾਰ ਕਾਉਂਕੇ ਬਾਰੇ ਅਸੀਂ ਇੱਕ ਸਮਾਗਮ ਕੀਤਾ ਸੀ ਜਿਥੇ ਵੱਡੇ ਪੰਥਕ ਫੈਸਲੇ ਲਏ ਗਏ ਸਨ। ਉਨ੍ਹਾਂ ਕਿਹਾ ਕਿ ਜਿਹੜੀ ਰਿਪੋਰਟ ਹੁਣ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਰੱਖੀ ਗਈ ਹੈ ਜਿਸ ਵਿੱਚ ਪੂਰੇ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਕਿਵੇਂ ਜਥੇਦਾਰ ਕਾਉਂਕੇ ਨੇ ਤਸ਼ੱਦਦ ਤੇ ਤਸੀਹੇ ਝੱਲੇ ਤੇ ਕੌਮ ਵਾਸਤੇ ਸਭ ਤੋਂ ਵੱਡੀ ਕੁਰਬਾਨੀ ਦਿੱਤੀ। ਉਨ੍ਹਾਂ ਕਿਹਾ ਕਿ ਜਥੇਦਾਰ ਨੂੰ ਉਸ ਦਾ ਨੋਟਿਸ ਲੈਂਦਿਆਂ ਕੌਮ ਦੇ ਇੰਨੇ ਵੱਡੇ ਆਗੂ ਜਥੇਦਾਰ ਕਾਉਂਕੇ ਨੂੰ ਫਖ਼ਰ-ਏ-ਕੌਮ ਦਾ ਐਵਾਰਡ ਦੇਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ 10 ਫਰਵਰੀ ਨੂੰ ਜਲੰਧਰ ਵਿੱਚ ਵੱਡਾ ਪੰਥਕ ਇਕੱਠ ਰੱਖਿਆ ਗਿਆ ਹੈ ਜਿਸ ਵਿੱਚ ਵੱਖ-ਵੱਖ ਸੰਪਰਦਾਵਾਂ ਤੇ ਸੰਸਥਾਵਾਂ ਦੇ ਆਗੂ



ਸ਼ਾਮਲ ਹੋਣਗੇ ਅਤੇ ਪੰਥ ਦੇ ਹਿੱਤਾਂ 'ਤੇ ਚਰਚਾ ਕਰਦਿਆਂ ਉਸ ਬਾਰੇ ਲੋੜੀਂਦੇ ਫੈਸਲੇ ਲਏ ਜਾਣਗੇ ਤੇ ਅਮਲ ਵਿੱਚ ਲਿਆਂਦੇ ਜਾਣਗੇ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਸੀਨੀਅਰ ਮੈਂਬਰ ਭੁਪਿੰਦਰ ਸਿੰਘ ਭੁੱਲਰ, ਪਰਵਿੰਦਰ ਸਿੰਘ ਲੱਕੀ ਤੇ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ ਵੀ ਹਾਜ਼ਰ ਸਨ।

ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਫੈਡਰੇਸ਼ਨ ਆਫ਼ ਸਿੱਖ ਆਰਗ਼ੇਨਾਈਜ਼ੇਸ਼ਨ ਯੂ.ਕੇ. ਵੱਲੋਂ ਕਰਵਾਈ ਪੰਥਕ ਕਾਨਫਰੰਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪਰਿਵਾਰ ਨੂੰ ਫਖ਼ਰ-ਏ-ਕੌਮ ਦਾ ਖਿਤਾਬ ਦੇਣ ਅਤੇ ਦੋਸ਼ੀਆਂ ਨੂੰ ਸਜਾਵਾਂ ਦੇਣ ਦੀ ਮੰਗ ਕਰਦਿਆਂ ਪੰਜਾਬ ਦੇ ਮਰਹੂਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਲਈ ਨਿਭਾਏ ਰੋਲ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੇ ਫਖ਼ਰ-ਏ-ਕੌਮ ਦਾ ਖ਼ਿਤਾਬ ਵਾਪਸ ਲੈਣ ਦੀ ਮੰਗ ਕੀਤੀ ਗਈ ਸੀ। ਇਸ ਮੀਟਿੰਗ ਵਿੱਚ ਭਾਈ ਅਮਰੀਕ ਸਿੰਘ ਗਿੱਲ ਸਿੱਖ ਫੈਡਰੇਸ਼ਨ ਯੂ.ਕੇ., ਭਾਈ ਜਸ ਸਿੰਘ ਸਿੱਖ ਨੈੱਟਵਰਕ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਯੂਨਾਈਟਿਡ ਖਾਲਸਾ ਦਲ ਯੂ.ਕੇ., ਭਾਈ ਜੋਗਾ ਸਿੰਘ ਬੱਬਰ ਅਕਾਲੀ ਆਰਗੇਨਾਈਜ਼ੇਸ਼ਨ ਯੂ.ਕੇ., ਭਾਈ ਕੁਲਦੀਪ ਸਿੰਘ ਚਹੇੜੂ ਸਿੱਖ ਫੈਡਰੇਸ਼ਨ ਯੂ.ਕੇ., ਭਾਈ ਜਸਪਾਲ ਸਿੰਘ ਬੈਂਸ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ., ਭਾਈ ਦਵਿੰਦਰਜੀਤ ਸਿੰਘ ਸਿੱਖ ਫੈਡਰੇਸ਼ਨ ਯੂ. ਕੇ., ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ ਧਰਮਯੁੱਧ ਜਥਾ (ਦਮਦਮੀ ਟਕਸਾਲ) ਯੂ. ਕੇ., ਭਾਈ ਮਨਪ੍ਰੀਤ ਸਿੰਘ ਵਰਲਡ ਸਿੱਖ ਪਾਰਲੀਮੈਂਟ, ਭਾਈ ਦੁਪਿੰਦਰਜੀਤ ਸਿੰਘ ਸਿੱਖ ਫਾਰ ਜਸਟਿਸ, ਭਾਈ ਚਰਨ ਸਿੰਘ ਧਰਮਯੁੱਧ ਜਥਾ (ਦਮਦਮੀ ਟਕਸਾਲ), ਭਾਈ ਕਪਤਾਨ ਸਿੰਘ ਇੰਟਰਨੈਸ਼ਨਲ ਪੰਥਕ ਦਲ, ਭਾਈ ਕੁਲਦੀਪ ਸਿੰਘ ਦਿਓਲ ਪ੍ਰਧਾਨ ਗੁਰੂ ਨਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੈਦਿਕ ਹਾਜ਼ਰ ਹਨ।

## ਹਰੇਕ ਧਰਮ ਦੀਆਂ ਮਾਨਤਾਵਾਂ ਦਾ ਸਤਿਕਾਰ ਕਰਦੇ ਹਾਂ : ਗਿ. ਰਘਬੀਰ ਸਿੰਘ ਤੇ ਐਡਵੋਕੇਟ ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ, 22 ਜਨਵਰੀ 2024 ਨੂੰ ਅਯੁੱਧਿਆ ਵਿੱਚ



ਹੋਏ ਸ੍ਰੀ ਰਾਮ ਜਨਮ ਭੂਮੀ ਦੇ 'ਪ੍ਰਾਣ ਪ੍ਰਤਿਸ਼ਠਾ' ਸਮਾਰੋਹ ਲਈ ਮਿਲੇ ਸੱਦਾ ਪੱਤਰ ਲਈ ਸ੍ਰੀ ਰਾਮ ਜਨਮ ਭੂਮੀ ਤੀਰਥ ਟਰੱਸਟ ਦਾ ਧੰਨਵਾਦ ਕਰਦਿਆਂ ਆਖਿਆ ਹੈ ਕਿ ਅਸੀਂ ਦਸ ਗੁਰੂ ਸਾਹਿਬਾਨ ਦੁਆਰਾ ਬਖਸ਼ਿਸ਼ ਕੀਤੀ ਇਲਾਹੀ ਗੁਰਬਾਣੀ ਦੇ ਨਿਆਰੇ ਅਤੇ ਨਿਰਾਲੇ ਗੁਰਮਤਿ ਫਲਸਫੇ ਦੇ ਪੈਰੋਕਾਰ ਹੋਣ ਦੇ ਨਾਤੇ, ਸਰਬ-ਸਾਂਝੀਵਾਲਤਾ ਅਤੇ ਅੰਤਰ-ਧਰਮ ਸਦਭਾਵਨਾ ਦੇ ਮੁੱਦਈ ਬਣਦਿਆਂ, ਹਰੇਕ ਧਰਮ ਦੀਆਂ ਮਾਨਤਾਵਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਆਖਿਆ ਹੈ ਕਿ ਹਰੇਕ ਧਰਮ ਦੇ ਲੋਕਾਂ ਦੇ ਹਿਰਦਿਆਂ ਵਿੱਚ ਆਪਣੇ ਪੈਗੰਬਰ/ ਅਵਤਾਰਾਂ ਦੇ ਪਾਵਨ ਚਰਨਛੋਹ ਪ੍ਰਾਪਤ ਅਸਥਾਨਾਂ ਦੀ ਵਿਸ਼ੇਸ਼ ਮਹਾਨਤਾ, ਅਜ਼ਮਤ ਅਤੇ ਆਸਥਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹਰੇਕ ਨੂੰ ਆਪਣੀ ਆਸਥਾ ਅਤੇ ਪਵਿੱਤਰ ਵਿਸ਼ਵਾਸ ਮੁਬਾਰਕ ਹਨ ਅਤੇ ਅਸੀਂ ਕਾਮਨਾ ਕਰਦੇ ਹਾਂ ਕਿ ਵਿਸ਼ਵ ਵਿੱਚ ਧਾਰਮਿਕ ਸੁਤੰਤਰਤਾ, ਭਾਈਚਾਰਕ ਸਦਭਾਵਨਾ, ਅਮਨ-ਸ਼ਾਂਤੀ ਅਤੇ ਸਰਬ-ਸਾਂਝੀਵਾਲਤਾ ਕਾਇਮ ਹੋਵੇ, ਜਿਸ ਦੇ ਨਾਲ ਹਰੇਕ ਮਨੁੱਖ ਸੁਤੰਤਰ, ਸੁਰੱਖਿਅਤ ਅਤੇ ਨਿਰਭੈਅ ਹੋ ਕੇ ਆਪਣੇ ਧਾਰਮਿਕ ਰਹਿਬਰਾਂ ਦੀ ਸਿਮਰਤੀ ਵਿੱਚ ਇੱਕ-ਮਿਕ ਹੁੰਦਿਆਂ ਪਵਿੱਤਰ ਵਿਸ਼ਵਾਸਾਂ ਦੀ ਪਾਲਣਾ ਕਰ ਸਕੇ।

## ਦਲ ਖ਼ਾਲਸਾ ਨੇ ਫਰਾਂਸ ਦੇ ਰਾਸ਼ਟਰਪਤੀ ਨੂੰ ਪੱਤਰ ਲਿਖਕੇ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਕਰਵਾਇਆ ਜਾਣੂ

### ਕਿਹਾ ਕਿ ਆਪਣੀ ਭਾਰਤ ਫੇਰੀ ਦੌਰਾਨ ਮੋਦੀ ਨਾਲ ਇਨ੍ਹਾਂ ਦੇ ਹੱਲ ਵਾਸਤੇ ਗੱਲਬਾਤ ਕਰਨ

ਅੰਮ੍ਰਿਤਸਰ/ ਏ.ਟੀ.ਨਿਊਜ਼ : ਦਲ ਖ਼ਾਲਸਾ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੂੰ ਇੱਕ ਪੱਤਰ ਭੇਜ ਕੇ ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਅਪੀਲ ਕੀਤੀ ਹੈ ਕਿ ਉਹ ਆਪਣੀ ਭਾਰਤ ਫੇਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਨ੍ਹਾਂ ਸਮੱਸਿਆਵਾਂ ਦੇ ਹੱਲ ਵਾਸਤੇ ਗੱਲਬਾਤ ਕਰਨ।

ਰਾਸ਼ਟਰਪਤੀ ਇਮੈਨੂਅਲ ਮੈਕਰੋਂ 26 ਜਨਵਰੀ ਨੂੰ ਭਾਰਤ ਦੇ 75ਵੇਂ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਨ। ਇਹ ਪੱਤਰ ਦਲ ਖ਼ਾਲਸਾ ਵੱਲੋਂ ਭਾਰਤ ਵਿੱਚ ਫਰਾਂਸ ਦੇ ਰਾਜਦੂਤ ਰਾਹੀਂ ਰਾਸ਼ਟਰਪਤੀ ਮੈਕਰੋਨ ਨੂੰ ਭੇਜਿਆ ਗਿਆ ਹੈ। ਪੱਤਰ ਵਿੱਚ ਦਲ



ਖ਼ਾਲਸਾ ਦੇ ਸਿਆਸੀ ਮਾਮਲਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਮੰਗ ਕੀਤੀ ਹੈ ਕਿ ਫਰਾਂਸ ਦੇ ਰਾਸ਼ਟਰਪਤੀ ਹੁਣ ਜਦੋਂ ਭਾਰਤ ਆ ਰਹੇ ਹਨ ਤਾਂ ਨਵੀਂ ਦਿੱਲੀ ਫੇਰੀ ਦੌਰਾਨ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਦੇਸ਼ੀ ਧਰਤੀ 'ਤੇ ਖੁਫੀਆ ਏਜੰਸੀਆਂ ਵੱਲੋਂ ਸਿੱਖਾਂ ਦੇ ਮਿੱਥ ਕੇ ਕੀਤੇ ਜਾ ਰਹੇ ਕਤਲ, ਮਨੁੱਖੀ ਅਧਿਕਾਰਾਂ ਦੀ ਬਹਾਲੀ, ਮੁਲਕ ਅੰਦਰ ਬੰਦੀਆਂ ਲਈ ਨਿਯਮਾਂ ਅਤੇ ਕਾਨੂੰਨਾਂ ਨੂੰ ਇਕਸਾਰਤਾ ਨਾਲ ਲਾਗੂ ਕਰਨ ਅਤੇ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਨੂੰ ਸੰਯੁਕਤ ਰਾਸ਼ਟਰ ਦੇ ਇਕਰਾਰਨਾਮਿਆਂ ਅਨੁਸਾਰ ਸਵੈ-ਨਿਰਣੇ ਦਾ ਅਧਿਕਾਰ ਦੇਣ ਸਬੰਧੀ ਮੁੱਦਿਆਂ 'ਤੇ ਗੱਲਬਾਤ ਕਰਨ। ਜਥੇਬੰਦੀ ਨੇ ਫਰਾਂਸ ਵਿੱਚ ਦਸਤਾਰ ਅਤੇ ਪਛਾਣ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਸਮੱਸਿਆ ਹੱਲ ਕਰਨ 'ਤੇ ਵੀ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਮੌਜੂਦਾ ਹਕੂਮਤ ਦੀਆਂ ਫਾਸ਼ੀਵਾਦੀ ਨੀਤੀਆਂ ਕਾਰਨ ਜਬਰ ਤੇ ਸੰਤਾਪ ਝੱਲ ਰਹੀ ਘੱਟ ਗਿਣਤੀ ਸਿੱਖ ਕੌਮ 26 ਜਨਵਰੀ ਨੂੰ 'ਕਾਲੇ ਗਣਤੰਤਰ ਦਿਵਸ' ਵਜੋਂ ਮਨਾਵੇਗੀ।

# ਗੁਰਮੀਤ ਰਾਮ ਰਹੀਮ 'ਤੇ ਸਰਕਾਰ ਏਨੀ ਮਿਹਰਬਾਨ ਕਿਉਂ?

ਪਟਿਆਲਾ/ਏ.ਟੀ.ਨਿਊਜ਼ :- ਬਲਾਤਕਾਰ ਤੇ ਹੱਤਿਆ ਦਾ ਦੋਸ਼ੀ ਗੁਰਮੀਤ ਰਾਮ ਰਹੀਮ ਇੱਕ ਵਾਰ ਫਿਰ ਸੁਰਖ਼ੀਆਂ ਵਿੱਚ ਹੈ, ਇਸ ਵਾਰ ਵੀ ਵਜ੍ਹਾ ਉਸ ਦੀ ਜ਼ਮਾਨਤ ਹੈ, ਜੋ ਲੰਘੇ ਚਾਰ ਸਾਲਾਂ ਤੋਂ ਲੈ ਕੇ ਹੁਣ ਤੱਕ 9 ਵਾਰ ਮਨਜ਼ੂਰ ਕੀਤੀ ਗਈ ਹੈ। ਇਸ ਵਾਰ ਗੁਰਮੀਤ ਰਾਮ ਰਹੀਮ 50 ਦਿਨਾਂ ਲਈ ਜੇਲ੍ਹ ਤੋਂ ਬਾਹਰ ਆਇਆ ਹੈ। ਪਿਛਲੇ ਸਾਲ ਰਾਮ ਰਹੀਮ ਨੂੰ ਤਿੰਨ ਵਾਰ ਜ਼ਮਾਨਤ ਮਿਲੀ ਸੀ ਤੇ ਕੁੱਲ 91 ਦਿਨ ਜੇਲ੍ਹ ਤੋਂ ਬਾਹਰ ਰਿਹਾ ਸੀ। ਵਿਰੋਧ ਇਹ ਉਠ ਰਿਹਾ ਹੈ ਕਿ ਰਾਮ ਰਹੀਮ 'ਤੇ ਸਰਕਾਰ ਏਨੀ ਮਿਹਰਬਾਨ ਕਿਉਂ? ਕਿਉਂਕਿ ਗੰਭੀਰ ਅਪਰਾਧਾਂ ਦੇ ਦੋਸ਼ੀ ਹੋਣ ਦੇ ਬਾਵਜੂਦ ਰਾਮ ਰਹੀਮ ਜਦੋਂ ਦਿਲ ਚਾਹੇ ਜਸ਼ਨ ਮਨਾਉਣ ਬਾਹਰ- ਅੰਦਰ ਆਉਂਦਾ ਜਾਂਦਾ ਰਹਿੰਦਾ ਹੈ। ਪਿਛਲੇ ਸਾਲ ਵੀ ਇਹ ਮਾਮਲਾ ਭਖਿਆ ਸੀ ਜਦੋਂ ਜੁਲਾਈ 2023 ਦੇ ਵਿੱਚ ਰਾਮ ਰਹੀਮ ਨੂੰ ਸੱਤਵੀਂ ਵਾਰ 30 ਦਿਨਾਂ ਦੀ ਪੈਰੋਲ ਮਿਲੀ ਸੀ। ਇਹ ਮਾਮਲਾ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਵੀ ਪਹੁੰਚਿਆ ਸੀ। ਜਾਣਕਾਰੀ ਮੁਤਾਬਿਕ ਉਸ ਸਮੇਂ ਰਾਜ ਸਰਕਾਰ ਨੇ ਹਾਈ ਕੋਰਟ ਦੇ ਵਿੱਚ ਦੂਸਰੀ ਵਾਰ ਰਾਮ ਰਹੀਮ ਦੇ ਖਤਰਨਾਕ ਦੋਸ਼ੀ ਨਹੀਂ ਹੋਣ ਦਾ ਹਲਫ਼ਨਾਮਾ ਦਿੱਤਾ ਸੀ। ਸਰਕਾਰ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਜਿਨ੍ਹਾਂ ਦੋ ਮਾਮਲਿਆਂ ਵਿੱਚ ਰਾਮ ਰਹੀਮ ਨੂੰ ਸਜਾ ਦਿੱਤੀ ਗਈ ਹੈ, ਉਹਨਾਂ ਦੋ ਮਾਮਲਿਆਂ ਵਿੱਚ ਇਸ ਨੂੰ ਸੀਰੀਅਲ ਕਿਲਰ ਨਹੀਂ ਕਿਹਾ ਜਾ ਸਕਦਾ।

ਸਭ ਦੇ ਮਨ ਵਿੱਚ ਸਵਾਲ ਇਹ ਉੱਠਦਾ ਹੈ ਕਿ ਰਾਮ ਰਹੀਮ 'ਤੇ ਏਨੀ ਮਿਹਰਬਾਨੀ ਕਿਉਂ? ਸੌਦਾ ਸਾਧ ਤੇ ਰਾਜ ਸਰਕਾਰ ਦੀਆਂ ਨਜ਼ਦੀਕੀਆਂ 'ਤੇ ਅਕਸਰ ਸਵਾਲ ਉੱਠਦੇ ਰਹੇ ਨੇ। ਕਈ ਮੀਡੀਆ ਰਿਪੋਰਟਾਂ ਦਾਅਵਾ ਕਰਦੀਆਂ ਨੇ, ਕਿ ਹਰਿਆਣਾ ਵਿਧਾਨ ਸਭਾ ਵਿੱਚ ਚੋਣਾਂ ਤੋਂ ਪਹਿਲਾਂ ਰਾਮ ਰਹੀਮ ਨੇ ਆਪਣੇ ਪ੍ਰੇਮੀਆਂ ਨੂੰ ਬੀਜੇਪੀ ਦੇ ਹੱਕ ਦੇ ਵਿੱਚ ਭੁਗਤਣ ਲਈ ਕਿਹਾ ਸੀ। ਖ਼ਬਰਾਂ ਤਾਂ ਇਹ ਵੀ ਕਹਿੰਦੀਆਂ ਸੀ ਕਿ ਬੀਜੇਪੀ ਦੇ ਨੇਤਾ ਕੈਲਾਸ਼ ਕੁਝ ਬੀਜੇਪੀ ਦੇ ਉਮੀਦਵਾਰਾਂ ਨੂੰ ਨਾਲ ਲੈ ਕੇ ਚੋਣਾਂ ਤੋਂ ਪਹਿਲਾਂ ਰਾਮ ਰਹੀਮ ਤੋਂ ਆਸ਼ੀਰਵਾਦ ਲੈਣ



ਗਏ ਸਨ। ਹਰਿਆਣਾ ਦੇ ਖੇਡ ਮੰਤਰੀ ਅਨਿਲ ਵਿੱਜ ਦੇ ਟਵਿੱਟਰ 'ਤੇ ਗੇੜਾ ਮਾਰੀਏ ਤਾਂ ਉਸ ਦੇ ਨਾਲ ਰਾਮ ਰਹੀਮ ਦੀਆਂ ਨਜ਼ਦੀਕੀਆਂ ਸਾਫ਼ ਪਤਾ ਚਲ ਜਾਂਦੀਆਂ ਹਨ। ਮੌਜੂਦਾ ਸਮੇਂ ਦੇ ਵਿੱਚ ਕੇਂਦਰ ਵਿੱਚ ਮੰਤਰੀ ਅਤੇ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਤੋਂ ਭਾਜਪਾ ਸਾਂਸਦ ਅਨੁਰਾਗ ਠਾਕੁਰ ਵੀ ਸੌਦੇ ਸਾਧ ਦੇ ਨਾਲ ਨਜ਼ਰ ਆਏ ਸੀ। ਇਸ ਤੋਂ ਇਲਾਵਾ ਹਰਿਆਣਾ ਸਰਕਾਰ ਦੇ ਕਈ ਮੰਤਰੀ ਤੇ ਨੇਤਾ ਵੀ ਆਪਣੀ ਹਾਜ਼ਰੀ ਰਾਮ ਰਹੀਮ ਦੇ ਡੇਰੇ 'ਤੇ ਲਗਾ ਚੁੱਕੇ ਨੇ। ਕਾਰਨ ਇਹੀ ਹੈ ਕਿ ਜਦੋਂ ਵੀ ਰਾਮ ਰਹੀਮ ਨੂੰ ਜ਼ਮਾਨਤ ਮਿਲਦੀ ਹੈ ਤਾਂ ਹਰਿਆਣਾ ਦੀ ਮਨੋਹਰ ਲਾਲ ਖੱਟਰ 'ਤੇ ਸਵਾਲ ਉੱਠਦੇ ਹਨ। ਸਾਲ 2017 ਦੇ ਵਿੱਚ ਰਾਮ ਰਹੀਮ ਦੇ ਸਿਰਸਾ ਆਸ਼ਰਮ ਦੇ ਵਿੱਚ ਦੋ ਔਰਤ ਪ੍ਰੇਮੀਆਂ ਦੇ ਨਾਲ ਬਲਾਤਕਾਰ ਦੇ ਦੋਸ਼ ਸਾਬਿਤ ਹੋਏ ਸੀ। ਇਸ ਮਾਮਲੇ ਵਿੱਚ ਉਹ 20 ਸਾਲ ਦੀ ਕੈਦ ਭੁਗਤ ਰਿਹਾ ਹੈ।

(ਬਾਕੀ ਸਫ਼ਾ 30 'ਤੇ)

## 'ਆਪ' ਸਰਕਾਰ ਬੇਅਦਬੀ ਕੇਸਾਂ ਵਿੱਚ ਸੌਦਾ ਸਾਧ ਦਾ ਕਰ ਰਹੀ ਹੈ ਲਿਹਾਜ਼

### 20 ਮਹੀਨਿਆਂ ਤੋਂ ਪ੍ਰਵਾਨਗੀ ਨਾ ਦੇਣ ਕਾਰਨ ਕੇਸ ਅੱਗੇ ਨਹੀਂ ਤੁਰ ਸਕਿਆ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਿਤ ਤਿੰਨ ਅਤੀ ਸੰਵੇਦਨਸ਼ੀਲ ਕੇਸਾਂ, ਜਿਨ੍ਹਾਂ ਵਿੱਚ ਵਿਸ਼ੇਸ਼ ਜਾਂਚ ਟੀਮਾਂ ਵੱਲੋਂ ਅਦਾਲਤਾਂ ਵਿੱਚ ਦਾਇਰ ਦੋਸ਼ ਪੱਤਰਾਂ ਵਿੱਚ ਸੌਦਾ ਸਾਧ ਨੂੰ ਵੀ ਸੱਤ ਦੋਸ਼ੀਆਂ ਵਿੱਚ ਸ਼ਾਮਿਲ ਕੀਤਾ ਗਿਆ ਸੀ, ਲੇਕਿਨ ਦੋਸ਼ਾਂ ਵਿੱਚ ਧਾਰਾ 295-ਏ ਦੇ ਸ਼ਾਮਿਲ ਹੋਣ ਕਾਰਨ ਕੇਸ ਚਲਾਉਣ ਲਈ ਰਾਜ ਦੇ ਗ੍ਰਹਿ ਵਿਭਾਗ ਦੀ ਲੋੜੀਂਦੀ ਪ੍ਰਵਾਨਗੀ ਮਗਰਲੇ 20 ਮਹੀਨਿਆਂ ਤੋਂ ਨਾ ਮਿਲਣ ਕਾਰਨ ਕੇਸ ਅੱਗੇ ਨਹੀਂ ਤੁਰ ਸਕਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸੰਬੰਧੀ 2015 ਵਿੱਚ ਵਾਪਰੀ ਇਸ ਘਟਨਾ, ਜਿਸ ਨੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਵੱਡੀ ਠੇਸ ਪਹੁੰਚਾਈ ਅਤੇ ਸੂਬੇ ਦੀ ਰਾਜਨੀਤੀ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਤੇ ਦੋ ਰਵਾਇਤੀ ਪਾਰਟੀਆਂ ਨੂੰ ਲਾਂਭੇ ਕਰ ਆਮ ਆਦਮੀ ਪਾਰਟੀ ਤੋਂ ਇਨਸਾਫ਼ ਦੀਆਂ ਉਮੀਦਾਂ ਨਾਲ ਉਸ ਨੂੰ ਵੱਡਾ ਸਮਰਥਨ ਤੇ ਰਾਜਭਾਗ ਦਿੱਤਾ, ਲੇਕਿਨ ਉਸੇ ਪਾਰਟੀ ਦੀ ਸਰਕਾਰ ਵੱਲੋਂ ਅਜਿਹਾ ਵਰਤਾਰਾ ਹੈਰਾਨੀਜਨਕ ਹੈ। ਬੇਅਦਬੀ ਦੀਆਂ ਘਟਨਾਵਾਂ ਸੰਬੰਧੀ ਤਿੰਨ ਕੇਸਾਂ ਐਫ਼.ਆਈ.ਆਰ. ਨੰ. 63 (ਬੁਰਜ ਜਵਾਹਰ ਸਿੰਘ ਵਾਲਾ) ਸੰਬੰਧੀ ਚਲਾਨ ਵਿਸ਼ੇਸ਼ ਜਾਂਚ ਟੀਮ ਵੱਲੋਂ 27 ਜਨਵਰੀ 2022 ਨੂੰ ਦਿੱਤਾ ਗਿਆ ਸੀ ਅਤੇ ਬਰਗਾੜੀ ਵਿਖੇ ਪੋਸਟਰ ਲਗਾਉਣ ਦੀ ਘਟਨਾ

(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

24 ਜਨਵਰੀ ਤੋਂ 30 ਜਨਵਰੀ, 2024

## ਦੁਨੀਆਂ ਨੂੰ ਪੰਜਾਬ ਦੀ ਲੋੜ

ਆਦਮੀ ਦੀਆਂ ਤਿੰਨ ਮੁਢਲੀਆਂ ਲੋੜਾਂ ਸਮਾਜ ਵਿਗਿਆਨੀਆਂ ਵੱਲੋਂ ਰੋਟੀ, ਕੱਪੜਾ ਅਤੇ ਮਕਾਨ ਦੀਆਂ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਲੋੜਾਂ ਵਿਚੋਂ ਵੀ ਰੋਟੀ ਦੀ ਲੋੜ ਮੁੱਖ ਰੱਖੀ ਹੈ। ਕਰੋਨਾ ਦੌਰਾਨ ਮਨੁੱਖੀ ਖੁਰਾਕ ਦੀ ਅਹਿਮੀਅਤ ਫੇਰ ਸਾਹਮਣੇ ਆਈ, ਔਖੇ ਹਲਾਤਾਂ ਵਿੱਚ ਮਨੁੱਖ ਨੂੰ ਬਾਜ਼ਾਰ ਦੀ ਹਰ ਚੀਜ਼ ਬਿਨਾਂ ਸਰ ਸਕਦਾ ਹੈ, ਪਰ ਖੁਰਾਕ ਬਿਨਾਂ ਨਹੀਂ ਸਰ ਸਕਦਾ। ਇਸਨੂੰ ਦੁਨੀਆਂ ਦੀਆਂ ਵੱਡੀਆਂ ਮੁਨਾਫ਼ੇਖੋਰ ਕੰਪਨੀਆਂ ਨੇ ਵੀ ਮਹਿਸੂਸ ਕੀਤਾ ਅਤੇ ਖੇਤੀ ਵਿੱਚ ਆਉਣ ਅਤੇ ਜ਼ਮੀਨ ਉੱਪਰ ਦਾਬਾ ਪਾਉਣ ਲਈ ਆਪਣੀਆ ਸਰਗਰਮੀਆਂ ਤੇਜ਼ ਕੀਤੀਆਂ ਹਨ। ਪਿਛਲੇ ਸਮਿਆਂ ਤੋਂ ਪੰਜਾਬ ਨੂੰ ਇੰਡੀਆ ਵਲੋਂ ਵੀ ਅਨਾਜ ਦੀ ਟੋਕਰੀ ਵਜੋਂ ਸੰਬੋਧਨ ਕੀਤਾ ਜਾਂਦਾ ਹੈ, ਭਾਵੇਂ ਕਿ ਉਨ੍ਹਾਂ ਨੇ ਉਤਰਪ੍ਰਦੇਸ਼ ਅਤੇ ਮੱਧਪ੍ਰਦੇਸ਼ ਵਿੱਚ ਵੀ ਅਨਾਜ ਪੈਦਾ ਕਰਨ ਦੀ ਸਮਰੱਥਾ ਨੂੰ ਵਧਾਇਆ ਹੈ, ਤਾਂਕਿ ਪੰਜਾਬ ਦੀ ਓਨੀ ਲੋੜ ਨਾ ਰਹੇ। ਪਰ ਫਿਰ ਵੀ ਹਲਾਤ ਅਜੇ ਅਜਿਹੇ ਨਹੀਂ ਹਨ ਕਿ ਪੰਜਾਬ ਦੇ ਅੰਨ ਦੀ ਇੰਡੀਆ ਨੂੰ ਲੋੜ ਨਾ ਹੋਵੇ। ਇਸ ਮਹੀਨੇ ਇੰਡੀਆ ਦੇ ਅਨਾਜ ਭੰਡਾਰ ਵਿੱਚ ਸਾਲ 2017 ਤੋਂ ਵੀ ਘੱਟ ਅਨਾਜ ਹੈ ਅਤੇ ਕਿਸੇ ਔਖ ਦੀ ਘੜੀ ਵਿੱਚ ਅਜਿਹਾ ਹੋਣਾ ਇੰਡੀਆ ਲਈ ਚੰਗੀ ਗੱਲ ਨਹੀਂ।

ਅੰਤਰਰਾਸ਼ਟਰੀ ਪੱਧਰ ਉੱਪਰ ਅਮਰੀਕਾ, ਆਸਟ੍ਰੇਲੀਆ ਦੀ ਅੱਖ ਵੀ ਪੰਜਾਬ ਤੋਂ ਅੰਨ ਖਰੀਦਣ ਦੀ ਹੈ। ਦੁਨੀਆਂ ਪੱਧਰ 'ਤੇ ਬਦਲ ਰਹੇ ਮੌਸਮ ਕਰਕੇ ਪੰਜਾਬ ਦੀ ਇਸ ਸਮਰੱਥਾ ਨੇ ਪੂਰੀ ਦੁਨੀਆਂ ਦਾ ਧਿਆਨ ਖਿੱਚਿਆ ਹੈ। ਦੁਨੀਆਂ ਦੀ ਖੁਰਾਕ ਏਜੰਸੀਆਂ ਦੀ ਅੱਖ ਪੰਜਾਬ ਦੇ ਅੰਨ ਉੱਪਰ ਹੈ, ਪਰ ਪੰਜਾਬ ਵਿੱਚ ਅਲੱਗ ਅਲੱਗ ਕਾਰਨਾਂ ਕਰਕੇ ਵੀ ਅਤੇ ਲਗਾਤਾਰ ਧੁੰਦ ਦੇ ਕਰਕੇ ਵੀ ਕਣਕ ਦੀ ਉਪਜ ਘੱਟਣ ਦੇ ਖਦਸ਼ੇ ਕਰਕੇ ਇੰਡੀਆ ਦੀਆਂ ਮੁਸ਼ਕਿਲਾਂ ਵਧਣ ਵਾਲੀਆਂ ਹਨ। ਅਜਿਹੇ ਵਿੱਚ ਪੰਜਾਬ ਨੂੰ ਆਪਣੀ ਸਮਰੱਥਾ ਪਛਾਨਣ ਦੀ ਲੋੜ ਹੈ।

## ਸਿੱਖਾਂ ਦਾ ਕਿਰਦਾਰ ਬਦਲਣ ਦੀ ਕੋਸ਼ਿਸ - ਸੰਗਤ ਨੂੰ ਸੁਚੇਤ ਰਹਿਣ ਦੀ ਲੋੜ

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਇਹ ਕਹਾਵਤ ਪੰਜਾਬ ਦੇ ਨੌਜਵਾਨਾਂ ਖਾਸ ਕਰ ਸਿੱਖਾਂ ਦੇ ਲਈ ਬੜੇ ਡੂੰਘੇ ਅਰਥ ਰੱਖਦੀ ਹੈ। ਸਿੱਖਾਂ ਨੂੰ ਇਸ ਕਹਾਵਤ ਤੋਂ ਇਹ ਗੱਲ ਵੀ ਸਮਝ ਆਉਂਦੀ ਹੈ ਕਿ ਪੰਜਾਬ ਵਿੱਚ ਰਹਿੰਦਿਆਂ ਉਨ੍ਹਾਂ ਦੇ ਲਈ ਹਰ ਰੋਜ਼ ਦੁਨਿਆਵੀ ਤਰੀਕੇ ਦਾ ਸੰਘਰਸ਼ ਤਾਂ ਹੈ ਹੀ, ਨਾਲ ਹੀ ਉਨ੍ਹਾਂ ਦੀ ਪਰਖ ਦਾ ਅਮਲ ਵੀ ਗੁਰੂ ਸਾਹਿਬ ਵੱਲੋਂ ਚੱਲਦਾ ਰਹਿਣਾ ਹੈ। ਇਸ ਪਰਖ ਵਿਚੋਂ ਸਿੱਖਾਂ ਨੂੰ ਸਤਿਗੁਰੂ ਜੀ ਲੰਘਾਉਂਦੇ ਰਹਿੰਦੇ ਹਨ, ਤਾਂਕਿ ਸਿੱਖ ਆਪਣੇ ਆਪ ਨੂੰ ਸੁਚੇਤ ਰੱਖਦਿਆਂ ਇਹਨਾਂ ਪਰਖਾਂ ਵਿਚੋਂ ਸੁਧ ਕੁਠਾਲੀ ਦਾ ਸੋਨਾ ਬਣਕੇ ਨਿਕਲਣ। ਬਿਪਰ ਰੀਤ ਤੋਂ ਨਿਆਰਾ ਰਹਿੰਦਿਆਂ ਸਿੱਖੀ ਖੰਨਿਓ ਤਿੱਖੀ ਮਾਰਗ ਉੱਪਰ ਚੱਲ ਸਕਣ। ਅੱਜ ਬਿਪਰ ਸੰਸਕਾਰੀ ਦਿੱਲੀ ਦਰਬਾਰ ਵੱਲੋਂ ਸਿੱਖਾਂ ਨੂੰ ਵੰਗਾਰ ਦਰਪੇਸ਼ ਹੈ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ, ਗੁਰਦੁਆਰਿਆਂ ਨੂੰ ਨੀਵਾਂ ਦਿਖਾਉਣ ਦਾ ਅਮਲ ਲੁਕਵੀਂ ਸਾਜ਼ਿਸ਼ ਤਹਿਤ ਚੱਲ ਰਿਹਾ ਹੈ। ਬੇਅਦਬੀ ਦੀਆਂ ਘਟਨਾਵਾਂ ਦੇ ਵਾਪਰਣ ਤੋਂ ਬਾਅਦ ਵੀ ਅਸਲ ਦੋਸ਼ੀਆਂ ਤੱਕ ਪਹੁੰਚਣ ਦੀ ਸਰਕਾਰ ਵੱਲੋਂ ਵੀ ਅਤੇ ਪੁਲਿਸ ਵੱਲੋਂ ਵੀ ਕਦੇ ਕੋਈ ਗੱਲ/ਸਾਜ਼ਿਸ਼ ਸਾਹਮਣੇ ਨਹੀਂ ਲਿਆਂਦੀ ਗਈ, ਜਦਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਕਰਕੇ ਦੁਨੀਆਂ ਭਰ ਦੇ ਸਿੱਖਾਂ ਦਾ ਸਰਕਾਰ ਪ੍ਰਤੀ ਰੋਹ ਹੈ, ਫਿਰ ਵੀ ਸਰਕਾਰ ਨੇ ਇਸ ਮਸਲੇ ਦੇ ਹੱਲ ਪ੍ਰਤੀ ਕੋਈ ਕਦਮ ਨਹੀਂ ਚੁੱਕਿਆ, ਸਿਵਾਏ ਸਿੱਖਾਂ ਨੂੰ ਹੋਰ ਨਿਰਾਸ਼ਾ, ਬੇਵਸੀ ਦੇ ਆਲਮ ਵਿੱਚ ਸੁੱਟਣ ਦੇ। ਸਰਕਾਰ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਸੀ ਕਿ ਇਨਸਾਫ਼ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਸਿੱਖਾਂ ਵਿੱਚ ਰੋਹ ਵਧੇਗਾ, ਪਰ ਸਿੱਖਾਂ ਦੇ ਰੋਹ ਤੋਂ ਜਿਆਦਾ ਸਰਕਾਰ ਉਨ੍ਹਾਂ ਨੂੰ ਨਿਰਾਸ਼ਾ ਅਤੇ ਬੇਦਿਲੀ ਦੇ ਹਨੇਰੇ ਵਿੱਚ ਸੁੱਟਣਾ ਚਾਹੁੰਦੀ ਹੈ। ਤਾਂਕਿ ਇਸਤੋਂ ਬਾਅਦ ਸਿੱਖ ਆਪਣਾ ਕਿਰਦਾਰ ਛੱਡ ਕੇ ਬਿਪਰ ਦੇ ਰਾਹ ਤੇ ਚੱਲ ਕੇ ਹਿੰਦਤਵੀ ਭੀੜਾਂ ਦੀ ਤਰ੍ਹਾਂ ਗਲਤੀਆਂ ਕਰਨ।

ਅਜਿਹਾ ਹੀ ਫਗਵਾੜਾ ਵਿੱਚ ਸਾਹਮਣੇ ਆਇਆ, ਜਿਥੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਚੌੜਾ ਖੂਹ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਸਨ, ਓਥੇ ਗੁਸਲਖਾਨੇ ਅੰਦਰ ਇੱਕ ਸ਼ੱਕੀ ਨੌਜਵਾਨ ਨੂੰ ਪ੍ਰਬੰਧਕਾਂ ਵੱਲੋਂ ਕਾਬੂ ਕਰਕੇ ਦਫ਼ਤਰ ਵਿੱਚ ਬਿਠਾਇਆ ਗਿਆ, ਜਿਸਨੂੰ ਕਿ ਦਫ਼ਤਰ ਵਿੱਚ ਬੈਠੇ ਨੂੰ ਓਥੇ ਰਾਤ ਰੁਕਣ ਲਈ ਠਹਿਰੇ ਰਮਨਦੀਪ ਸਿੰਘ ਮੰਗੂ ਮੱਠ ਵੱਲੋਂ ਕਤਲ ਕਰ ਦਿੱਤਾ ਗਿਆ। ਇਹ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਦੀ ਜਿੰਮੇਵਾਰੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਇਸ ਸਬੰਧੀ ਭਾਵੇਂ ਕਿ ਸ੍ਰੋਮਣੀ ਕਮੇਟੀ ਵਲੋਂ ਆਇਆ ਕੋਈ ਬਿਆਨ ਧਿਆਨ ਵਿੱਚ ਨਹੀਂ ਆਇਆ, ਪਰ ਬਾਅਦ ਵਿੱਚ ਉਸ ਨੌਜਵਾਨ ਦੇ ਆਏ ਬਿਆਨਾਂ ਦੇ ਅਧਾਰ ਉੱਪਰ ਇਹ ਗੱਲ ਸਾਹਮਣੇ ਆਈ ਕਿ ਉਸਨੂੰ ਕਿਸੇ ਵਲੋਂ ਭੇਜਿਆ ਗਿਆ ਸੀ, ਪਰ ਉਸਨੇ ਅਜਿਹਾ ਮਾੜਾ ਕੰਮ ਨਹੀਂ ਕੀਤਾ ਅਤੇ ਪ੍ਰਬੰਧਕਾਂ ਕੋਲ ਸਾਰੀ ਗੱਲ ਮੰਨੀ। ਬਾਅਦ ਵਿੱਚ ਜਦੋਂ ਰਮਨਦੀਪ ਸਿੰਘ ਦੇ ਕਿਰਦਾਰ ਬਾਰੇ ਅਤੇ ਉਸ ਨੌਜਵਾਨ ਦੇ ਬੇਕਸੂਰ ਹੋਣ ਬਾਰੇ ਸਾਰੀ ਸੰਗਤ ਨੂੰ ਪਤਾ ਲੱਗਿਆ ਤਾਂ ਇਸਨੇ ਸਿੱਖਾਂ ਦੇ ਸਮੂਹਿਕ ਕਿਰਦਾਰ ਨੂੰ ਹੇਠਾਂ ਸੁੱਟਿਆ। ਯਕੀਨਨ ਨਿਹੰਗ ਬਾਣੇ ਵਿੱਚ ਰਮਨਦੀਪ ਸਿੰਘ ਨੇ ਸਿੱਖ ਸਿਧਾਂਤਾਂ, ਗੁਰਦੁਆਰਾ ਸਾਹਿਬਾਨ ਦੀ ਰਵਾਇਤ ਤੋਂ ਉਲਟ ਕੰਮ ਕੀਤਾ ਹੈ। ਗੁਰੂਘਰ ਵਿੱਚ ਸ਼ਰਨ ਵਿੱਚ ਆਉਣ ਵਾਲੇ ਨੂੰ ਅਤੇ ਗਲਤੀ ਮੰਨਣ ਵਾਲੇ ਨੂੰ ਬਖਸ਼ ਦੇਣ ਦੀ ਰਵਾਇਤ ਹੈ, ਸਿੱਖਾਂ ਨੇ ਧਰਮ ਦਾ ਫੈਲਾਅ ਕਰਨਾ ਹੈ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦਾ ਧਰਮ ਇਨਸਾਫ਼ ਦੇ ਰਾਹ 'ਤੇ ਚੱਲ ਕੇ ਹੀ ਫੈਲਾਇਆ ਜਾ ਸਕਦਾ ਹੈ। ਬਿਪਰ ਦੀ ਇਹ ਪੂਰੀ ਕੋਸ਼ਿਸ ਰਹੇਗੀ ਕਿ ਸਿੱਖਾਂ ਨੂੰ ਅਪਣਾ ਕਿਰਦਾਰ ਆਪਣਾ ਨਿਆਰਾਪਣ ਭੁਲਾ ਦੇਣ। ਜਦੋਂ ਸਿੱਖ ਆਪਣਾ ਨਿਆਰਾਪਣ ਭੁਲਾ ਦੇਣਗੇ ਤਾਂ ਉਨ੍ਹਾਂ ਨੂੰ ਹਿੰਦੂ ਬਣਾਉਣਾ ਔਖਾ ਨਹੀਂ ਹੋਵੇਗਾ। ਸਤਿਗੁਰਾਂ ਨੇ ਸਿੱਖ ਨੂੰ ਇਸ ਧਰਤੀ ਉਪਰ ਨਿਆਂ ਕਰਨ ਲਈ ਅਕਾਲ ਪੁਰਖ ਵੱਲੋਂ ਇੱਕ ਸਿਪਾਹੀ ਵਜੋਂ ਨੀਯਤ ਕੀਤਾ ਹੈ, ਸਿੱਖ ਦੀ ਜਿੰਮੇਵਾਰੀ ਹੈ ਕਿ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਕੇ, ਸਾਰੀਆਂ ਧਿਰਾਂ ਦਾ ਪੱਖ ਸੁਣਕੇ ਫੇਰ ਹੀ ਨਿਆਂ ਕਰੇ, ਉਹ ਨਿਆਂ ਸਿੱਖ ਸਿਧਾਂਤ ਅਤੇ ਸਤਿਗੁਰਾਂ ਦੀ ਨਜ਼ਰ ਵਿੱਚ ਪ੍ਰਵਾਨ ਹੋਣਾ ਚਾਹੀਦਾ ਹੈ, ਅਜਿਹੇ ਸਮੇਂ ਜ਼ਾਲਮ/ਕੁਕਰਮੀ ਨਾਲ ਕੀਤਾ ਗਿਆ ਨਿਆਂ ਹੀ ਧਰਮ ਦੇ ਫੈਲਣ ਦਾ ਸਬੱਬ ਬਣਦਾ ਹੈ। ਕਿਸੇ ਬੇਕਸੂਰੇ ਨਾਲ ਕੀਤਾ ਗਿਆ ਅਨਿਆਂ ਸਿੱਖ ਧਰਮ ਦਾ ਭਲਾ ਨਹੀਂ ਕਰੇਗਾ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਭਾਰਤ ਨੂੰ ਇੱਕ ਪਾਰਟੀ ਦੀ ਜਾਗੀਰ ਬਣਨ ਤੋਂ ਰੋਕਣ ਦੀ ਲੋੜ

## ਜੇ ਮੋਦੀ ਫਿਰ ਆਇਆ ਤਾਂ ਭਾਰਤ ਇੱਕ ਪਾਰਟੀ ਦੀ ਜਾਗੀਰ ਬਣ ਜਾਵੇਗਾ, ਵੰਨ-ਸੁਵੰਨਤਾ ਨਸ਼ਟ ਹੋ ਜਾਵੇਗੀ



ਕਪਿਲ ਸਿੱਬਲ



ਇੱਕ ਨੌਜਵਾਨ ਪੇਸ਼ੇਵਰ ਦੇ ਰੂਪ ਵਿੱਚ ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਮੈਂ ਅਜਿਹਾ ਭਾਰਤ ਦੇਖਾਂਗਾ ਜਿਹੋ ਜਿਹਾ ਅੱਜ ਬਣ ਗਿਆ ਹੈ। ਰਾਜਨੀਤੀ ਵਿੱਚ ਆਉਣ 'ਤੇ ਮੈਨੂੰ ਜਾਤ-ਪਾਤ ਦੀ ਅਹਿਮੀਅਤ ਸਮਝ ਆਈ। ਰਾਜਨੀਤੀ ਦਾ ਮੰਡਲੀਕਰਨ ਉਨ੍ਹਾਂ ਪੱਛੜੇ ਵਰਗਾਂ ਲਈ ਪ੍ਰੇਰਕ ਸੀ ਜੋ ਖ਼ੁਦ ਨੂੰ ਰਾਸ਼ਟਰੀ ਮੁੱਖਧਾਰਾ ਤੋਂ ਅਲੱਗ-ਥਲੱਗ ਮੰਨਦੇ ਸਨ।ਮੰਡਲ ਨੇ ਪੱਛੜੇ ਭਾਈਚਾਰਿਆਂ ਦਾ ਸਸ਼ਕਤੀਕਰਨ ਕੀਤਾ। ਮਾਇਆਵਤੀ ਦਾ ਮੁੱਖ ਮੰਤਰੀ ਬਣਨਾ ਭਾਰਤੀ ਰਾਜਨੀਤਕ ਮੁਹਾਂਦਰੇ ਦਾ ਇੱਕ ਇਤਿਹਾਸਕ ਪੜਾਅ ਸੀ। ਸੱਚਰ ਕਮੇਟੀ ਨੇ ਘੱਟ-ਗਿਣਤੀਆਂ ਦੀ ਦਸ਼ਾ-ਦਿਸ਼ਾ ਦਲਿਤਾਂ ਤੋਂ ਵੀ ਗਈ-ਗੁਜ਼ਰੀ ਦੱਸੀ ਪਰ ਉਨ੍ਹਾਂ ਦੀ ਹਾਲਤ ਸੁਧਾਰਨ ਲਈ ਬਣਾਈਆਂ ਗਈਆਂ ਸਰਕਾਰੀ ਯੋਜਨਾਵਾਂ ਨੂੰ ਕਿਸੇ ਖ਼ਾਸ ਫ਼ਿਰਕੇ ਨੂੰ ਖ਼ੁਸ਼ ਕਰਨ ਦੀ ਕਵਾਇਦ ਦੇ ਰੂਪ ਵਿੱਚ ਦੇਖਿਆ ਜਾਣ ਲੱਗਾ। ਜਦਕਿ ਹੋਰ ਵਰਗਾਂ ਲਈ ਨੀਤੀਗਤ ਲਾਭਾਂ 'ਤੇ ਵਾਜਿਬਤਾ ਦੀ ਮੋਹਰ ਲੱਗੀ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਪੱਛੜੇ ਵਰਗਾਂ ਨੂੰ ਸੰਵਿਧਾਨਕ ਆਧਾਰ 'ਤੇ ਮਜ਼ਬੂਤ ਬਣਾਇਆ ਗਿਆ। ਆਰਥਿਕ ਤੌਰ 'ਤੇ ਪੱਛੜੇ ਭਾਈਚਾਰਿਆਂ ਤੱਕ ਵੀ ਰਾਖਵਾਂਕਰਨ ਦਾ ਵਿਸਥਾਰ ਕਰ ਕੇ ਹਿੰਦੂ ਬਹੁ-ਗਿਣਤੀਆਂ ਦੀਆਂ ਸ਼ਿਕਾਇਤਾਂ ਦੇ ਹੱਲ ਦਾ ਯਤਨ ਹੋਇਆ। ਸਮੇਂ ਦੇ ਨਾਲ ਰਾਸ਼ਟਰੀ ਜਨਤਕ ਵਿਚਾਰ-ਵਟਾਂਦਰੇ ਦਾ ਸਰੂਪ ਵੀ ਬਦਲਦਾ ਗਿਆ। ਭਾਜਪਾ ਦੇ ਨਿਰਾਸ਼ਾਜਨਕ ਚੋਣ ਪ੍ਰਦਰਸ਼ਨ ਵਿਚਾਲੇ ਅਕਤੂਬਰ 1990 ਵਿੱਚ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਇੱਕ ਰਾਜਨੀਤਕ ਮਾਸਟਰ ਸਟਰੋਕ ਰਹੀ। ਇਸ ਨੇ ਹਿੰਦੂਆਂ ਵਿੱਚ ਭਾਵਨਾਤਮਕ ਉਬਾਲ ਭਰਿਆ। ਉਸ ਨੇ ਜਾਤ-ਪਾਤ ਅਤੇ ਪੰਥ ਤੋਂ ਪਰੇ ਜਾ ਕੇ ਹਿੰਦੂਆਂ ਨੂੰ ਵੱਡੇ ਪੱਧਰ 'ਤੇ ਸੰਗਠਿਤ ਅਤੇ ਏਕੀਕ੍ਰਿਤ ਕੀਤਾ। ਭਾਜਪਾ ਨੇ ਆਪਣੇ ਰਾਜਨੀਤਕ ਚਰਚਾ ਦੇ ਕੇਂਦਰ ਵਿੱਚ ਧਰਮ ਅਸਥਾਨ ਲਿਆਂਦਾ ਜਿਸ ਨੇ ਉਸ ਦੇ ਸਿਤਾਰੇ ਚਮਕਾ ਦਿੱਤੇ। ਇਹ ਤਜਰਬਾ ਤਾਂ ਕਾਮਯਾਬ ਰਿਹਾ ਪਰ ਇਸ ਨੇ ਰਾਜਨੀਤਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿੱਤਾ।

ਭਾਜਪਾ ਨੇ ਆਪਣੇ ਮੈਨੀਫੈਸਟੋ ਵਿੱਚ ਰਾਮ ਮੰਦਰ ਦੇ ਨਿਰਮਾਣ ਦਾ ਵਾਅਦਾ ਕੀਤਾ ਪਰ ਉਹ ਵਿਵਾਦਤ ਢਾਂਚੇ ਨੂੰ ਢਾਹੁਣ ਤੋਂ ਬਾਅਦ ਹੀ ਬਣਾਇਆ ਜਾ ਸਕਦਾ ਸੀ। ਛੇ ਦਸੰਬਰ 1992 ਨੂੰ ਅਜਿਹਾ ਹੋ ਗਿਆ। ਭਾਰਤ ਦੀ ਰਾਜਨੀਤੀ ਸੱਚ ਵਿੱਚ ਬਦਲ ਗਈ। ਫਿਰ ਵੀ, ਉਦੋਂ ਤੱਕ ਹਿੰਦੂਆਂ ਦੀਆਂ ਵੋਟਾਂ ਦੀ ਲਾਮਬੰਦੀ ਮਾੜੀ-ਮੋਟੀ ਹੀ ਹੋ ਸਕੀ ਸੀ। ਵਿਵਾਦਤ ਢਾਂਚੇ ਨੂੰ ਢਾਹੇ ਜਾਣ ਤੋਂ ਬਾਅਦ ਵੀ ਭਾਜਪਾ ਨੂੰ ਸੱਤਾ ਨਹੀਂ ਮਿਲ ਸਕੀ।

ਨਰਸਿਮਹਾ ਰਾਓ ਦੀ ਅਗਵਾਈ ਵਿੱਚ ਕਾਂਗਰਸ ਨੇ ਘੱਟ-ਗਿਣਤੀ ਦੀ ਸਰਕਾਰ ਚਲਾਈ। ਉਸ ਤੋਂ ਬਾਅਦ ਦੋ ਘੱਟ-ਗਿਣਤੀ ਸਰਕਾਰਾਂ ਸੱਤਾ ਵਿੱਚ ਰਹੀਆਂ। ਫਿਰ 1998 ਵਿੱਚ ਵਾਜਪਾਈ ਸਰਕਾਰ ਬਣੀ। ਭਾਜਪਾ ਫਿਰ 2004 ਵਿੱਚ ਹਾਰ ਗਈ ਅਤੇ ਉਸ ਤੋਂ ਬਾਅਦ 2014 ਤੱਕ ਯੂਪੀਏ ਦੀ ਸੱਤਾ ਰਹੀ। ਵਾਜਪਾਈ ਦੇ ਦੌਰ ਵਿੱਚ ਵੀ ਲੋਕਤੰਤਰੀ ਭਾਵਨਾਵਾਂ ਦਾ ਖ਼ਿਆਲ ਰੱਖਿਆ ਜਾਂਦਾ ਰਿਹਾ। ਸੰਨ 2014 ਵਿੱਚ ਆਪਣੀ ਤਾਜਪੋਸ਼ੀ ਦੇ ਨਾਲ ਮੋਦੀ ਹਿੰਦੂਆਂ ਦੀ ਉਸ ਧਾਰਾ ਦੇ ਪ੍ਰਤੀਕ ਦੇ ਰੂਪ ਵਿੱਚ ਉੱਭਰੇ ਜੋ ਭਗਵਾਨ ਰਾਮ ਦੇ ਆਦਰਸ਼ਾਂ ਨਾਲ ਭਰਪੂਰ ਨਹੀਂ। ਗੁਜਰਾਤ ਵਿੱਚ 2002 ਦੇ ਦੰਗਿਆਂ ਨੇ ਮੋਦੀ ਨੂੰ ਇੱਕ ਹਮਲਾਵਰ ਸ਼ਖ਼ਸੀਅਤ ਦੇ ਰੂਪ ਵਿੱਚ ਸਥਾਪਤ ਕੀਤਾ। ਗੁਜਰਾਤ ਵਿੱਚ ਉਨ੍ਹਾਂ ਦੇ ਸ਼ਾਸਨਕਾਲ ਵਿੱਚ ਹੀ ਗੋਧਰਾ ਵਿੱਚ ਸਾੜੇ ਗਏ ਹਿੰਦੂਆਂ ਵਰਗੀ ਰਾਸ਼ਟਰੀ ਆਫ਼ਤ ਦਾ ਬਦਲਾ ਲਿਆ ਗਿਆ।

ਨਵੇਂ ਉੱਭਰਦੇ ਭਾਰਤ ਦੇ ਕਥਿਤ ਸ਼ਿਲਪਕਾਰ ਮੋਦੀ ਉਸ ਨਵੀਂ ਕਿਸਮ ਦੀ ਰਾਜਨੀਤੀ ਦੇ ਮੂਲ ਵਿੱਚ ਹਨ ਜੋ ਅਡਵਾਨੀ ਤੇ ਵਾਜਪਾਈ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ। ਹੁਣ ਤਾਂ ਧਰਮ ਹੀ ਅਕਾਦਮਿਕ ਖੇਤਰ ਦੇ ਕੇਂਦਰ ਵਿੱਚ ਹੈ। ਹਿੰਦੂਤਵ ਦੀ ਰਾਜਨੀਤੀ ਵਿੱਚ ਭਾਰਤ ਦੀ ਵੰਨ-ਸੁਵੰਨਤਾ ਤਾਰ-ਤਾਰ ਹੋ ਰਹੀ ਹੈ। ਹਿੰਦੂਤਵ ਦਾ ਉਭਾਰ ਸਾਰੀਆਂ ਜਾਤੀਆਂ ਅਤੇ ਨਸਲਾਂ 'ਤੇ ਭਾਰੂ ਹੋਣਾ ਚਾਹੁੰਦਾ ਹੈ।

ਸਾਡੇ ਵੰਨ-ਸੁਵੰਨਤਾ ਨਾਲ ਭਰੇ ਤਾਣੇ-ਬਾਣੇ ਨੂੰ ਸਹੇਜਣ ਅਤੇ ਕਮਜ਼ੋਰ ਤੇ ਲਤਾੜੇ ਵਰਗਾਂ ਦੀ ਸਾਂਭ-ਸੰਭਾਲ ਦੀ ਮੁਹਿੰਮ ਚਲਾਉਣ ਵਾਲੀਆਂ ਆਵਾਜ਼ਾਂ ਨੂੰ ਦੱਬਣ ਵਿੱਚ ਵੀ ਇਸ ਸਰਕਾਰ ਦਾ ਕੋਈ ਸਾਨੀ ਨਹੀਂ। ਇਸ ਦੌਰ ਵਿੱਚ ਜਿਸ ਤਰ੍ਹਾਂ ਦਾ ਹਿੰਦੂਤਵ ਪੇਸ਼ ਕੀਤਾ ਜਾ ਰਿਹਾ ਹੈ, ਉਹ ਹਿੰਦੂ ਧਰਮ ਵਿੱਚ ਵਰਣਿਤ ਕਦਰਾਂ-ਕੀਮਤਾਂ ਤੋਂ ਕੋਹਾਂ ਦੂਰ ਹੈ। ਇਸ ਹਿੰਦੂਤਵ ਦਾ ਉਸ ਰਾਮ ਰਾਜ ਨਾਲ ਸਰੋਕਾਰ ਨਹੀਂ ਜਿਸ ਦਾ ਆਧਾਰ ਹੀ ਨੈਤਿਕਤਾ, ਨਿਰਪੱਖਤਾ, ਸਹਿਣਸ਼ੀਲਤਾ ਅਤੇ ਨਿਆਂ ਹੈ। ਹਿੰਦੂ ਧਰਮ ਨੂੰ ਇਕ ਨਵਾਂ ਨਾਂ ਦਿੱਤਾ ਜਾ ਰਿਹਾ ਹੈ। ਇਹ ਹਮਲਾਵਰ ਤੇ ਅਸਹਿਣਸ਼ੀਲ ਹੈ। ਇਹ ਅਲੱਗ ਸੋਚ ਰੱਖਣ ਵਾਲਿਆਂ ਦਾ ਮਖੌਲ ਉਡਾਉਂਦਾ ਹੈ ਅਤੇ ਦੁਸ਼ਮਣਾਂ ਦਾ ਐਲਾਨ ਕਰਨ ਨੂੰ ਤਤਪਰ ਰਹਿੰਦਾ ਹੈ। ਦੇਸ਼ ਭਗਤੀ ਦੇ ਅਰਥ ਬਦਲ ਗਏ ਜਾਪਦੇ ਹਨ। ਉੱਗਰ ਰਾਸ਼ਟਰਵਾਦ ਨੇ ਦੇਸ਼ ਭਗਤੀ ਦੀ ਜਗ੍ਹਾ ਲੈ ਲਈ ਹੈ ਜੋ ਬੇਹੱਦ ਮੰਦਭਾਗਾ ਵਰਤਾਰਾ ਕਿਹਾ ਜਾ ਸਕਦਾ ਹੈ। ਕਾਬਿਲੇ.ਗੌਰ ਹੈ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਅੰਦੋਲਨ ਵੇਲੇ ਆਜ਼ਾਦੀ ਸੰਗਰਾਮੀਏ ਜਾਤ-ਪਾਤ ਅਤੇ ਫ਼ਿਰਕਿਆਂ ਤੋਂ ਉੱਪਰ ਸਨ।

ਆਜ਼ਾਦੀ ਲਈ ਹਰ ਫ਼ਿਰਕੇ ਅਤੇ ਜਾਤ-ਪਾਤ ਦੇ ਲੋਕਾਂ ਨੇ ਆਪਣਾ ਖ਼ੂਨ ਵਹਾਇਆ ਸੀ। ਅਜਿਹੇ ਵਿੱਚ ਹੁਣ ਕਿਸੇ ਖ਼ਾਸ ਫ਼ਿਰਕੇ ਨਾਲ ਸਬੰਧਿਤ ਲੋਕਾਂ ਨੂੰ ਨਿਸ਼ਾਨੇ 'ਤੇ ਲੈਣਾ ਵਾਜਿਬ ਨਹੀਂ ਹੈ। ਮੋਦੀ ਰਾਸ਼ਟਰ ਦੇ ਪ੍ਰਤੀਕ ਬਣ ਗਏ ਹਨ ਅਤੇ ਦੇਸ਼ ਭਗਤੀ ਦਾ ਕੋਈ ਵੀ ਕੰਮ ਮੋਦੀ ਦੇ ਸਮਰਥਨ ਵਿੱਚ ਹੋਣਾ ਚਾਹੀਦਾ ਹੈ ਨਹੀਂ ਤਾਂ ਤੁਸੀਂ ਦੇਸ਼ ਧ੍ਰੋਹੀ ਕਰਾਰ ਦੇ ਦਿੱਤੇ ਜਾਓਗੇ। ਤੁਸੀਂ ਨਾ ਤਾਂ ਵਿਦੇਸ਼ ਨੀਤੀ ਦੀ ਆਲੋਚਨਾ ਕਰ ਸਕਦੇ ਹੋ ਅਤੇ ਨਾ ਹੀ ਕਿਸੇ ਹਿੱਸੇ 'ਤੇ ਚੀਨ ਦੇ ਕਬਜ਼ੇ ਬਾਰੇ ਗੱਲ ਕਰ ਸਕਦੇ ਹੋ। ਅਸੀਂ ਸਰਕਾਰ ਤੋਂ ਸਵਾਲ ਨਹੀਂ ਪੁੱਛ ਸਕਦੇ। ਅਸੀਂ ਮੋਦੀ ਸਰਕਾਰ ਦੀਆਂ ਯੋਜਨਾਵਾਂ ਦੀ ਆਲੋਚਨਾ ਨਹੀਂ ਕਰ ਸਕਦੇ। ਜੇ ਤੁਸੀਂ ਅਜਿਹਾ ਕੀਤਾ ਤਾਂ 'ਭਗਤ' ਤੁਹਾਡੇ ਪਿੱਛੇ ਪੈ ਜਾਣਗੇ ਅਤੇ ਤੁਹਾਡੇ ਬਾਰੇ ਫ਼ਰਜ਼ੀ ਖ਼ਬਰਾਂ ਪ੍ਰਚਾਰਿਤ ਕਰ ਕੇ ਤੁਹਾਨੂੰ ਖਲਨਾਇਕ ਵਜੋਂ ਪੇਸ਼ ਕਰਨਗੇ। ਅਸੀਂ ਸੰਸਦ ਵਿੱਚ ਸਵਾਲ ਨਹੀਂ ਪੁੱਛ ਸਕਦੇ ਅਤੇ ਜੇ ਕੁਝ ਪੁੱਛਿਆ ਤਾਂ ਲੋਕ-ਨੁਮਾਇੰਦਿਆਂ ਨੂੰ ਮੁਅੱਤਲ ਕੀਤਾ ਜਾਂਦਾ ਹੈ। ਦੇਸ਼ ਦਾ ਮੱਧ ਵਰਗ ਇਸੇ ਲਈ ਖਾਮੋਸ਼ ਹੈ ਕਿਉਂਕਿ ਉਸ ਨੂੰ ਆਪਣੀਆਂ ਸੁੱਖ-ਸਹੂਲਤਾਂ ਖੋਹ ਲਏ ਜਾਣ ਦਾ ਖ਼ਤਰਾ ਹੈ। ਵਿਚਾਰੇ ਗ਼ਰੀਬਾਂ ਕੋਲ ਤਾਂ ਕੋਈ ਬਦਲ ਵੀ ਨਹੀਂ ਹੈ। ਮੁੱਖਧਾਰਾ ਦਾ ਮੀਡੀਆ ਉਨ੍ਹਾਂ ਨੂੰ ਸੇਧਣ ਦਾ ਕੰਮ ਕਰਦਾ ਹੈ ਜਿਸ ਦਾ ਇਕ ਹੀ ਏਜੰਡਾ ਹੈ-ਮੋਦੀ ਦੇ ਪੱਖ ਵਿਚ ਮਾਹੌਲ ਬਣਾਉਣਾ। ਇਹ ਦਿਖਾਇਆ ਜਾਂਦਾ ਹੈ ਕਿ ਮੋਦੀ ਹੀ ਇਕਮਾਤਰ ਵਿਅਕਤੀ ਹਨ ਜੋ ਦੇਸ਼ ਅਤੇ ਉਸ ਦੇ ਦੁਸ਼ਮਣਾਂ ਵਿਚਾਲੇ ਖੜ੍ਹੇ ਰਹਿੰਦੇ ਹਨ ਅਤੇ ਜੋ ਉਨ੍ਹਾਂ ਦੇ ਨਾਲ ਨਹੀਂ, ਉਨ੍ਹਾਂ ਦੀ ਦੇਸ਼ ਭਗਤੀ ਸ਼ੱਕੀ ਹੈ। ਅੱਜ ਧਰਮ ਅਤੇ ਰਾਜਨੀਤੀ ਦਾ ਇਸ ਤਰ੍ਹਾਂ ਘਾਲ-ਮੇਲ ਹੋ ਗਿਆ ਹੈ ਕਿ ਜੋ ਮੋਦੀ ਦੀ ਮਨਸ਼ਾ ਵਾਲੇ ਹਿੰਦੂਤਵ ਵਿੱਚ ਵਿਸ਼ਵਾਸ ਨਹੀਂ ਰੱਖਦੇ, ਉਹ ਹਿੰਦੂ ਹੀ ਨਹੀਂ ਹਨ। ਰਾਮ ਮੰਦਰ ਹਿੰਦੂ ਪੁਨਰ-ਉੱਥਾਨ ਦਾ ਪ੍ਰਤੀਕ ਬਣ ਗਿਆ ਹੈ। ਸ਼ੰਕਰਾਚਾਰੀਆਂ ਦੇ ਇਤਰਾਜ਼ ਦੇ ਬਾਵਜੂਦ ਮੋਦੀ ਮੰਦਰ ਦੀ ਪ੍ਰਾਣ-ਪ੍ਰਤਿਸ਼ਠਾ ਕਰਨ ਜਾ ਰਹੇ ਹਨ।

ਆਗਾਮੀ ਚੋਣਾਂ ਸਿਰ 'ਤੇ ਹਨ ਅਤੇ ਮੋਦੀ ਨੂੰ ਕੋਈ ਫ਼ਿਕਰ ਨਹੀਂ। ਉਨ੍ਹਾਂ ਮੁਤਾਬਕ ਹਿੰਦੂ ਲਹਿਰ ਉਨ੍ਹਾਂ ਦੀ ਚੁਣਾਵੀ ਬੇੜੀ ਪਾਰ ਲਾ ਦੇਵੇਗੀ। ਜਿਨ੍ਹਾਂ ਸੂਬਿਆਂ ਵਿੱਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉੱਥੇ ਡਬਲ-ਇੰਜਣ ਸਰਕਾਰ ਦੇ ਜੁਮਲੇ ਨਾਲ ਲੁਭਾਇਆ ਜਾਵੇਗਾ। ਕੇਂਦਰ ਅਤੇ ਰਾਜਾਂ ਵਿੱਚ ਭਾਜਪਾ ਰਾਜ ਕਰੇ, ਇਹੀ ਮੋਦੀ ਦਾ ਸੁਪਨਾ ਹੈ। ਇਹ ਸੁਪਨਾ ਕਿਸੇ ਵੀ ਸੂਰਤ ਵਿੱਚ ਹਕੀਕਤ 'ਚ ਨਹੀਂ ਬਦਲਣਾ ਚਾਹੀਦਾ। ਜੇ ਇਹ ਖ਼ਾਬ ਪੂਰਾ ਹੋਇਆ ਤਾਂ ਭਾਰਤ ਇੱਕ ਪਾਰਟੀ ਦੀ ਜਾਗੀਰ ਬਣ ਜਾਵੇਗਾ, ਉਸ ਦੀ ਵੰਨ-ਸੁਵੰਨਤਾ ਨਸ਼ਟ ਹੋ ਜਾਵੇਗੀ। ਅਜਿਹਾ ਭਾਰਤ ਕਿਹੋ ਜਿਹਾ ਹੋਵੇਗਾ? ਇਹ ਤਾਂ ਸਮਾਂ ਹੀ ਦੱਸੇਗਾ। ਇਤਿਹਾਸ ਸਾਨੂੰ ਸੱਤਾ ਜਾਂ ਸ਼ਕਤੀ ਦੇ ਥੋੜ੍ਹ-ਚਿਰੇ ਸਰੂਪ ਦਾ ਸਬਕ ਸਿਖਾਉਂਦਾ ਹੈ। ਇਹ ਸਥਾਈ ਨਹੀਂ ਹੋ ਸਕਦਾ।

-(ਲੇਖਕ ਰਾਜ ਸਭਾ ਦਾ ਮੈਂਬਰ ਹੈ)

# ਕੈਨੇਡਾ ਦੀ ਆਰਥਿਕਤਾ ਮੰਦੀ ਤੇ ਮਹਿੰਗਾਈ ਦੀ ਸ਼ਿਕਾਰ

**ਅਮਰਜੀਤ ਭੁੱਲਰ**

ਇਹ ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਲਈ ਫ਼ੈਸਲਾਕੁਨ ਸਾਬਿਤ ਹੋਵੇਗਾ। ਮੰਡੀ ਖੋਜ ਅਤੇ ਵਿਸ਼ਲੇਸ਼ਣ ਦੀ ਕੰਪਨੀ 'ਲੀਗਰ' ਦੇ ਸਰਵੇਖਣ (10-12 ਨਵੰਬਰ 2023) ਤੋਂ ਪਤਾ ਲੱਗਦਾ ਹੈ ਕਿ ਲਿਬਰਲ ਸਰਕਾਰ ਨੇ ਸਸਤੇ ਘਰ ਤਿਆਰ ਕਰ ਕੇ ਮੁਹੱਈਆ ਕਰਾਉਣ ਦੇ ਸੰਕਟ ਅਤੇ ਵਧਦੀ ਮਹਿੰਗਾਈ ਨਾਲ ਜਿਸ ਢੰਗ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਉਸ ਤੋਂ ਵੋਟਰਾਂ ਅੰਦਰ ਖ਼ਾਸੀ ਨਾਰਾਜ਼ਗੀ ਹੈ। ਜੇ ਸਰਕਾਰ ਅਰਥਚਾਰੇ ਨੂੰ ਮੰਦੀ ਦੇ ਦੌਰ ਵਿੱਚ ਧੱਕੇ ਬਗ਼ੈਰ ਵਧਦੀ ਮਹਿੰਗਾਈ ਨੂੰ ਠੱਲ੍ਹ ਪਾਉਣ ਅਤੇ ਸਸਤੇ ਮਕਾਨ ਬਣਾਉਣ ਲਈ ਕਾਰਗਰ ਨੀਤੀਆਂ ਨੂੰ ਅਮਲ ਵਿੱਚ ਲਿਆਉਣ ਵਿੱਚ ਸਫ਼ਲ ਹੋ ਗਈ ਤਾਂ 2025 ਦੀਆਂ ਆਮ ਚੋਣਾਂ ਵਿੱਚ ਇਸ ਦੇ ਜਿੱਤਣ ਦੇ ਆਸਾਰ ਰੌਸ਼ਨ ਹੋ ਜਾਣਗੇ।

ਸਾਲ 2022 ਵਿੱਚ ਖਪਤਕਾਰ ਕੀਮਤ ਸੂਚਕ ਅੰਕ ਵਿੱਚ ਸਾਲਾਨਾ ਵਾਧਾ 6.8% ਹੋ ਗਿਆ ਸੀ ਜੋ ਪਿਛਲੇ ਚਾਲੀ ਸਾਲਾਂ ਦੇ ਉੱਚਤਮ ਮੁਕਾਮ 'ਤੇ ਹੈ ਪਰ ਇਸ ਤੋਂ ਬਾਅਦ ਇਸ ਵਿੱਚ ਕਮੀ ਆਉਣ ਲੱਗ ਪਈ ਸੀ। ਜਨਵਰੀ 2023 ਵਿੱਚ ਮਹਿੰਗਾਈ ਦਰ 5.9%, ਅਪਰੈਲ ਵਿੱਚ 4.4% ਅਤੇ ਜੂਨ ਵਿੱਚ 2.8% ਸੀ। ਇਸ ਤੋਂ ਬਾਅਦ ਜੁਲਾਈ ਵਿੱਚ ਇਹ 3.3%, ਅਗਸਤ ਵਿੱਚ 4% ਹੋ ਗਈ ਅਤੇ ਸਤੰਬਰ ਵਿੱਚ ਮੁੜ 3.8 ਅਤੇ ਅਕਤੂਬਰ ਵਿਚ 3.1% 'ਤੇ ਆ ਗਈ ਸੀ। ਮਹਿੰਗਾਈ ਦਰ ਵਿੱਚ ਇਸ ਗ਼ੈਰ-ਮਾਮੂਲੀ ਇਜ਼ਾਫ਼ੇ ਲਈ ਚਾਰ ਮੁੱਖ ਕਾਰਕ ਜ਼ਿੰਮੇਵਾਰ ਹਨ ਜਿਨ੍ਹਾਂ 'ਚ ਆਲਮੀ ਸਪਲਾਈ ਚੇਨ ਵਿੱਚ ਵਿਘਨ, ਕੋਵਿਡ-19 ਦੀ ਮਹਾਮਾਰੀ ਦੇ ਅਰਸੇ ਦੌਰਾਨ ਰੁਕੀ ਹੋਈ ਮੰਗ ਵਿੱਚ ਯਕਦਮ ਆਰਜ਼ੀ ਵਾਧਾ, ਰੂਸ-ਯੂਕਰੇਨ ਜੰਗ ਅਤੇ ਕਾਰਪੋਰੇਟ ਫਰਮਾਂ ਦੀ ਮੁਨਾਫ਼ਾਖੋਰੀ ਸ਼ਾਮਲ ਹਨ। ਮਹਿੰਗਾਈ ਦਰ ਵਿੱਚ ਵਾਧੇ ਕਰ ਕੇ ਨੀਤੀ ਸਫ਼ਾਂ ਵਿੱਚ ਸਹਿਮ ਫੈਲਿਆ ਹੋਇਆ ਹੈ। ਬੈਂਕ ਆਫ ਕੈਨੇਡਾ ਪਿਛਲੇ ਦੋ ਸਾਲਾਂ ਵਿੱਚ ਮਹਿੰਗਾਈ ਦਰ ਨੂੰ ਠੱਲ੍ਹ ਪਾਉਣ ਦੇ ਨਾਂ 'ਤੇ ਵਿਆਜ ਦਰਾਂ ਵਿੱਚ ਦਸ ਦਫ਼ਾ ਇਜ਼ਾਫ਼ਾ ਕਰ ਚੁੱਕਿਆ ਹੈ। ਕੋਵਿਡ-19 ਦੀ ਆਮਦ ਵੇਲੇ ਮਹਿੰਗਾਈ ਦਰ 0.25% ਰਹਿ ਗਈ ਸੀ ਅਤੇ ਜੁਲਾਈ 2022 ਵਿੱਚ 2.5, ਦਸੰਬਰ 2022 ਵਿੱਚ 4.5 ਤੇ ਜੁਲਾਈ 2023 ਵਿੱਚ 5% ਹੋ ਗਈ ਸੀ। ਇਸ ਤੋਂ ਬਾਅਦ ਵਾਧਾ ਰੁਕ ਗਿਆ; ਬੈਂਕ ਦੇ ਗਵਰਨਰ ਦਾ ਕਹਿਣਾ ਹੈ ਕਿ ਜੇ ਲੋੜ ਪਈ ਤਾਂ ਵਿਆਜ ਦਰਾਂ 'ਚ ਵਾਧਾ ਕੀਤਾ ਜਾ ਸਕਦਾ। ਮਹਿੰਗਾਈ ਦਰ ਵਿੱਚ ਵਾਧੇ ਲਈ ਮੁੱਖ ਤੌਰ 'ਤੇ ਹੋਮ ਲੋਨ ਵਿਆਜ ਦਰ (ਮਾਰਗੇਜ ਵਿਆਜ ਦਰ) ਅਤੇ ਕਿਰਾਏ, ਖਾਧ ਖੁਰਾਕ, ਗੈਸੋਲੀਨ ਅਤੇ ਬਿਜਲੀ ਦੀਆਂ ਕੀਮਤਾਂ ਵਿੱਚ ਵਾਧਾ ਜ਼ਿੰਮੇਵਾਰ ਹੈ। ਸਤੰਬਰ 2022 ਤੋਂ ਸਤੰਬਰ 2023 ਤੱਕ ਹੋਮ ਲੋਨ ਵਿਆਜ ਦਰ ਦਾ ਮਹਿੰਗਾਈ ਵਾਧੇ ਵਿੱਚ ਯੋਗਦਾਨ 30.6 ਫ਼ੀਸਦੀ ਰਿਹਾ ਹੈ। ਇਸੇ ਤਰ੍ਹਾਂ ਘਰਾਂ ਦਾ ਕਿਰਾਏ, ਖਾਣੇ ਦਾਣੇ, ਗੈਸੋਲੀਨ ਅਤੇ ਬਿਜਲੀ ਦੀਆਂ ਕੀਮਤਾਂ ਦਾ ਯੋਗਦਾਨ ਕ੍ਰਮਵਾਰ 7.3, 6.1, 7.5 ਅਤੇ 11.1 ਫ਼ੀਸਦੀ ਰਿਹਾ ਹੈ।



ਵਧਦੀ ਮਹਿੰਗਾਈ ਦਰ ਨੇ ਖਪਤਕਾਰਾਂ ਦਾ ਕਚੂਮਰ ਕੱਢ ਦਿੱਤਾ ਹੈ। ਘਰਾਂ ਦੇ ਕਰਜਿਆਂ ਦੀਆਂ ਕਿਸ਼ਤਾਂ ਅਸਮਾਨੀ ਚੜ੍ਹ ਗਈਆਂ ਹਨ। ਫੂਡ ਬੈਂਕਾਂ ਉਪਰ ਖੁਰਾਕ ਲਈ ਨਿਰਭਰ ਘੱਟ ਆਮਦਨ ਵਾਲੇ ਲੋਕਾਂ ਦਾ ਦਬਾਅ ਬਹੁਤ ਵਧ ਗਿਆ ਹੈ। ਘਰ ਮਾਲਕਾਂ ਦਾ ਵੱਡਾ ਤਬਕਾ ਮਾਰਗੇਜ ਅਤੇ ਨਾਨ-ਮਾਰਗੇਜ ਕਰਜਿਆਂ ਦੇ ਬੋਝ ਹੇਠ ਦਬ ਗਿਆ ਹੈ। ਇਸ ਤੋਂ ਇਲਾਵਾ ਪੈਨਸ਼ਨਰਾਂ ਦੇ ਵੀ ਮੰਦੜੇ ਹਾਲ ਹਨ ਜਿਨ੍ਹਾਂ ਤੋਂ ਬੁਢਾਪਾ ਪੈਨਸ਼ਨ ਨਾਲ ਆਪਣੇ ਦੋ ਵੇਲਿਆਂ ਦੀ ਰੋਟੀ ਦਾ ਜੁਗਾੜ ਨਹੀਂ ਹੋ ਰਿਹਾ। ਨਵੇਂ ਆਵਾਸੀਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਵੀ ਬਹੁਤ ਜਿਆਦਾ ਦਿੱਕਤਾਂ ਝੱਲਣੀਆਂ ਪੈ ਰਹੀਆਂ ਹਨ। ਵਿਆਜ ਦਰਾਂ ਵਿੱਚ ਵਾਧਾ ਹੋਣ ਨਾਲ ਕੈਨੇਡਾ ਵਿੱਚ ਮਕਾਨ ਉਸਾਰੀ ਦਾ ਸੰਕਟ ਕਈ ਗੁਣਾਂ ਵਧ ਗਿਆ ਹੈ। ਨੀਤੀ-ਘਾੜਿਆਂ ਨੂੰ ਆਸ ਸੀ ਕਿ ਵਿਆਜ ਦਰਾਂ ਵਿੱਚ ਵਾਧੇ ਨਾਲ ਘਰਾਂ ਦੀਆਂ ਵਧ ਰਹੀਆਂ ਕੀਮਤਾਂ ਦੇ ਗੁਬਾਰੇ ਦੀ ਹਵਾ ਨਿਕਲ ਜਾਵੇਗੀ। ਘਰਾਂ ਦੀਆਂ ਕੀਮਤਾਂ ਕੁਝ ਹੱਦ ਤਕ ਘਟੀਆਂ ਵੀ ਹਨ ਪਰ ਵਿਆਜ ਦਰਾਂ ਵਿੱਚ ਵਾਧੇ ਅਤੇ ਮਾਰਗੇਜ ਦੀ ਮਨਜ਼ੂਰੀ ਲਈ ਸ਼ਰਤਾਂ ਸਖ਼ਤ ਕਰਨ ਨਾਲ ਘੱਟ ਆਮਦਨ ਵਾਲੇ ਅਤੇ ਪਹਿਲਾ ਘਰ ਖਰੀਦਣ ਵਾਲੇ ਲੋਕੀਂ ਬਾਜ਼ਾਰ ਤੋਂ ਬਾਹਰ ਹੋ ਗਏ ਹਨ। ਘਰਾਂ ਦੀ ਮੰਗ ਬਹੁਤ ਘਟ ਗਈ ਹੈ ਅਤੇ ਬਿਲਡਰਾਂ ਨੇ ਨਵੇਂ ਨਿਰਮਾਣ ਪ੍ਰਾਜੈਕਟ ਰੋਕ ਦਿੱਤੇ ਹਨ ਜਿਸ ਨਾਲ ਸਪਲਾਈ ਘੱਟ ਹੋ ਗਈ ਹੈ। ਕੈਨੇਡਾ ਮਾਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਨੇ ਧਿਆਨ ਦਿਵਾਇਆ ਹੈ ਕਿ 2023 ਵਿੱਚ 14 ਲੱਖ ਪਰਿਵਾਰਾਂ ਕੋਲ ਮਿਆਰੀ ਘਰਾਂ ਤੱਕ ਰਸਾਈ ਨਹੀਂ ਸੀ। ਇਸ ਦਾ ਅਨੁਮਾਨ ਹੈ ਕਿ 22 ਲੱਖ ਘਰਾਂ ਦੇ ਚਲੰਤ ਆਧਾਰ ਤੋਂ 2030 ਤੱਕ 34.5 ਲੱਖ ਵਾਧੂ ਘਰਾਂ ਦੇ ਨਿਰਮਾਣ ਦੀ ਲੋੜ ਪਵੇਗੀ। ਘਰਾਂ ਦੀਆਂ ਕੀਮਤਾਂ ਕਾਬੂ ਹੇਠ ਰੱਖਣ ਲਈ ਪੂਰਤੀ ਅਤੇ ਮੰਗ ਵਿਚਕਾਰ ਪਾੜੇ ਨੂੰ ਪੂਰਨ ਵਾਸਤੇ ਦੀਰਘਕਾਲੀ ਯੋਜਨਾ ਦੀ ਲੋੜ ਹੈ। ਇਸ ਮੰਤਵ ਲਈ ਗ਼ੈਰ ਮੰਡੀ ਮਕਾਨ ਉਸਾਰੀ ਜਿਵੇਂ ਸਹਿਕਾਰੀ, ਮੁਨਾਫ਼ਾ ਰਹਿਤ ਅਤੇ ਸਰਕਾਰੀ ਮਕਾਨ ਉਸਾਰੀ ਖੇਤਰ ਵਿੱਚ ਚੋਖੇ ਅਤੇ ਬੱਝਵੇਂ ਸਰਕਾਰੀ ਨਿਵੇਸ਼ ਦੀ ਲੋੜ ਹੈ। ਰੈਂਟਲ ਵੈੱਬਸਾਈਟਾਂ 'ਤੇ ਮਹਾਨਗਰਾਂ ਵਿੱਚ ਕਿਰਾਏ 'ਤੇ ਚਾੜ੍ਹਨ ਲਈ ਇਕਹਿਰੀਆਂ ਇਕਾਈਆਂ ਵਿੱਚ ਹੀ ਜਿਆਦਾ ਦਿਲਚਸਪੀ ਦੇਖਣ ਨੂੰ ਮਿਲੀ ਹੈ।

ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ ਇਤਿਹਾਸਕ ਤੌਰ 'ਤੇ ਨੀਵੀਂ ਰਹੀ ਹੈ ਪਰ ਹੁਣ ਇਸ ਵਿੱਚ ਵਾਧਾ ਹੋ ਰਿਹਾ ਹੈ। ਇਸ ਵੇਲੇ ਬੇਰੁਜ਼ਗਾਰੀ ਦੀ ਦਰ 5.8% ਹੈ ਜੋ ਪਿਛਲੇ ਸਾਲ 5.1 ਸੀ। ਧਰਵਾਸ ਦੀ ਇਹ ਹੈ ਕਿ ਇਹ 8.06 ਦੀ ਇਤਿਹਾਸਕ ਔਸਤ ਨਾਲੋਂ ਹੇਠਾਂ ਹੈ। ਹਾਲੀਆ ਰਿਪੋਰਟਾਂ ਤੋਂ ਸੰਕੇਤ ਮਿਲੇ ਹਨ ਕਿ ਜੇ ਅਰਥਚਾਰੇ ਵਿੱਚ ਮੰਦੀ ਦਾ ਰੁਝਾਨ ਜਾਰੀ ਰਹਿੰਦਾ ਹੈ ਤਾਂ ਬੇਰੁਜ਼ਗਾਰੀ ਦੀ ਦਰ ਵਿਚ ਵਾਧਾ ਹੋ ਸਕਦਾ ਹੈ। ਇਸ ਨਾਲ ਘੱਟ ਉਜਰਤ ਵਾਲੇ ਕੰਮ ਧੰਦਿਆਂ ਉੱਪਰ ਅਸਰ ਪੈ ਸਕਦਾ ਹੈ। ਕੈਨੇਡਾ 'ਚ ਆਵਾਸੀਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਵਿੱਚ 2014 ਤੋਂ ਵਾਧਾ ਹੋ ਰਿਹਾ ਹੈ ਜਦੋਂ ਲਿਬਰਲ ਪਾਰਟੀ ਸੱਤਾ ਵਿੱਚ ਆਈ ਸੀ। ਕੌਮਾਂਤਰੀ ਵਿਦਿਆਰਥੀਆਂ ਨੇ ਕੈਨੇਡਾ ਦੀ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿਚ 22 ਅਰਬ ਡਾਲਰ ਤੋਂ ਵੱਧ ਯੋਗਦਾਨ ਪਾਇਆ ਹੈ ਅਤੇ ਕਰੀਬ ਦੋ ਲੱਖ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਹਨ। ਪਿਛਲੇ ਕੁਝ ਸਮੇਂ ਤੋਂ ਕੈਨੇਡਾ ਨੇ ਆਵਾਸ ਅਤੇ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਦੇ ਸਬੰਧ ਵਿਚ ਨੇਮ ਸਖ਼ਤ ਕਰਨੇ ਸ਼ੁਰੂ ਕੀਤੇ ਹਨ ਪਰ ਤੱਥ ਇਹ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਉਦਾਰ ਆਵਾਸ ਪ੍ਰਣਾਲੀ ਕਰ ਕੇ ਪਿਛਲੀਆਂ ਤਿੰਨ ਚੋਣਾਂ ਵਿੱਚ ਉਹ ਆਵਾਸੀ ਵੋਟਰਾਂ ਲਈ ਪਹਿਲੀ ਪਸੰਦ ਬਣੇ ਹੋਏ ਹਨ। ਹੁਣ ਸਵਾਲ ਪੈਦਾ ਹੋ ਗਿਆ ਹੈ ਕਿ ਉਹ ਆਪਣੇ ਇਸ ਵੋਟ ਬੈਂਕ ਨੂੰ ਬਰਕਰਾਰ ਰੱਖ ਸਕਣਗੇ ?

ਟਰੂਡੋ ਸਰਕਾਰ ਨੇ ਜਿਸ ਤਰ੍ਹਾਂ ਕੋਵਿਡ ਸੰਕਟ ਦਾ ਸਾਹਮਣਾ ਕੀਤਾ ਸੀ ਅਤੇ ਤਣਾਅ ਦੇ ਦਿਨਾਂ ਵਿੱਚ ਜਿਵੇਂ ਅਰਬਾਂ ਡਾਲਰ ਖਰਚ ਕੇ ਦੇਸ਼ਵਾਸੀਆਂ ਦੀ ਮਦਦ ਕੀਤੀ ਸੀ, ਉਸ ਦੀ ਬਹੁਤ ਸ਼ਲਾਘਾ ਹੋਈ ਸੀ। ਕੈਨੇਡਾ ਦਾ ਅਰਥਚਾਰਾ ਕੋਵਿਡ ਦੀ ਸੱਟ ਤੋਂ ਬਾਅਦ ਤੇਜ਼ੀ ਨਾਲ ਉੱਭਰ ਆਇਆ ਸੀ। 2021 ਅਤੇ 2022 ਵਿੱਚ ਕੈਨੇਡਾ ਦੀ ਹਕੀਕੀ ਜੀਡੀਪੀ ਵਿੱਚ ਕ੍ਰਮਵਾਰ 5.01 ਅਤੇ 3.44% ਦਰ ਨਾਲ ਵਾਧਾ ਹੋਇਆ ਸੀ ਪਰ ਇਸ ਨਾਲ ਮਹਿੰਗਾਈ ਦਰ ਵਿਚ ਵਾਧਾ ਹੋਣ ਕਰ ਕੇ ਸਰਕਾਰ ਦੀ ਖੇਡ ਖਰਾਬ ਹੋ ਗਈ। ਅਰਥ ਸ਼ਾਸਤਰੀਆਂ ਨੇ ਆਖਿਆ ਸੀ ਕਿ ਅਰਥਚਾਰੇ ਦੇ 'ਓਵਰਹੀਟ' ਹੋਣ ਕਰ ਕੇ ਮਹਿੰਗਾਈ ਦਰ ਦਾ ਦਬਾਅ ਵਧ ਗਿਆ ਹੈ। ਜੇ ਮਹਿੰਗਾਈ ਦਰ ਉੱਚੀ ਰਹਿੰਦੀ ਹੈ ਤਾਂ ਇਹ ਕੋਈ ਸ਼ੁਭ ਸੰਕੇਤ ਨਹੀਂ ਹੋਵੇਗਾ। ਨੀਤੀਘਾੜੇ ਅਕਸਰ ਕਹਿੰਦੇ ਹਨ ਕਿ 'ਮੰਦੀ ਬੁਰੀ ਚੀਜ਼ ਹੁੰਦੀ ਹੈ ਪਰ ਬਹੁਤ ਜਿਆਦਾ ਮਹਿੰਗਾਈ ਇਸ ਤੋਂ ਵੀ ਬੁਰੀ ਹੁੰਦੀ ਹੈ।' ਇਸ ਲਈ ਉਨ੍ਹਾਂ ਨੂੰ ਵਿਆਜ ਦਰਾਂ ਜਿਹੇ ਮਾਲੀ ਨੀਤੀ ਔਜ਼ਾਰਾਂ ਦੀ ਲੋੜ ਪੈਂਦੀ ਹੈ ਤਾਂ ਕਿ ਮਹਿੰਗਾਈ ਦਰ ਨੂੰ ਵਾਪਸ 2-3% ਦੀ ਰੇਂਜ ਅੰਦਰ ਲਿਆਂਦਾ ਜਾ ਸਕੇ। ਅੰਤਿਮ ਟੀਚਾ ਮਹਿੰਗਾਈ ਦਰ ਨੂੰ 2% ਤੋਂ ਹੇਠਾਂ ਲਿਆਉਣਾ ਹੈ।

ਹੁਣ ਭਾਵੇਂ ਅਰਥਚਾਰੇ ਅਤੇ ਮਹਿੰਗਾਈ ਦਰ ਵਿੱਚ ਨਰਮਾਈ ਆ ਚੁੱਕੀ ਹੈ ਪਰ ਨੀਤੀਘਾੜਿਆਂ ਦਾ ਖਿਆਲ ਹੈ ਕਿ ਇਸ ਵਿੱਚ ਮੁੜ ਉਭਾਰ ਆ ਸਕਦਾ ਹੈ। ਇਸ ਲਈ ਸਰਕਾਰ ਸੋਚੀਂ ਪਈ ਹੋਈ ਹੈ। ਜੇ ਮਹਿੰਗਾਈ ਦਰ ਨੂੰ ਜਾਰੀ ਰਹਿਣ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਵੋਟਰ ਨਾਰਾਜ਼ ਹੋ ਜਾਣਗੇ; ਜੇ ਮਹਿੰਗਾਈ ਦਰ ਨੂੰ ਹੋਰ ਹੇਠਾਂ ਲਿਆਉਣ ਲਈ ਸਖ਼ਤ ਨੀਤੀਆਂ ਅਪਣਾਈਆਂ ਜਾਂਦੀਆਂ ਹਨ ਤਾਂ ਇਸ ਨਾਲ ਅਰਥਚਾਰਾ ਮੰਦੀ ਦੇ ਦੌਰ ਵਿੱਚ ਜਾ ਸਕਦਾ ਹੈ ਜਿਸ ਕਰ ਕੇ ਬੇਰੁਜ਼ਗਾਰੀ ਹੋਰ ਵਧ ਸਕਦੀ ਹੈ।

ਮੰਦੀ ਦੇ ਸੰਕੇਤ ਪਹਿਲਾਂ ਹੀ ਆਉਣ ਲੱਗ ਪਏ ਹਨ। 2023 ਦੀ ਪਹਿਲੀ ਤਿਮਾਹੀ ਵਿੱਚ ਵਿਕਾਸ ਦਰ 0.6%, ਦੂਜੀ ਤਿਮਾਹੀ ਵਿਚ 0.3% ਅਤੇ ਤੀਜੀ 'ਚ -0.3% ਰਹੀ ਹੈ। ਜੇ ਲਗਾਤਾਰ ਦੋ ਤਿਮਾਹੀਆਂ ਦੌਰਾਨ ਨਾਂਹਮੁਖੀ ਰੁਝਾਨ ਰਹਿੰਦਾ ਹੈ ਤਾਂ ਤਕਨੀਕੀ ਤੌਰ 'ਤੇ ਇਹ ਮੰਦੀ ਗਿਣੀ ਜਾਂਦੀ ਹੈ। ਇਸ ਲਈ ਜੇ ਚੌਥੀ ਤਿਮਾਹੀ ਵਿਚ ਵੀ ਵਿਕਾਸ ਦਰ ਨਾਂਹਮੁਖੀ ਰਹੀ ਤਾਂ ਕੈਨੇਡੀਅਨ ਅਰਥਚਾਰਾ ਮੰਦੀ ਦੀ ਜ਼ੱਦ ਵਿੱਚ ਆ ਜਾਵੇਗਾ। ਟੀਡੀ ਬੈਂਕ ਦੇ ਆਰਥਿਕ ਮਾਹਿਰਾਂ ਮੁਤਾਬਿਕ ਜੇ ਅਜਿਹਾ ਹੋਇਆ ਤਾਂ ਰੁਜ਼ਗਾਰ ਦੀ ਦਰ ਵਿਚ 3.7% ਕਮੀ ਆ ਜਾਵੇਗੀ; ਭਾਵ, 4.5 ਲੱਖ ਨੌਕਰੀਆਂ ਘਟ ਜਾਣਗੀਆਂ।

ਕੁੱਲ ਮਿਲਾ ਕੇ ਅਰਥਚਾਰੇ ਉਪਰ ਉੱਚ ਮਹਿੰਗਾਈ ਦਰ (ਖ਼ਾਸਕਰ ਖੁਰਾਕ, ਰਿਹਾਇਸ਼ ਤੇ ਗੈਸ ਦੀਆਂ ਉੱਚੀਆਂ ਕੀਮਤਾਂ), ਘਰ ਨਿਰਮਾਣ ਸੰਕਟ, ਘਰਾਂ ਲਈ ਮਾਰਗੇਜ ਤੇ ਨਾਨ-ਮਾਰਗੇਜ ਕਰਜਿਆਂ 'ਚ ਵਾਧੇ, ਉੱਚੀਆਂ ਵਿਆਜ ਦਰਾਂ ਅਤੇ ਮੰਦੀ ਦੇ ਆਸਾਰ ਦਾ ਖ਼ਤਰਾ ਮੰਡਰਾ ਰਿਹਾ ਹੈ। ਟਰੂਡੋ ਇਸ ਵੇਲੇ ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕਰੈਟਿਕ ਪਾਰਟੀ (ਐੱਨਡੀਪੀ) ਦੀ ਹਮਾਇਤ ਨਾਲ ਘੱਟਗਿਣਤੀ ਸਰਕਾਰ ਚਲਾ ਰਹੇ ਹਨ। ਜੇ ਟਰੂਡੋ 2025 ਦੀਆਂ ਚੋਣਾਂ ਵਿਚ ਕਿਵੇਂ ਨਾ ਕਿਵੇਂ ਜਿੱਤ ਗਏ ਤਾਂ ਜਗਮੀਤ ਸਿੰਘ ਇੱਕ ਵਾਰ ਫਿਰ 'ਕਿੰਗਮੇਕਰ' ਦੀ ਭੂਮਿਕਾ ਨਿਭਾਉਣਗੇ।

***ਲੇਖਕ ਨਾਰਦਰਨ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਹਨ**

# ਰਾਸ਼ਟਰਵਾਦ ਵਿੱਚ ਪਛਾਣ ਦਾ ਸੁਆਲ



**ਰਣਜੀਤ ਸਿੰਘ ਕੁਕੀ**

ਵੀਹਵੀਂ ਸਦੀ ਦੇ ਅੰਤ ਤੱਕ, ਆਧੁਨਿਕ ਸੰਸਾਰ ਵਿੱਚ ਧਰਮ ਦੀ ਮਹੱਤਤਾ ਬਾਰੇ ਸਪੱਸ਼ਟ ਯਾਦ-ਦਹਾਨੀਆਂ ਭਰਪੂਰ ਰੂਪ ਵਿੱਚ ਮੌਜੂਦ ਸਨ। ਇਕੱਲੇ ਯੂਰਪ ਵਿੱਚ, ਉੱਤਰੀ ਆਇਰਲੈਂਡ ਵਿੱਚ ਪ੍ਰੋਟੈਸਟੈਂਟਾਂ ਅਤੇ ਕੈਥੋਲਿਕਾਂ ਵਿਚਕਾਰ ਮੁਸੀਬਤਾਂ, ਆਰਥੋਡਾਕਸ ਸਰਬੀਆਂ ਦੁਆਰਾ ਮੁਸਲਿਮ ਬੋਸਨੀਆ ਦੇ ਵਿਰੁੱਧ ਸਰੇਬ੍ਰੇਨਿਕਾ ਵਿੱਚ ਨਸਲਕੁਸ਼ੀ ਅਤੇ ਪੋਲੈਂਡ ਵਿੱਚ ਕੈਥੋਲਿਕ-ਪ੍ਰੇਰਿਤ ਏਕਤਾ ਦੀ ਲਹਿਰ ਨੇ ਆਧੁਨਿਕ ਰਾਜਨੀਤੀ ਅਤੇ ਆਧੁਨਿਕ ਰਾਸ਼ਟਰਾਂ ਵਿੱਚ ਧਰਮ ਦੀ ਮਹੱਤਤਾ ਨੂੰ ਦਰਸਾਇਆ।

ਵਿਦਵਾਨ ਹੁਣ ਮੰਨਦੇ ਹਨ ਕਿ ਆਧੁਨਿਕਤਾ ਅਸਲ ਵਿੱਚ ਧਰਮ ਨੂੰ ਕਮਜ਼ੋਰ ਕਰ ਸਕਦੀ ਹੈ, ਜਿਵੇਂ ਕਿ ਕਈ ਸਾਲਾਂ ਤੋਂ ਭਵਿੱਖਬਾਣੀ ਕੀਤੀ ਗਈ ਸੀ, ਪਰ ਇਹੀ ਆਧੁਨਿਕੀਕਰਨ ਵੀ ਅਸਥਿਰ ਹੋ ਰਿਹਾ ਹੈ ਅਤੇ ਜਿਵੇਂ ਕਿ ਸਾਡੇ ਆਲੇ ਦੁਆਲੇ ਦੇ ਸੰਸਾਰ ਵਿੱਚ ਤਬਦੀਲੀ ਦੀ ਗਤੀ ਤੇਜ਼ ਹੁੰਦੀ ਹੈ, ਉਹ ਅਸਥਿਰਤਾ

ਨਿਰਾਸ਼ਾਜਨਕ ਹੈ ਅਤੇ ਇਹ ਸਾਨੂੰ ਉਹਨਾਂ ਸ਼ਕਤੀਆਂ ਦੀ ਖੋਜ ਕਰਨ ਲਈ ਅਗਵਾਈ ਕਰ ਸਕਦੀ ਹੈ ਜੋ ਸਾਨੂੰ ਇੱਕ ਵੱਡਾ ਸੰਦਰਭ ਪ੍ਰਦਾਨ ਕਰਦੀਆਂ ਹਨ ਅਤੇ ਸਾਨੂੰ ਵਧੇਰੇ ਮਜਬੂਤ ਮਹਿਸੂਸ ਕਰਨ ਵਿੱਚ ਮਦਦ ਕਰਦੀਆਂ ਹਨ। ਇਸ ਤਰ੍ਹਾਂ, ਆਧੁਨਿਕ ਸੰਸਾਰ ਦੀ ਹਫ਼ੜਾ-ਦਫ਼ੜੀ ਅਸਲ ਵਿੱਚ ਧਰਮ ਨੂੰ ਮਜ਼ਬੂਤ ਕਰ ਸਕਦੀ ਹੈ।

ਆਧੁਨਿਕ ਰਾਸ਼ਟਰਵਾਦ ਵਿੱਚ ਧਰਮ ਦੀ ਭੂਮਿਕਾ ਨੂੰ ਸਮਝਣ ਲਈ, ਪਹਿਲਾਂ ਇਹ ਪਛਾਣਨਾ ਮਹੱਤਵਪੂਰਨ ਹੈ ਕਿ ਰਾਸ਼ਟਰਵਾਦ, ਇਸਦੇ ਸਭ ਤੋਂ ਬੁਨਿਆਦੀ ਪੱਧਰ 'ਤੇ, ਪਛਾਣ ਦਾ ਇੱਕ ਰੂਪ ਹੈ।

ਇਹ ਸਾਨੂੰ ਦੱਸਦਾ ਹੈ ਕਿ ਅਸੀਂ ਕੌਣ ਹਾਂ ਅਤੇ ਇਹ ਬਦਲੇ ਵਿੱਚ ਸਾਡੀਆਂ ਕਦਰਾਂ-ਕੀਮਤਾਂ, ਸਾਡੇ ਉਦੇਸ਼ ਅਤੇ ਸਾਡੀ ਭਾਵਨਾ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿ ਅਸੀਂ ਕਿੱਥੇ ਹਾਂ ? ਅਤੇ ਪਛਾਣ ਦੇ ਸਾਰੇ ਰੂਪਾਂ ਵਾਂਗ, ਰਾਸ਼ਟਰਵਾਦ ਮੂਲ ਰੂਪ ਵਿੱਚ ਦੂਜੇ ਦੀ ਧਾਰਨਾ ਨਾਲ ਜੁੜਿਆ ਹੋਇਆ ਹੈ। ਜੇਕਰ ਤੁਸੀਂ ਆਪਣੀਆਂ ਮੂਲ ਪਛਾਣਾਂ ਬਾਰੇ ਸੋਚਦੇ ਹੋ — ਭਾਵੇਂ ਉਹ ਤੁਹਾਡੀ ਰਾਸ਼ਟਰੀ ਪਛਾਣ, ਨਸਲ, ਲਿੰਗ, ਕਿੱਤਾ, ਧਰਮ, ਜਾਂ ਤੁਹਾਡੇ ਪਰਿਵਾਰ ਵਿੱਚ ਭੂਮਿਕਾ ਹੋਵੇ — ਹਰ ਇੱਕ ਪਛਾਣ ਉਸ ਦੇ ਜਵਾਬ ਵਿੱਚ ਬਣਦੀ ਹੈ ਜੋ ਤੁਸੀਂ ਨਹੀਂ ਹੋ। ਪਿਤਾਵਾਂ ਦੀ ਪਛਾਣ ਉਹਨਾਂ ਦੇ ਜਵਾਬ ਵਿੱਚ ਬਣਦੀ ਹੈ ਜੋ ਉਹਨਾਂ ਨੂੰ ਮਾਵਾਂ ਅਤੇ ਬੱਚਿਆਂ ਦੋਵਾਂ ਤੋਂ ਵੱਖ ਕਰਦੀ ਹੈ। ਪ੍ਰੋਟੈਸਟੈਂਟਾਂ ਦੀ ਪਛਾਣ ਉਨ੍ਹਾਂ ਨੂੰ ਕੈਥੋਲਿਕਾਂ ਤੋਂ ਵੱਖ ਕਰਨ ਦੇ ਜਵਾਬ ਵਿੱਚ ਬਣਾਈ ਗਈ ਹੈ। ਇਸੇ ਤਰ੍ਹਾਂ, ਅਮਰੀਕੀ ਰਾਸ਼ਟਰੀ ਪਛਾਣ ਉਨ੍ਹਾਂ ਕਦਰਾਂ-ਕੀਮਤਾਂ ਅਤੇ ਵਿਸ਼ੇਸ਼ਤਾਵਾਂ ਨਾਲ ਜੁੜੀ ਹੋਈ ਹੈ ਜੋ ਇਸ ਨੂੰ ਦੂਜੀਆਂ ਕੌਮਾਂ ਤੋਂ ਵੱਖ ਕਰਦੀਆਂ ਹਨ। ਯੂਨੀਵਰਸਲ ਵਿਸ਼ੇਸ਼ਤਾਵਾਂ ਸਮੂਹ ਪਛਾਣ ਵਿੱਚ ਉਪਯੋਗੀ ਨਹੀਂ ਹਨ।

ਨਤੀਜੇ ਵਜੋਂ, ਰਾਸ਼ਟਰੀ ਸਮੂਹਾਂ ਨੂੰ ਹਮੇਸ਼ਾਂ ਉਹਨਾਂ ਗੁਣਾਂ ਦੁਆਰਾ ਆਕਾਰ ਦਿੱਤਾ ਜਾਂਦਾ ਹੈ ਜੋ ਉਹਨਾਂ ਨੂੰ ਦੂਜੇ ਸਮੂਹਾਂ ਤੋਂ ਵੱਖਰਾ ਕਰਦੇ ਹਨ।

ਉਹ ਤਾਕਤਾਂ ਜੋ ਰਾਸ਼ਟਰੀ ਪਛਾਣ ਨੂੰ ਰੂਪ ਦਿੰਦੀਆਂ ਹਨ, ਸਭ ਤੋਂ ਸ਼ਕਤੀਸ਼ਾਲੀ ਦੂਜਾ ਅਕਸਰ ਉਹ ਹੁੰਦੀਆਂ ਹਨ ਜੋ ਰਾਸ਼ਟਰ ਲਈ ਸਭ ਤੋਂ ਵੱਧ ਖ਼ਤਰਾ ਹੁੰਦੀਆਂ ਹਨ। ਸਾਡੇ ਜੀਵਨ ਦੀਆਂ ਘਟਨਾਵਾਂ ਦੁਆਰਾ ਸ਼ਕਤੀਸ਼ਾਲੀ ਰੂਪ ਵਿੱਚ ਬਣਨਾ ਮਨੁੱਖ ਹੈ ਜੋ ਸਾਨੂੰ ਸਾਡੀ ਆਪਣੀ ਮੌਤ ਦੇ ਆਹਮਣੇ-ਸਾਹਮਣੇ ਲਿਆਉਂਦਾ ਹੈ। ਕੌਮਾਂ ਇੱਕੋ ਜਿਹੀਆਂ ਹੁੰਦੀਆਂ ਹਨ। ਆਇਰਿਸ਼ ਪਛਾਣ ਨੂੰ ਹਮੇਸ਼ਾ ਲਈ ਉਹਨਾਂ ਕਾਰਕਾਂ ਦੁਆਰਾ ਆਕਾਰ ਦਿੱਤਾ ਜਾਂਦਾ ਹੈ ਜੋ ਇਸਨੂੰ ਇੰਗਲੈਂਡ ਤੋਂ ਵੱਖ ਕਰਦੇ ਹਨ ਅਤੇ ਇਸ ਲਈ ਗੇਲਿਕ ਭਾਸ਼ਾ ਅਤੇ ਕੈਥੋਲਿਕ ਧਰਮ ਆਇਰਿਸ਼ ਰਾਸ਼ਟਰ ਲਈ ਕੇਂਦਰੀ ਬਣ ਜਾਂਦੇ ਹਨ। ਅਮਰੀਕੀ ਅਤੇ ਸੋਵੀਅਤ ਪਛਾਣਾਂ ਨੇ ਸ਼ੀਤ ਯੁੱਧ ਦੌਰਾਨ ਇੱਕ ਦੂਜੇ ਉੱਤੇ ਡੂੰਘਾ ਪ੍ਰਭਾਵ ਪਾਇਆ ਅਤੇ ਇਸ ਲਈ ਉਹਨਾਂ ਦੀਆਂ ਪਛਾਣਾਂ ਉਹਨਾਂ ਨੂੰ ਵੱਖ ਕਰਨ ਵਾਲੀਆਂ ਚੀਜ਼ਾਂ ਵਿੱਚ ਲਪੇਟੀਆਂ ਜਾਂਦੀਆਂ ਹਨ। ਇੱਕ ਵਾਰ ਜਦੋਂ ਇਹ ਪਛਾਣਾਂ ਬਣ ਜਾਂਦੀਆਂ ਹਨ, ਤਾਂ ਇਹਨਾਂ ਦਾ ਸਥਾਈ ਪ੍ਰਭਾਵ ਹੁੰਦਾ ਹੈ। ਸ਼ੀਤ ਯੁੱਧ ਦੇ ਅੰਤ ਦੇ ਲੰਬੇ ਸਮੇਂ ਬਾਅਦ, ਉਹ ਅਮਰੀਕੀ ਅਤੇ ਰੂਸੀ ਸੱਭਿਆਚਾਰ ਅਤੇ ਰਾਜਨੀਤੀ ਦੋਵਾਂ ਵਿੱਚ ਭੂਮਿਕਾ ਨਿਭਾਉਂਦੇਰਹੇ ਹਨ। ਸੰਸਾਰ ਵਿੱਚ ਉਹ ਸਥਾਨ ਜਿੱਥੇ ਧਰਮ ਨੇ ਆਪਣੇ ਆਪ ਨੂੰ ਰਾਸ਼ਟਰਵਾਦ ਨਾਲ ਸਭ ਤੋਂ ਵੱਧ ਜੋੜਿਆ ਹੋਇਆ ਹੈ, ਉਹ ਸਥਾਨ ਹਨ ਜਿੱਥੇ ਇੱਕ ਧਾਰਮਿਕ ਦੂਜੇ ਦੁਆਰਾ ਰਾਸ਼ਟਰੀ ਹੋਂਦ ਨੂੰ ਖ਼ਤਰਾ ਸਮਝਿਆ ਜਾਂਦਾ ਹੈ।

ਜਿਵੇਂ-ਜਿਵੇਂ ਸਮਾਜ ਵਧੇਰੇ ਵਿਭਿੰਨ ਹੁੰਦੇ ਜਾਂਦੇ ਹਨ, ਰਾਸ਼ਟਰੀ ਲਾਮਬੰਦੀ ਦੇ ਸਾਧਨ ਵਜੋਂ ਧਰਮ ਦੀ ਉਪਯੋਗਤਾ ਘੱਟ ਜਾਂਦੀ ਹੈ। ਇੱਕ ਪੈਟਰਨ ਉਭਰਦਾ ਹੈ ਜਿਸ ਵਿੱਚ ਇਮੀਗ੍ਰੇਸ਼ਨ ਦੇ ਸ਼ੁਰੂਆਤੀ ਪੜਾਅ ਅਕਸਰ ਇੱਕ ਰਾਸ਼ਟਰਵਾਦੀ ਪ੍ਰਤੀਕਿਰਿਆ ਵੱਲ ਲੈ ਜਾਂਦੇ ਹਨ, ਪਰ ਸਮੇਂ ਦੇ ਨਾਲ, ਵਿਭਿੰਨਤਾ - ਧਾਰਮਿਕ ਵਿਭਿੰਨਤਾ ਸਮੇਤ - ਆਪਣੇ ਆਪ ਵਿੱਚ ਇੱਕ ਰਾਸ਼ਟਰ ਦੀ ਪਰਿਭਾਸ਼ਾ ਦਾ ਹਿੱਸਾ ਬਣ ਸਕਦੀ ਹੈ। ਇਸ ਦੌਰਾਨ ਕੰਮ ਘੱਟ-ਗਿਣਤੀਆਂ ਦੀ ਰੱਖਿਆ ਕਰਨਾ ਹੈ ਜਦੋਂ ਤੱਕ ਰਾਸ਼ਟਰੀ ਸਵੈ-ਸੰਕਲਪ ਇੱਕ ਹੋਰ ਸੰਮਿਲਿਤ ਰੂਪ ਵਿੱਚ ਵਿਕਸਤ ਨਹੀਂ ਹੋ ਜਾਂਦਾ ਜੋ ਧਾਰਮਿਕ ਵਿਭਿੰਨਤਾ ਨੂੰ ਇੱਕ ਦੌਲਤ ਵਜੋਂ ਵੇਖਦਾ ਹੈ ਨਾ ਕਿ ਇੱਕ ਜ਼ਿੰਮੇਵਾਰੀ। ਮਾਰਕ ਜੁਰਗੇਨਸਮੇਇਰ ਦੇ ਅਨੁਸਾਰ, ਰਾਸ਼ਟਰਵਾਦ ਅਤੇ ਧਰਮ ਦੋਵੇਂ ਕ੍ਰਮ ਦੀ ਵਿਚਾਰਧਾਰਾ ਹਨ। ਦੋਵਾਂ ਵਿੱਚ ਇੱਕ ਬਾਹਰੀ ਸ਼ਕਤੀ ਵਿੱਚ ਵਿਸ਼ਵਾਸ, ਸ਼ਰਧਾ ਅਤੇ ਸਤਿਕਾਰ ਦੀਆਂ ਭਾਵਨਾਵਾਂ, ਅਤੇ ਇੱਕ ਪਵਿੱਤਰ ਵਸਤੂ, ਜਿਵੇਂ ਕਿ ਰਾਸ਼ਟਰੀ ਝੰਡਾ (ਜੋ ਕਿ ਬਹੁਤ ਸਾਰੇ ਯੂਰਪੀਅਨ ਦੇਸ਼ਾਂ ਵਿੱਚ ਇੱਕ ਕਰਾਸ ਪ੍ਰਦਰਸ਼ਿਤ ਕਰਦਾ ਹੈ) ਤੇ ਕੇਂਦ੍ਰਿਤ ਰਸਮੀ ਸੰਸਕਾਰ ਸ਼ਾਮਲ ਹਨ। ਰਾਸ਼ਟਰਵਾਦ ਅਤੇ ਧਰਮ ਦੋਵੇਂ ਆਪਣੇ ਅਨੁਯਾਈਆਂ ਨੂੰ ਇੱਕ ਕਲਪਿਤ ਨੈਤਿਕ ਭਾਈਚਾਰੇ ਵਿੱਚ ਇੱਕਜੁੱਟ ਕਰਦੇ ਹਨ, ਇੱਕ ਚੰਗੇ ਨੂੰ ਸਾਂਝਾ ਕਰਦੇ ਹਨ, ਅਤੇ ਦੋਵੇਂ ਆਪਣੇ ਭਾਈਚਾਰੇ ਦੀਆਂ ਸੀਮਾਵਾਂ ਅਤੇ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਚਿੰਤਤ ਹਨ। ਰਾਸ਼ਟਰਵਾਦ ਅਤੇ ਧਰਮ ਦੋਨੋਂ ਹੀ ਕਿਸੇ ਅਤਿਅੰਤ ਕਾਰਨ ਲਈ ਪੂਰੀ ਵਫ਼ਾਦਾਰੀ ਦਾ ਦਾਅਵਾ ਕਰਦੇ ਹਨ, ਜਿਸ ਲਈ ਮਾਰਨਾ ਜਾਂ ਮਰਨਾ ਹੈ। ਇਸ ਲਈ, ਕਿਸੇ ਵਿਅਕਤੀ ਕੋਲ ਸਿਰਫ਼ ਇੱਕ ਕੌਮੀਅਤ ਅਤੇ ਇੱਕ ਧਰਮ ਹੋ ਸਕਦਾ ਹੈ (ਪਰ ਕਈ ਨਾਗਰਿਕਤਾ ਹੋ ਸਕਦੀ ਹੈ)। ਰਾਸ਼ਟਰਵਾਦ ਅਤੇ ਧਰਮ ਦੋਵੇਂ ਮਨੁੱਖੀ ਪ੍ਰਜਨਨ (ਵਿਆਹ, ਤਲਾਕ, ਬ੍ਰਹਮਚਾਰ, ਗਰਭਪਾਤ, ਜਨਮ ਨੀਤੀਆਂ) ਅਤੇ ਮੌਤ ਨੂੰ ਨਿਯਮਤ ਕਰਨ ਦੀ ਕੋਸ਼ਿਸ਼ ਕਰਦੇ ਹਨ ।

# ਕਾਂਗਰਸ ਨੂੰ ਮਹਿੰਗੀ ਪਵੇਗੀ ਖ਼ਾਨਾਜੰਗੀ



ਉਜਾਗਰ ਸਿੰਘ



ਰਾਜਨੀਤਕ ਪਾਰਟੀਆਂ ਵਿੱਚ ਲੀਡਰਸ਼ਿਪ ਦਾ ਖਲਾਅ ਪੈਦਾ ਹੋਣ ਕਰਕੇ ਸੈਲੀਬ੍ਰਿਟੀਜ਼ ਨੂੰ ਪਾਰਟੀਆਂ ਵਿੱਚ ਸ਼ਾਮਲ ਕਰਨ ਦੀ ਪਰੰਪਰਾ ਸ਼ੁਰੂ ਹੋਈ ਸੀ। ਸੈਲੀਬ੍ਰਿਟੀਜ਼ ਆਪੋ-ਆਪਣੇ ਖੇਤਰ ਦੇ ਮਾਹਰ ਹੁੰਦੇ ਹਨ, ਇਸ ਕਰਕੇ ਉਹ ਕਿਸੇ ਦੀ ਈਨ ਨਹੀਂ ਮੰਨਦੇ ਪ੍ਰੰਤੂ ਸਿਆਸਤ 'ਚ ਸਿਆਸੀ ਧੁਰੰਦਰਾਂ ਦੀ ਈਨ ਮੰਨਣੀ ਪੈਂਦੀ ਹੈ।

ਪੰਜਾਬ ਦੀ ਸਿਆਸਤ 'ਚ ਨਵਜੋਤ ਸਿੰਘ ਸਿੱਧੂ ਤੇ ਭਗਵੰਤ ਸਿੰਘ ਮਾਨ ਦੋ ਵੱਡੇ ਸੈਲੀਬ੍ਰਿਟੀਜ਼ ਆ ਗਏ। ਨਵਜੋਤ ਸਿੰਘ ਸਿੱਧੂ ਨੂੰ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਨੇ ਕਾਂਗਰਸ 'ਚ ਲਿਆਂਦਾ ਸੀ। ਉਹ ਹੁਣ ਸਭ ਨੂੰ ਟਿੱਚ ਸਮਝਦਾ ਹੈ। ਇਸ ਕਰਕੇ ਕਾਂਗਰਸ ਲਈ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਸਥਿਤੀ ਬਣੀ ਪਈ ਹੈ। ਇਕ ਕਹਾਵਤ ਹੈ 'ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ, ਖਾਵੇ ਤਾਂ ਕੋਹੜੀ ਛੱਡੇ ਤਾਂ ਕਲੰਕੀ' ਬਿਲਕੁਲ ਇਸੇ ਤਰ੍ਹਾਂ ਕਾਂਗਰਸ ਦੀ ਸਥਿਤੀ ਬਣੀ ਹੋਈ ਹੈ।

ਸਿੱਧੂ ਪੰਜਾਬ ਪ੍ਰਦੇਸ਼ ਕਾਂਗਰਸ ਨੂੰ ਭਰੋਸੇ ਵਿੱਚ ਲਏ ਤੋਂ ਬਿਨਾਂ ਵੱਖਰੀਆਂ ਰੈਲੀਆਂ ਕਰ ਰਹੇ ਹਨ। ਏਥੇ ਹੀ ਬਸ ਨਹੀਂ, ਆਪਣੇ ਟਵੀਟਾਂ ਨਾਲ ਪੰਜਾਬ ਕਾਂਗਰਸ ਦੀ ਲੀਡਰਸ਼ਿਪ 'ਤੇ ਅਸਿੱਧੇ ਗੁੱਝੇ ਤੀਰ ਮਾਰ ਰਹੇ ਹਨ। ਇਹ ਸਭ ਉਸ ਸਮੇਂ ਹੋ ਰਿਹਾ ਹੈ ਜਦੋਂ ਕਾਂਗਰਸ ਦਾ ਪੰਜਾਬ ਮਾਮਲਿਆਂ ਦਾ ਇੰਚਾਰਜ ਦੇਵੇਂਦਰ ਯਾਦਵ ਚੰਡੀਗੜ੍ਹ ਵਿਖੇ ਪਾਰਟੀ ਨੂੰ ਮਜ਼ਬੂਤ ਕਰਨ ਤੇ ਲੋਕ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਮੀਟਿੰਗਾਂ ਕਰ ਰਿਹਾ ਹੈ। ਏਥੇ ਸਵਾਲ ਆਪਣੇ-ਆਪ ਨੂੰ ਸਿਰਮੌਰ ਲੀਡਰ ਸਾਬਿਤ ਕਰਨ ਦਾ ਹੈ। ਪੰਜਾਬ 'ਚ ਵਿਧਾਨ ਸਭਾ ਦੀਆਂ ਚੋਣਾਂ ਅਜੇ ਸਵਾ ਤਿੰਨ ਸਾਲ ਨੂੰ 2027 'ਚ ਹੋਣੀਆਂ ਹਨ ਪ੍ਰੰਤੂ ਪੰਜਾਬ ਦੇ ਕਾਂਗਰਸੀ ਨੇਤਾ ਮੁੱਖ ਮੰਤਰੀ ਦੇ ਉਮੀਦਵਾਰ ਬਣਨ ਲਈ ਕਾਹਲੇ ਪਏ ਹੋਏ ਹਨ। ਮੁੱਖ ਮੰਤਰੀ ਦੀ ਕੁਰਸੀ ਅਜੇ ਖ਼ਾਲੀ ਨਹੀਂ ਹੈ ਤੇ ਨਾ ਹੀ ਜਲਦੀ ਖ਼ਾਲੀ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ ਕਿਉਂਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ 'ਚ ਵਰਤਮਾਨ ਆਮ ਆਦਮੀ ਪਾਰਟੀ ਦੀ ਸਰਕਾਰ 92 ਵਿਧਾਨਕਾਰਾਂ ਨਾਲ ਦੋ ਤਿਹਾਈ ਬਹੁਮਤ ਪ੍ਰਾਪਤ ਕਰ ਕੇ ਸਥਾਈ ਸਰਕਾਰ ਹੈ। ਇਸ ਸਮੇਂ ਪੰਜਾਬ ਕਾਂਗਰਸ ਦੇ ਲਗਪਗ ਇੱਕ ਦਰਜਨ ਨੇਤਾ ਮੁੱਖ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਬਣਨ ਲਈ ਜਦੋਜਹਿਦ ਕਰ ਰਹੇ ਹਨ। ਇੱਕ-ਦੂਜੇ ਨੇਤਾ ਨੂੰ ਨੀਵਾਂ ਵਿਖਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਪੰਜਾਬ ਕਾਂਗਰਸ ਦੀ ਆਪਸੀ ਫੁੱਟ ਦਾ ਨਤੀਜਾ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚੱਖਣ ਦੇ ਬਾਵਜੂਦ ਮੁੱਖ ਮੰਤਰੀ ਬਣਨ ਲਈ ਤਰਲੋਮੱਛੀ ਹੋ ਰਹੇ ਹਨ।

ਸਿੱਧੂ, ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਸਿੰਙ ਫਸਾਈ ਬੈਠੇ ਹਨ। ਸਿੱਧੂ ਕਹਿੰਦੈ ਕਿ ਮੇਰੀਆਂ ਰੈਲੀਆਂ ਵਿੱਚ ਵੱਡੇ ਇਕੱਠ ਹੋਣ ਕਰਕੇ ਸੀਨੀਅਰ ਨੇਤਾ ਉਨ੍ਹਾਂ ਦੀ ਲੋਕਪ੍ਰਿਅਤਾ ਤੋਂ ਖ਼ਾਰ ਖਾ ਰਹੇ ਹਨ। ਉਸ ਨੇ ਬਾਕੀ ਨੇਤਾਵਾਂ ਦੀ ਕਾਬਲੀਅਤ 'ਤੇ ਵੀ ਸਵਾਲ ਚੁੱਕੇ ਹਨ। ਇਸ ਦੇ ਜਵਾਬ 'ਚ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਹੁਣ ਕਹਿੰਦੇ ਹਨ ਕਿ ਕਿਸੇ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਜਿਸ ਨੂੰ ਕਮਜ਼ੋਰ ਸਮਝਿਆ ਜਾਂਦਾ ਹੈ, ਕਈ ਵਾਰ ਉਹ ਅਜਿਹਾ ਟੀਕਾ ਲਗਾਉਂਦਾ ਹੈ ਕਿ ਦੂਜੇ ਨੂੰ ਕਮਜ਼ੋਰ ਕਹਿਣ ਵਾਲਾ ਲੱਭਿਆਂ ਨਹੀਂ ਲੱਭਦਾ।

ਇਕ ਕਿਸਮ ਨਾਲ ਵੜਿੰਗ ਦੀ ਇਹ ਸਿੱਧੂ ਨੂੰ ਅਨੁਸ਼ਾਸਨੀ ਕਾਰਵਾਈ ਕਰਨ ਦੀ ਚੇਤਾਵਨੀ ਹੈ। ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਨਵੇਂ ਬਣਾਏ ਗਏ ਇੰਚਾਰਜ ਦੇਵੇਂਦਰ ਯਾਦਵ ਦੇ ਨੇਤਾਵਾਂ 'ਚ ਸੁਲ੍ਹਾ ਕਰਵਾਉਣ ਲਈ ਆਉਣ 'ਤੇ ਵੀ ਕਾਂਗਰਸੀਆਂ ਦਾ ਕਾਟੋ-ਕਲੇਸ਼ ਜਾਰੀ ਹੈ। ਪੰਜਾਬ ਕਾਂਗਰਸ ਦੇ ਨੇਤਾ ਤੇ ਵਰਕਰ ਭਾਵੇਂ ਸਿੱਧੂ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀ ਮੰਗ ਕਰ ਰਹੇ ਹਨ ਪ੍ਰੰਤੂ ਇਹ ਕਾਰਵਾਈ ਹੋਣੀ ਐਨੀ ਸੌਖੀ ਨਹੀਂ। ਕੇਂਦਰੀ ਕਾਂਗਰਸ ਕਮਜ਼ੋਰ ਹੋਣ ਕਰਕੇ ਉਹ ਅਜਿਹੀ ਕਾਰਵਾਈ ਨਹੀਂ ਕਰ ਸਕਦੀ ਭਾਵੇਂ ਉਹ ਸਿੱਧੂ ਦੀਆਂ ਪੰਜਾਬ ਪ੍ਰਦੇਸ਼ ਕਾਂਗਰਸ ਤੋਂ ਵੱਖਰੀਆਂ ਰੈਲੀਆਂ ਕਰਨ ਦੇ ਵਿਰੁੱਧ ਹੈ ਪ੍ਰੰਤੂ ਉਹ ਇੱਕ ਸ੍ਰੇਸ਼ਠ ਬੁਲਾਰਾ ਹੱਥੋਂ ਖੋਣਾ ਨਹੀਂ ਚਾਹੁੰਦੀ। ਦੂਜੇ ਪਾਸੇ ਸਿੱਧੂ ਨੂੰ ਗਾਂਧੀ ਪਰਿਵਾਰ ਦੇ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਦਾ ਸਮਰਥਨ ਹਾਸਲ ਹੈ। ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਗਾਂਧੀ ਪਰਿਵਾਰ ਤੋਂ ਬਾਹਰ ਨਹੀਂ ਜਾ ਸਕਦੇ ਕਿਉਂਕਿ ਉਸ ਨੂੰ ਪ੍ਰਧਾਨਗੀ ਦਾ ਤਾਜ ਇਸ ਪਰਿਵਾਰ ਨੇ ਹੀ ਦਿੱਤਾ ਹੈ। ਪ੍ਰੰਤੂ ਇੱਥੇ ਨਵਜੋਤ ਸਿੰਘ ਸਿੱਧੂ ਲਈ ਇੱਕ ਹੋਰ ਗੱਲ ਧਿਆਨ ਰੱਖਣ ਵਾਲੀ ਹੈ ਕਿ ਕਮਲ ਨਾਥ ਗਾਂਧੀ ਪਰਿਵਾਰ ਦਾ ਸਭ ਤੋਂ ਨਜ਼ਦੀਕੀ ਸੀ, ਉਸ ਨੂੰ ਵੀ ਮੱਧ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਪੰਜਾਬ ਕਾਂਗਰਸ ਦੇ ਨੇਤਾ ਆਪਣੇ-ਆਪ ਨੂੰ ਸਰਵੋਤਮ ਸਮਝ ਰਹੇ ਹਨ। ਕਾਂਗਰਸੀ ਨੇਤਾਵਾਂ ਨੂੰ ਇਕ ਗੱਲ ਦਾ ਧਿਆਨ ਰੱਖਣਾ ਚਾਹੀਦਾ ਕਿ ਹਉਮੈ ਹਮੇਸ਼ਾ ਪੁੱਠੇ ਪੈਰ ਡਿੱਗਦੀ ਹੁੰਦੀ ਹੈ।

ਦੇਵੇਂਦਰ ਯਾਦਵ ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਜਦੋਂ 8 ਜਨਵਰੀ ਨੂੰ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦਰਸ਼ਨਾਂ ਲਈ ਗਏ ਸੀ ਤਾਂ ਉੱਥੇ ਹੋਰ ਨੇਤਾਵਾਂ ਦੀ ਤਰ੍ਹਾਂ ਸਿੱਧੂ ਵੀ ਮੌਜੂਦ ਸਨ ਪਰ 9 ਜਨਵਰੀ ਨੂੰ ਚੰਡੀਗੜ੍ਹ 'ਚ ਦੇਵੇਂਦਰ ਯਾਦਵ ਨੇ ਪੰਜਾਬ ਦੇ ਕਾਂਗਰਸੀ ਨੇਤਾਵਾਂ, ਸੰਸਦ ਮੈਂਬਰਾਂ ਅਤੇ ਵਿਧਾਨਕਾਰਾਂ ਦੀ ਮੀਟਿੰਗ ਬੁਲਾਈ ਤਾਂ ਸਿੱਧੂ ਗ਼ੈਰ ਹਾਜ਼ਰ ਸਨ। ਯਾਦਵ ਨੇ ਪਾਰਟੀ ਦੇ ਅਹੁਦੇਦਾਰਾਂ, ਫਰੰਟਲ ਵਿੰਗਾਂ, ਜ਼ਿਲ੍ਹਾ ਤੇ ਬਲਾਕਾਂ ਦੇ ਕਾਂਗਰਸ ਦੇ ਅਹੁਦੇਦਾਰਾਂ ਦੀਆਂ ਤਿੰਨ ਰੋਜ਼ਾ ਮੀਟਿੰਗਾਂ ਕੀਤੀਆਂ ਹਨ। ਕੁਝ ਨੇਤਾਵਾਂ ਨਾਲ ਇਕੱਲਿਆਂ ਵੀ ਵਿਚਾਰ-ਵਟਾਂਦਰਾ ਕੀਤਾ ਹੈ। ਇਨ੍ਹਾਂ ਤਿੰਨੋ ਦਿਨਾਂ ਦੀਆਂ ਮੀਟਿੰਗਾਂ 'ਚ ਕਾਂਗਰਸ ਨੇਤਾਵਾਂ ਦੀ ਫੁੱਟ ਜੱਗ ਜ਼ਾਹਰ ਹੋਈ ਹੈ। ਸਾਰੇ ਨੇਤਾ ਆਪੋ-ਆਪਣੀ ਡਫਲੀ ਵਜਾ ਰਹੇ ਸਨ।

ਪ੍ਰਦੇਸ਼ ਕਾਂਗਰਸ ਦੇ ਅਹੁਦੇਦਾਰਾਂ, ਸੰਸਦ ਮੈਂਬਰਾਂ, ਵਿਧਾਨਕਾਰਾਂ ਅਤੇ ਹਲਕਾ ਇੰਚਾਰਜਾਂ ਦੀ ਮੀਟਿੰਗ ਵਿੱਚ ਹੀ ਕੁਝ ਵੱਡੇ ਨੇਤਾ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ, ਨਵਜੋਤ ਸਿੰਘ ਸਿੱਧੂ ਸਾਬਕਾ ਪ੍ਰਧਾਨ, ਭਾਰਤ ਭੂਸ਼ਨ ਆਸ਼ੂ ਕਾਰਜਕਾਰੀ ਪ੍ਰਧਾਨ, ਰਵਨੀਤ ਸਿੰਘ ਬਿੱਟੂ ਲੋਕ ਸਭਾ ਮੈਂਬਰ ਲੁਧਿਆਣਾ, ਗੁਰਜੀਤ ਸਿੰਘ ਔਜਲਾ ਲੋਕ ਸਭਾ ਮੈਂਬਰ ਅੰਮ੍ਰਿਤਸਰ ਅਤੇ ਪਰਗਟ ਸਿੰਘ ਵਿਧਾਨਕਾਰ ਗ਼ੈਰ-ਹਾਜ਼ਰ ਰਹੇ।

ਹੋ ਸਕਦਾ ਹੈ ਕਿ ਉਨ੍ਹਾਂ ਦੇ ਅਗੇਤੇ ਰੁਝੇਵੇਂ ਹੋਣ ਪ੍ਰੰਤੂ ਅਖ਼ਬਾਰਾਂ ਵਿੱਚ ਉਨ੍ਹਾਂ ਵੱਲੋਂ ਦਿੱਤੇ ਬਿਆਨ ਇਹ ਦੱਸ ਰਹੇ ਹਨ ਕਿ ਸਭ ਕੁਝ ਅੱਛਾ ਨਹੀਂ ਹੈ। ਮੀਟਿੰਗ 'ਚ ਭਾਵੇਂ ਲੋਕ ਸਭਾ ਦੀਆਂ ਚੋਣਾਂ ਬਾਰੇ ਫੀਡਬੈਕ ਲਈ ਗਈ ਹੈ ਪ੍ਰੰਤੂ ਆਮ ਆਦਮੀ ਪਾਰਟੀ ਨਾਲ ਮਿਲ ਕੇ ਲੋਕ ਸਭਾ ਦੀਆਂ ਚੋਣਾਂ ਲੜਨ ਵਰਗੇ ਮਹੱਤਵਪੂਰਨ ਨੁਕਤੇ 'ਤੇ ਵਿਚਾਰ-ਵਟਾਂਦਰਾ ਵੀ ਹੋਇਆ ਹੈ। ਇਸ ਮੀਟਿੰਗ 'ਚ ਪੰਜਾਬ ਪ੍ਰਦੇਸ਼ ਕਾਂਗਰਸ ਨਾਲੋਂ ਵੱਖਰੀ ਸੁਰ ਰੱਖਦਿਆਂ ਨਵਜੋਤ ਸਿੰਘ ਸਿੱਧੂ ਦੀਆਂ ਆਯੋਜਿਤ ਕੀਤੀਆਂ ਜਾਂਦੀਆਂ 'ਜਿੱਤੇਗਾ ਪੰਜਾਬ ਜਿੱਤੇਗੀ ਕਾਂਗਰਸ' ਰੈਲੀਆਂ ਦਾ ਮੁੱਖ ਮੁੱਦਾ ਭਾਰੂ ਬਣਿਆ ਰਿਹਾ। ਇੱਥੋਂ ਤੱਕ ਕਿ ਕੁਝ ਨੇਤਾਵਾਂ ਨੇ ਸਿੱਧੂ ਵਿਰੁੱਧ ਕਾਰਵਾਈ ਕਰਨ ਦੀ ਮੰਗ ਵੀ ਰੱਖੀ।

ਮੀਟਿੰਗ 'ਚ ਇਹ ਕਿਹਾ ਗਿਆ ਕਿ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਹਾਰ ਸਿੱਧੂ ਦੀਆਂ ਫੁੱਟ ਪਾਊ ਸਰਗਰਮੀਆਂ ਕਰਕੇ ਹੋਈ ਸੀ। ਵਰਤਮਾਨ ਰੈਲੀਆਂ ਦਾ ਪ੍ਰਭਾਵ ਵੀ ਉਸੇ ਤਰ੍ਹਾਂ ਦਾ ਹੋਵੇਗਾ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਅਨੁਸ਼ਾਸਨ ਤੋਂ ਬਿਨਾਂ ਪਾਰਟੀ ਲਈ ਜਿੱਤਣਾ ਅਸੰਭਵ ਹੋਵੇਗਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਕਿਸੇ ਵੀ ਨੇਤਾ ਵੱਲੋਂ ਪੰਜਾਬ ਕਾਂਗਰਸ ਦੀ ਸਹਿਮਤੀ ਤੋਂ ਬਿਨਾਂ ਰੈਲੀਆਂ ਕਰਨਾ ਗ਼ਲਤ ਠਹਿਰਾਇਆ ਹੈ। ਸੰਨ 2022 ਦੀ ਚੋਣਾਂ ਸਮੇਂ ਵੀ ਮੁੱਖ ਮੰਤਰੀ ਦੀ ਕੁਰਸੀ ਮੁੱਖ ਮੁੱਦਾ ਸੀ ਤੇ ਇਸ ਸਮੇਂ ਵੀ ਨੇਤਾਵਾਂ 'ਚ ਮੁੱਖ ਮੰਤਰੀ ਦੀ ਕੁਰਸੀ ਦਾ ਲਾਲਚ ਹਲਚਲ ਪੈਦਾ ਕਰ ਰਿਹਾ ਹੈ।

ਹਕੀਕਤ ਇਹ ਹੈ ਕਿ ਨੇਤਾਵਾਂ ਦੀ ਏਕਤਾ ਤੋਂ ਬਿਨਾਂ ਕੋਈ ਵੀ ਜਿੱਤ ਸੰਭਵ ਨਹੀਂ ਹੋ ਸਕਦੀ। ਇਸ ਸਮੇਂ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਦੋ ਧੜਿਆਂ 'ਚ ਵੰਡੀ ਜਾ ਚੁੱਕੀ ਹੈ। ਇਕ ਪਾਸੇ ਸਾਰੀ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਹੈ ਤੇ ਦੂਜੇ ਪਾਸੇ ਇਕੱਲਾ ਨਵਜੋਤ ਸਿੰਘ ਸਿੱਧੂ ਹੈ। ਉਹ ਚੰਡੀਗੜ੍ਹ ਵਿਖੇ ਦੇਵੇਂਦਰ ਯਾਦਵ ਨੂੰ ਮਿਲੇ ਪਰ ਉਨ੍ਹਾਂ ਦਾ ਰੌਂਅ ਬਗ਼ਾਵਤੀ ਹੀ ਰਿਹਾ। ਇਸ ਤੋਂ ਸਾਫ਼ ਹੈ ਕਿ ਜੇ ਕਾਂਗਰਸੀਆਂ ਦੀ ਖ਼ਾਨਾਜੰਗੀ ਇੰਜ ਹੀ ਜਾਰੀ ਰਹੀ ਤਾਂ ਆਗਾਮੀ ਚੋਣਾਂ ਵਿੱਚ ਪਾਰਟੀ ਤੋਂ ਕਿਸੇ ਚਮਤਕਾਰ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਵਰਕਰ ਨੇਤਾਵਾਂ ਦੀਆਂ ਚਾਲਾਂ ਤੋਂ ਦੁਖੀ ਹਨ ਕਿਉਂਕਿ ਆਮ ਆਦਮੀ ਪਾਰਟੀ ਦੇ ਉਹ ਪਿੰਡ ਪੱਧਰ 'ਤੇ ਨਿਸ਼ਾਨੇ ਅਧੀਨ ਹਨ। ਉਨ੍ਹਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਨੇਤਾ ਬਿੱਲੀਆਂ ਵਾਂਗ ਲੜ ਰਹੇ ਹਨ ਜਦਕਿ ਰੋਟੀ ਦਾ ਟੁਕੜਾ ਅਜੇ ਸਾਹਮਣੇ ਹੈ ਹੀ ਨਹੀਂ। ਇੱਕ ਗੱਲ ਸਾਫ਼ ਹੋ ਗਈ ਕਿ ਪੰਜਾਬ ਦੇ ਕਾਂਗਰਸੀਆਂ ਨੇ ਕੇਂਦਰੀ ਇੰਚਾਰਜ ਦੇਵੇਂਦਰ ਯਾਦਵ ਨੂੰ ਵੀ ਅਨੁਸ਼ਾਸਨ ਦੇ ਮਾਮਲੇ 'ਚ ਠੇਂਗਾ ਵਿਖਾ ਦਿੱਤਾ ਹੈ।

**-(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)**

# ਅੰਤਾਂ ਦੀ ਮਹਿੰਗਾਈ ਹੇਠ ਪਿਸ ਰਹੇ ਯੂਰੋਪੀਅਨ

ਜੋਬਨ

ਲੱਖਾਂ ਸਾਲਾਂ ਦੇ ਮਨੁੱਖੀ ਵਿਕਾਸ ਤੋਂ ਬਾਅਦ ਅੱਜ ਤਕਨੀਕ ਦੇ ਖੇਤਰ ਵਿੱਚ ਅਖੌਤੀ 'ਬਣਾਉਟੀ ਚੇਤਨਾ', ਭਾਵ, ਅਥਾਹ ਤਰੱਕੀ ਦੀਆਂ ਗੱਲਾਂ ਹੋ ਰਹੀਆਂ ਹਨ ਪਰ ਵਿਗਿਆਨ ਦੀ ਇਸ ਅਥਾਹ ਤਰੱਕੀ ਦੇ ਬਾਵਜੂਦ, ਕਿਰਤੀ ਲੋਕਾਈ ਅੱਜ ਵੀ ਬੁਨਿਆਦੀ ਲੋੜਾਂ ਲਈ ਜੱਦੋ-ਜਹਿਦ ਕਰਨ ਲਈ ਮਜਬੂਰ ਹੈ। ਅਜਿਹੀ ਹੀ ਇੱਕ ਲੜਾਈ ਹੈ ਭੋਜਨ ਸੁਰੱਖਿਆ ਲਈ, ਢਿੱਡ ਭਰਵੇਂ ਪੌਸ਼ਟਿਕ ਭੋਜਨ ਲਈ। ਪਹਿਲਾਂ ਦੇ ਸਮਾਜਾਂ ਵਿੱਚ ਅਕਸਰ ਅਕਾਲ ਪੈਂਦੇ ਸਨ, ਅਨਾਜ ਦੀ ਥੁੜ ਹੁੰਦੀ ਸੀ ਪਰ ਅੱਜ ਕੁੱਲ ਦੁਨੀਆਂ ਦੇ ਪੈਮਾਨੇ ਉੱਤੇ ਹੀ ਅਨਾਜ ਦੀ ਬਹੁਤਾਤ ਹੈ। ਇਸ ਦੇ ਬਾਵਜੂਦ ਧਰਤੀ ਉੱਤੇ ਕਰੋੜਾਂ ਲੋਕ ਚੰਗੀ ਖ਼ੁਰਾਕ ਤੋਂ ਵਿਰਵੇ ਹਨ। ਏਸ਼ੀਆ, ਅਫ਼ਰੀਕਾ ਦੇ ਮੁਲਕਾਂ ਵਿੱਚ ਕਰੋੜਾਂ ਲੋਕਾਂ ਦੇ ਭੁੱਖੇ ਸੌਣ ਦੀਆਂ ਤਾਂ ਗੱਲਾਂ ਅਸੀਂ ਅਕਸਰ ਸੁਣਦੇ ਰਹੇ ਹਾਂ। ਅੱਜ ਅਸੀਂ ਧਰਤੀ ਦੇ ਉਸ ਹਿੱਸੇ ਵਿੱਚ ਭੋਜਨ ਦੀ ਥੁੜ ਦੀ ਗੱਲ ਕਰਾਂਗੇ ਜਿਹੜਾ ਆਪਣੀ ਤਰੱਕੀ, ਖ਼ੁਸ਼ਹਾਲੀ ਲਈ ਜਾਣਿਆ ਜਾਂਦਾ ਰਿਹਾ ਹੈ, ਇਹ ਯੂਰੋਪੀਅਨ ਮਹਾਂਦੀਪ ਹੈ।

2023 ਵਿੱਚ ਯੂਰੋਪ ਦੀਆਂ ਸੜਕਾਂ ਮੁਜ਼ਾਹਰਾਕਾਰੀਆਂ ਨੇ ਮੱਲ੍ਹੀ ਰੱਖੀਆਂ ਕਿਉਂਕਿ ਆਰਥਿਕ ਮੰਦਹਾਲੀ ਕਾਰਨ ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਵੱਡਾ ਨਿਘਾਰ ਆਇਆ ਹੈ। ਹਾਲ ਇਹ ਹੈ ਕਿ ਵਧ ਰਹੀਆਂ ਕੀਮਤਾਂ ਕਾਰਨ ਤਕਰੀਬਨ ਇੱਕ-ਤਿਹਾਈ ਯੂਰੋਪੀਅਨ, ਗਰੀਬੀ ਵਿੱਚ ਧੱਕੇ ਗਏ ਹਨ। ਇੱਕ ਸਰਵੇਖਣ ਮੁਤਾਬਕ ਯੂਰੋਪੀਅਨਾਂ ਦੀ ਖਰੀਦ ਸ਼ਕਤੀ ਪਿਛਲੇ ਤਿੰਨ ਸਾਲਾਂ ਦੌਰਾਨ ਘਟੀ ਹੈ ਜਿਸ ਨੇ ਬਹੁਗਿਣਤੀ ਨੂੰ ਇੱਕ ਜਾਂ ਦੋ ਸਮੇਂ ਦਾ ਭੋਜਨ ਤੱਕ ਛੱਡਣ ਲਈ ਮਜਬੂਰ ਕਰ ਦਿੱਤਾ ਹੈ। ਪਿਛਲੇ ਤਿੰਨ ਸਾਲਾਂ ਦੌਰਾਨ ਅੱਧੇ ਤੋਂ ਵੱਧ ਯੂਰੋਪੀਅਨਾਂ ਨੇ ਆਪਣੇ ਖਰਚੇ ਘਟਾਏ ਹਨ। ਹਰ ਦੋ ਯੂਰੋਪੀਅਨਾਂ ਵਿਚੋਂ ਇੱਕ ਨੂੰ ਲੱਗਦਾ ਹੈ ਕਿ ਮਹਿੰਗਾਈ ਅਤੇ ਘੱਟ ਤਨਖਾਹਾਂ ਕਾਰਨ ਉਹ ਅਗਲੇ ਹੀ ਮਹੀਨੇ ਗਰੀਬੀ ਵਿੱਚ ਧਸ ਜਾਵੇਗਾ।



ਅੱਜ ਯੂਰੋਪ ਦੇ ਸਿਰਫ਼ 15% ਫ਼ੀਸਦੀ ਲੋਕ ਹੀ ਆਰਥਿਕ ਤੌਰ 'ਤੇ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ। ਇੱਕ ਹੋਰ ਸਰਵੇਖਣ ਮੁਤਾਬਕ ਪਿਛਲੇ ਛੇ ਮਹੀਨਿਆਂ ਅੰਦਰ 29% ਯੂਰੋਪੀਅਨਾਂ ਨੇ ਆਪਣਾ ਸਫ਼ਰ ਘਟਾਇਆ ਹੈ, 23% ਨੇ ਠੰਢ ਲੱਗਣ ਦੇ ਬਾਵਜੂਦ ਘਰ ਦਾ ਹੀਟਰ ਚਾਲੂ ਨਹੀਂ ਕੀਤਾ, 30% ਨੇ ਪਰਿਵਾਰਕ ਜੀਆਂ ਜਾਂ ਦੋਸਤਾਂ ਤੋਂ ਪੈਸੇ ਲੈਣੇ ਜਾਂ ਦੇਣੇ ਸ਼ੁਰੂ ਕੀਤੇ ਹਨ, 21% ਨੇ ਸਿਹਤ ਸਮੱਸਿਆ ਹੋਣ ਦੇ ਬਾਵਜੂਦ ਇਲਾਜ ਨਹੀਂ ਕਰਵਾਇਆ, 18% ਨੇ ਭੁੱਖ ਲੱਗਣ ਦੇ ਬਾਵਜੂਦ ਇੱਕ ਸਮੇਂ ਦਾ ਭੋਜਨ ਛੱਡ ਦਿੱਤਾ, 11% ਨੇ ਦਾਨ ਵਿੱਚ ਭੋਜਨ ਜਾਂ ਕੱਪੜੇ ਲਏ ਅਤੇ 10% ਨੇ ਆਪਣੇ ਦੋਸਤਾਂ ਜਾਂ ਪਰਿਵਾਰ ਦੇ ਘਰ ਦੀ ਬਸੇਰੇ ਵਜੋਂ ਵਰਤੋਂ ਕੀਤੀ ਕਿਉਂਕਿ ਉਨ੍ਹਾਂ ਕੋਲ਼ ਖ਼ੁਦ ਦੇ ਰਹਿਣ ਲਈ ਜਗ੍ਹਾ ਜੋਗੇ ਪੈਸੇ ਨਹੀਂ ਸਨ। ਹਰ ਖੇਤਰ ਵਿੱਚ ਆਈ ਇਸ ਮਹਿੰਗਾਈ ਨੇ ਲੋਕਾਂ ਨੂੰ ਔਖੀ ਚੋਣ ਕਰਨ ਲਈ ਮਜਬੂਰ ਕੀਤਾ ਹੈ ਕਿ ਕਿਹੜੀਆਂ ਬੁਨਿਆਦੀ ਲੋੜਾਂ 'ਤੇ ਪੈਸੇ ਲਾਏ ਜਾਣ ਅਤੇ ਕਿਹੜੀਆਂ 'ਤੇ ਨਾ ਲਾਏ ਜਾਣ।

2022 ਤੋਂ ਹੀ ਮਹਿੰਗਾਈ ਨੇ ਯੂਰੋਪੀਅਨਾਂ ਦਾ ਜਿਊਣਾ ਮੁਸ਼ਕਿਲ ਕੀਤਾ ਹੋਇਆ ਹੈ। ਭੋਜਨ ਵਸਤਾਂ ਦੀ ਮਹਿੰਗਾਈ ਨੇ ਲੋਕਾਂ ਨੂੰ ਸਭ ਤੋਂ ਵੱਧ ਤੰਗ ਕੀਤਾ ਹੈ। ਸਰਵੇਖਣ ਮੁਤਾਬਕ 38% ਲੋਕ ਹੁਣ ਰੋਜ਼ਾਨਾ ਤਿੰਨ ਸਮੇਂ ਦਾ ਖਾਣਾ ਨਹੀਂ ਖਾ ਰਹੇ। ਪਿਛਲੇ ਸਾਲ ਭੋਜਨ ਵਸਤਾਂ ਦੀਆਂ ਵਧੀਆਂ ਕੀਮਤਾਂ ਨੇ ਚਾਰ ਦਹਾਕਿਆਂ ਦਾ ਰਿਕਾਰਡ ਤੋੜ ਦਿੱਤਾ ਸੀ। ਮਾਰਚ 2023 ਵਿੱਚ ਯੂਰੋਪ ਅੰਦਰ ਭੋਜਨ ਮਹਿੰਗਾਈ ਦਰ ਨੇ ਆਪਣਾ ਸਿਖਰ 19.2% ਛੂਹਿਆ। ਭੋਜਨ ਵਸਤਾਂ ਦੀ ਮਹਿੰਗਾਈ ਯੂਰੋਪ ਦੇ 37 ਵਿਚੋਂ 33 ਦੇਸ਼ਾਂ ਵਿਚ ਕੁੱਲ ਮਹਿੰਗਾਈ ਤੋਂ ਵੱਧ ਸੀ। ਤੁਰਕੀ ਅੰਦਰ ਇਹ ਦਰ 72.5% ਦੇ ਭਿਆਨਕ ਪੱਧਰ 'ਤੇ ਪੁੱਜ ਚੁੱਕੀ ਹੈ। ਇੱਕ ਸਮੇਂ ਦਾ ਖਾਣਾ ਛੱਡਣ ਤੋਂ ਬਿਨਾਂ ਭੋਜਨ ਦੀ ਗੁਣਵੱਤਾ ਵਿੱਚ ਵੀ ਵੱਡੀ ਕਮੀ ਆਈ ਹੈ। ਜ਼ਾਹਿਰ ਹੈ ਇਸ ਸਭ ਦਾ ਬੱਚਿਆਂ 'ਤੇ ਸਭ ਤੋਂ ਭਿਆਨਕ ਅਸਰ ਪਿਆ ਹੈ। ਯੂਰੋਪ ਦੇ ਇੱਕ-ਚੌਥਾਈ ਬੱਚੇ ਅੱਜ ਅਤਿ ਦੀ ਗਰੀਬੀ ਵਿੱਚ ਧੱਕੇ ਜਾਣ ਦੇ ਖ਼ਤਰੇ ਹੇਠ ਹਨ। ਇਹ ਹਾਲਾਤ ਲਾਜ਼ਮੀ ਉਨ੍ਹਾਂ ਦੇ ਸਿਹਤਮੰਦ ਵਿਕਾਸ 'ਤੇ ਬੁਰਾ ਅਸਰ ਪਾ ਰਹੀ ਹੈ ਅੰਕੜਿਆਂ ਦਾ ਇੰਨੇ ਵਿਸਥਾਰ ਵਾਲਾ ਵੇਰਵਾ ਦੇਣ ਦਾ ਮਕਸਦ ਇਹੀ ਦਰਸਾਉਣਾ ਹੈ ਕਿ ਸਭ ਤੋਂ ਖ਼ੁਸ਼ਹਾਲ ਮੰਨੇ ਜਾਂਦੇ ਮਹਾਂਦੀਪ ਉੱਪਰ ਵੀ ਕਿਵੇਂ ਅੱਜ ਕਿਰਤੀ ਬੁਨਿਆਦੀ ਲੋੜਾਂ ਲਈ ਵੀ ਜੂਝ ਰਹੇ ਹਨ। ਇਹ ਅੰਕੜੇ ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਕਰ ਦਿੰਦੇ ਹਨ ਕਿ ਯੂਰੋਪ ਡੂੰਘੀ ਮੰਦਹਾਲੀ ਦੇ ਮੂੰਹ 'ਤੇ ਖੜ੍ਹਾ ਹੈ ਜਿਸ ਦੇ ਮਾੜੇ ਪ੍ਰਭਾਵ ਹੁਣ ਤੋਂ ਹੀ ਲੋਕਾਈ ਦੀਆਂ ਬਦਤਰ ਹੋਏ ਹਾਲਾਤ ਵਿੱਚ ਝਲਕਦੇ ਹਨ। ਇਹ ਉਹੀ ਯੂਰੋਪ ਹੈ ਜਿਸ ਦੇ ਸੋਹਲੇ ਸਰਮਾਏਦਾਰਾ ਅਰਥ ਸ਼ਾਸਤਰੀ ਗਾਉਂਦੇ ਸਨ ਕਿ ਯੂਰੋਪ ਸਰਮਾਏਦਾਰਾ ਪ੍ਰਬੰਧ ਦਾ ਸਵਰਗ ਹੈ। ਉਂਝ, ਅਜਿਹੇ ਹਾਲਾਤ ਨੇ ਸਾਫ਼ ਕਰ ਦਿੱਤਾ ਹੈ ਕਿ ਸਰਮਾਏਦਾਰਾ ਪ੍ਰਬੰਧ ਸਿਰਫ਼ ਕੁਝ ਕੁ ਧਨਾਢਾਂ ਲਈ ਹੀ ਸਵਰਗ ਸਿਰਜ ਸਕਦਾ ਹੈ, ਉਹ ਵੀ ਆਮ ਬਹੁਗਿਣਤੀ ਲੋਕਾਂ ਦੀਆਂ ਜੀਵਨ ਹਾਲਾਤ ਨਰਕ ਬਣਾ ਕੇ। ਲੋਕਾਂ ਦੀ ਅਸਲ ਧਰਤੀ ਤਾਂ ਸਮਾਜਵਾਦ ਹੀ ਹੋ ਸਕਦੀ ਹੈ ਜਿੱਥੇ ਪੈਦਾਵਾਰ ਮਨੁੱਖੀ ਲੋੜਾਂ ਲਈ ਹੁੰਦੀ ਹੈ ਨਾ ਕਿ ਮੁਨਾਫ਼ੇ ਲਈ।

ਅਜਿਹੇ ਔਖੇ ਹਾਲਾਤ ਦਾ ਸਾਹਮਣਾ ਕਰ ਰਹੇ ਯੂਰੋਪ ਦੇ ਲੋਕ ਚੁੱਪ ਨਹੀਂ ਹਨ। ਆਪਣੇ ਹਾਲਾਤ ਨੂੰ ਬਦਲ ਦੇਣ ਲਈ ਉਨ੍ਹਾਂ ਨੇ ਵੱਡੇ ਸੰਘਰਸ਼ ਵਿੱਢ ਦਿੱਤੇ ਹਨ। ਡਾਕ ਵਿਭਾਗ, ਰੇਲ ਵਿਭਾਗ ਅਤੇ ਹੋਰ ਕਿੰਨੇ ਹੀ ਖੇਤਰਾਂ ਦੇ ਮਜ਼ਦੂਰਾਂ ਦੀਆਂ ਲੱਖਾਂ ਦੀ ਗਿਣਤੀ ਵਾਲ਼ੀਆਂ ਵੱਡੀਆਂ ਹੜਤਾਲਾਂ, ਧਰਨਿਆਂ, ਮੁਜ਼ਾਹਰਿਆਂ ਨਾਲ ਉਨ੍ਹਾਂ ਨੇ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ।

# ਇੰਡੀਆ ਦਾ ਮਾਡਲ ਅਤੇ ਸਿਆਸੀ ਸਮੀਕਰਨ

**ਵਿਸ਼ਾਲ**




ਹੁਣ ਜਦੋਂ 2024 ਨੇ ਸਾਡੇ ਬੂਹਿਆਂ ’ਤੇ ਦਸਤਕ ਦੇ ਦਿੱਤੀ ਹੈ, ਸੁਭਾਵਿਕ ਹੈ ਕਿ ਭਾਰਤ ਵਾਸੀ ਇਹ ਚਾਹ ਰਹੇ ਹੋਣਗੇ ਕਿ ਇਹ ਵਰ੍ਹਾ ਸੁੱਖ ਸੁਨੇਹੇ ਲੈ ਕੇ ਆਵੇ ਕਿਉਂਕਿ 2023 ਦਾ ਸਾਲ ਬੜਾ ਕਸੂਤਾ ਜਿਹਾ (ਅਬਨਾਰਮਲ) ਸੀ ਜਿਸ ਵਿੱਚ ਹਰ ਸੂਬੇ ਦੇ ਲੋਕ ਅਸੁਰੱਖਿਅਤ ਮਹਿਸੂਸ ਕਰਦੇ ਰਹੇ, ਭਾਵੇਂ ਉਹ ‘ਪੰਜਾਬ ਵਾਰਿਸ ਦੇ’ ਦੇ ਆਪੇ ਮੁਖੀ ਬਣੇ ਸ਼ਖ਼ਸ ਦੀਆਂ ਆਪਹੁਦਰੀਆਂ ਸੀ, ਭਾਵੇਂ ਉਸ ਨੇ ਸਿੱਖ ਸੰਗਤ ਨੂੰ ਧਾਰਮਿਕ ਭਾਵਨਾਵਾਂ ਰਾਹੀਂ ਆਪਣੇ ਨਾਲ ਜੋੜਿਆ ਸੀ ਪਰ ਜਦੋਂ ਕੋਈ ਵੀ ਹਾਲਤ ਵਿਸਫੋਟਕ ਹੁੰਦੀ ਹੈ ਤਾਂ ਆਮ ਲੋਕਾਂ ਦਾ ਦਮ ਘੁਟਣ ਲੱਗਦਾ ਹੈ ਤੇ ਇਹੀ ਹੋਇਆ। ਬੀਤਿਆ ਵਰ੍ਹਾ ਸਿਆਸੀ ਪਾਰਟੀਆਂ ਦੀਆਂ ਨਿੱਜੀ ਰੰਜਿਸ਼ਾਂ ਹੇਠ ਲਤਾੜਿਆ ਜਾਂਦਾ ਰਿਹਾ ਤੇ ਆਮ ਸ਼ਹਿਰੀ ਹਾਸ਼ੀਏ ’ਤੇ ਚਲਾ ਗਿਆ। ਨਸ਼ਿਆਂ ਦਾ ਬੋਲਬਾਲਾ, ਬੇਰੁਜ਼ਗਾਰੀ, ਗੈਂਗਸਟਰਾਂ ਦੀਆਂ ਲੁੱਟਾਂ-ਖੋਹਾਂ ਨੇ ਪੰਜਾਬ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਸੱਤਾਧਾਰੀ ਪਾਰਟੀ ਨੇ ਆਪਣੇ ਵਿਰੋਧੀਆਂ ਨੂੰ ਜੇਲ੍ਹਾਂ ’ਚ ਡੱਕਣ ਲਈ ਹਰ ਹੀਲਾ ਵਰਤਿਆ ਜਿਸ ਨਾਲ ਆਮ ਲੋਕਾਂ ਦਾ ਵਿਸ਼ਵਾਸ ਟੁੱਟਿਆ ਜਿਹੜਾ ਉਨ੍ਹਾਂ ਸਰਕਾਰ ਚੁਣਨ ਵੇਲੇ ਜਿਤਾਇਆ ਸੀ।

ਮਈ 2024 ਵਿੱਚ ਲੋਕਾਂ ਨੇ ਅਗਲੇ ਪੰਜਾਂ ਸਾਲਾਂ ਲਈ ਆਪਣੇ ਦੇਸ਼ ਦਾ ਨੁਮਾਇੰਦਾ ਚੁਣਨਾ ਹੈ ਜਿਸ ਲਈ ਹੁਣ ਤੋਂ ਹੀ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਦੋ ਵੱਡੀਆਂ ਮੁੱਖ ਪਾਰਟੀਆਂ ਭਾਜਪਾ ਅਤੇ ਕਾਂਗਰਸ ਉੱਭਰ ਕੇ ਸਾਹਮਣੇ ਆਈਆਂ ਹਨ। ‘ਇੰਡੀਆ’ ਗੱਠਜੋੜ ਭਾਜਪਾ ਨੂੰ ਕੁਰਸੀ ਤੋਂ ਹਟਾਉਣ ਲਈ ਇਕ ਮੰਚ ’ਤੇ ਇਕੱਠਾ ਹੋ ਰਿਹਾ ਹੈ ਪਰ ਜੇ ਸੀਟਾਂ ਨੂੰ ਲੈ ਕੇ ਖਿੱਚੋਤਾਣ ਹੁੰਦੀ ਰਹੀ ਤਾਂ ਪਾਸਾ ਪਲਟਣਾ ਅਸੰਭਵ ਹੋ ਜਾਣਾ ਹੈ।

ਪਿਛਲੀਆਂ ਚੋਣਾਂ ’ਚ ਭਾਜਪਾ ਨੇ 543 ’ਚੋਂ 303 ਸੀਟਾਂ ’ਤੇ ਹੱਕ ਜਤਾਇਆ ਸੀ ਤੇ ਇਸ ਵਾਰ ਉਨ੍ਹਾਂ ਦਾ ਟੀਚਾ 400 ਸੀਟਾਂ ’ਤੇ ਜਿੱਤ ਹਾਸਿਲ ਕਰਨ ਦਾ ਹੈ। ਲੱਗਦਾ ਹੈ ਕਿ ਇਹ ਲੋਕਤੰਤਰ ਲਈ ਬਿਲਕੁੱਲ ਸਹੀ ਨਹੀਂ ਹੈ ਕਿਉਂਕਿ ਇਹ ਟੀਚਾ ਪੂਰਾ ਕਰਨ ਲਈ ਇਹ ਪਾਰਟੀ ਕੋਈ ਵੀ ਹੀਲਾ ਵਰਤ ਸਕਦੀ ਹੈ ਜੋ ਆਮ ਲੋਕਾਂ ਦੇ ਹੱਕਾਂ ’ਤੇ ਡਾਕਾ ਹੋ ਸਕਦਾ ਹੈ। ਇਸ ਨਾਲ ਸਮਾਜਿਕ ਸਮੀਕਰਨ ਹੋਰ ਵੀ ਵਿਗੜ ਜਾਣਗੇ। ਮੀਡੀਆ ਨੂੰ ਖਰੀਦਣਾ ਅਤੇ ਮੀਡੀਆ ਦਾ ਵਿਕ ਜਾਣਾ ਲੋਕਤੰਤਰ ਲਈ ਵੱਡਾ ਖ਼ਤਰਾ ਹੈ। ਸਮੇਂ ਦੀਆਂ ਸਰਕਾਰਾਂ ਆਪਣੇ ਵਿਰੁੱਧ ਉੱਠੀਆਂ ਆਵਾਜ਼ਾਂ ਨੂੰ ਸ਼ੁਰੂ ਤੋਂ ਹੀ ਦਬਾਉਂਦੀਆਂ ਆਈਆਂ ਨੇ। ਸੋ, ਲੋਕਤੰਤਰੀ ਰਾਜ ਦੀ ਨੀਂਹ ਕਦੇ ਵੀ ਨਹੀਂ ਰੱਖੀ ਜਾ ਸਕੀ। ਦੂਜੇ ਪਾਸੇ, ‘ਇੰਡੀਆ’ ਗੱਠਜੋੜ ਸਰਗਰਮੀ ਫੜ ਰਿਹਾ ਹੈ ਅਤੇ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਾਰੇ ਸੂਬਿਆਂ ’ਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੀ ਲੀਡਰਸ਼ਿਪ ਨਾਲ ਵੀ ਮੀਟਿੰਗਾਂ ਹੋ ਰਹੀਆਂ ਹਨ। ਜੇ ਖੜਗੇ ਦੂਰਦ੍ਰਿਸ਼ਟੀ ਨਾਲ ਆਪਣੇ ਜਿਆਦਾ ਉਮੀਦਵਾਰ ਉਤਾਰਨ ਨਾਲ ਗੱਠਜੋੜ ਨੂੰ ਬਣਦੀਆਂ ਸੀਟਾਂ ਦੇਣ ਤਾਂ ਗੱਠਜੋੜ ਦੀ ਇਕਜੁੱਟਤਾ ਬਣੀ ਰਹਿ ਸਕਦੀ ਹੈ। ਭਾਜਪਾ ਦੀਆਂ ਕਈ ਮਾਰੂ ਨੀਤੀਆਂ ਤੋਂ ਲੋਕ ਅੰਦਰੋਂ ਦੁਖੀ ਹਨ, ਕਿਸਾਨ ਮੋਰਚੇ ਦਾ ਦਰਦ ਅਤੇ ਹੋਈਆਂ ਮੌਤਾਂ ਅਜੇ ਲੋਕ ਭੁੱਲੇ ਨਹੀਂ ਹਨ ਪਰ ਚੋਣਾਂ ਨੇੜੇ ਆ ਕੇ ਭਾਜਪਾ ਲੀਡਰਸ਼ਿਪ ਲੋਕ ਹਿੱਤਾਂ ਲਈ ਕਿਹੜੇ ਫ਼ੈਸਲੇ ਕਰਦੀ ਹੈ, ਇਸ ਬਾਰੇ ਅਜੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਪਿਛਲੇ ਸਾਲ ਰਾਹੁਲ ਗਾਂਧੀ ਨੇ ‘ਭਾਰਤ ਜੋੜੋ ਯਾਤਰਾ’ ਕੀਤੀ ਸੀ ਜਿਸ ਦਾ ਹਾਂ-ਪੱਖੀ ਹੁੰਗਾਰਾ ਮਿਲਿਆ ਸੀ ਤੇ ਹੁਣ ਉਹ ਮਨੀਪੁਰ ਤੋਂ ‘ਭਾਰਤ ਜੋੜੋ ਨਿਆਏ ਯਾਤਰਾ’ ਸ਼ੁਰੂ ਕਰ ਰਿਹਾ ਹੈ ਜੋ ਤਬਦੀਲੀ ਲਿਆਉਣ ਲਈ ਸਹਾਈ ਹੋ ਸਕਦੀ ਹੈ।

ਜੇ ਕਾਂਗਰਸ ‘ਇੰਡੀਆ’ ਗੱਠਜੋੜ ਅੱਗੇ ਸੀਟਾਂ ਨੂੰ ਲੈ ਕੇ ਕੁਝ ਸ਼ਰਤਾਂ ਰੱਖਦੀ ਹੈ ਤਾਂ ਮੋਦੀ ਦੀ ਹੈਟ੍ਰਿਕ ਨੂੰ ਕੋਈ ਨਹੀਂ ਰੋਕ ਸਕਦਾ। ਇੱਥੇ ‘ਇੰਡੀਆ’ ਗੱਠਜੋੜ ਨੂੰ ਇਕ ਹੋਰ ਕਦਮ ਚੁੱਕਣਾ ਪਵੇਗਾ। ‘ਇੰਡੀਆ’ ਤਾਂ ਹੀ ਜਿੱਤੇਗਾ ਜੇ ਸਾਰਾ ਗੱਠਜੋੜ ਆਪੋ- ਆਪਣੀ ਪੀਪਣੀ ਵਜਾਉਣ ਅਤੇ ਸੀਟਾਂ ਦੀ ਵੰਡ ਦੀ ‘ਇੰਡੀਆ’ ਦੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਜਾਣ। ਇਸ ਫ਼ੈਸਲੇ ਨੂੰ ਅਮਲੀ ਰੂਪ ਦੇਣ ਵਿਚ ਬਹੁਤ ਸਾਰੇ ਨਹੀਂ, ਪੋਟਿਆਂ ’ਤੇ ਗਿਣੇ ਜਾਣ ਵਾਲੇ ਅੜਿੱਕੇ ਹਨ। ਉਮੀਦਵਾਰ ਦੀ ਚੋਣ ਲਈ ‘ਕੌਮੀ ਤਲਾਸ਼ ਕਮੇਟੀ’ ਬਣਾ ਲਈ ਜਾਵੇ ਤੇ ਫਿਰ ਉਸ ਅਧੀਨ ਸੂਬਾਈ ਪੱਧਰ ਦੀਆਂ ਉਪ-ਕਮੇਟੀਆਂ ਬਣਾ ਲਈਆਂ ਜਾਣ ਜੋ ਮੁੱਖ ਕਮੇਟੀ ਨੂੰ ਸੁਝਾਅ ਦੇਣ ਕਿ ਫਲਾਣੀ ਲੋਕ ਸਭਾ ਚੋਣ ਲਈ ਪੰਜ ਨਾਮ ਢੁਕਵੇਂ ਹਨ। ਉਨ੍ਹਾਂ ਨਾਵਾਂ ਵਿਚੋਂ ਇਕ ’ਤੇ ਕੌਮੀ ਕਮੇਟੀ ਸਹਿਮਤੀ ਬਣਾ ਕੇ ਦੇਵੇ ਅਤੇ ਨਾਲ ਹੀ ਉਸ ਦੀ ਜ਼ਿੰਮੇਵਾਰੀ ਜਿਸ ਵੀ ਪਾਰਟੀ ਨੂੰ ਦੇਣੀ ਹੈ, ਦੇ ਦਿੱਤੀ ਜਾਵੇ। ਉਮੀਦਵਾਰ ਦੀ ਚੋਣ ਸਹੀ ਹੋਣੀ ਚਾਹੀਦੀ ਹੈ।

ਹੁਣ ਦੇਸ਼ ਦੇ ਲੋਕ ਸਹੀ ਅਰਥਾਂ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਉਮੀਦਵਾਰ ਚੁਣਨਾ ਚਾਹੁੰਦੇ ਹਨ, ਨਾ ਕਿ ਪਾਰਟੀਆਂ ਵੱਲੋਂ ਥੋਪੇ ਉਮੀਦਵਾਰਾਂ ਨੂੰ। ਸਿਤਮ ਵਾਲੀ ਗੱਲ ਇਹ ਹੈ ਕਿ ਉਹ ਲੋਕ ਜਿੱਤ ਕੇ ਚਲੇ ਜਾਂਦੇ ਹਨ ਜਿਨ੍ਹਾਂ ਨੂੰ ਆਪਣੇ ਲੋਕ ਸਭਾ ਹਲਕੇ ਅਤੇ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਦੀ ਸਮਝ ਨਾਂਹ ਦੇ ਬਰਾਬਰ ਹੈ। ਉਹ ਆਪਣੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਹੁੰਦੇ ਹਨ। ਇਸ ਕਰ ਕੇ ‘ਇੰਡੀਆ’ ਉਨ੍ਹਾਂ ਆਗੂਆਂ ਨੂੰ ਉਮੀਦਵਾਰ ਬਣਾਵੇ ਜੋ ਲੋਕ ਸਭਾ ਵਿੱਚ ਕਿਸੇ ਪਾਰਟੀ ਦੀ ਨਹੀਂ, ਲੋਕਾਂ ਦੀ ਪ੍ਰਤੀਨਿਧਤਾ ਕਰੇ। ਦੇਸ਼ ਹਿੱਤ ਲਈ ‘ਇੰਡੀਆ’ ਗੱਠਜੋੜ ਨੂੰ ਇਹ ਸਖ਼ਤ ਕਦਮ ਵੀ ਚੁੱਕਣਾ ਪਵੇਗਾ ਜੋ ਸਮੇਂ ਦੀ ਮੁੱਖ ਮੰਗ ਬਣ ਗਈ ਹੈ। ‘ਇੰਡੀਆ’ ਗੱਠਜੋੜ ਜੇ ਇੰਡੀਆ ਨੂੰ ਸਹੀ ਉਮੀਦਵਾਰ ਦੇਣ ਵਿੱਚ ਕੋਈ ਭੁੱਲ ਕਰ ਗਿਆ ਤਾਂ ਇਸ ਦਾ ਖਮਿਆਜ਼ਾ ਫਿਰ ਦੇਸ਼ ਨੂੰ ਭੁਗਤਣਾ ਪਵੇਗਾ। ਜੇ ਜਿੱਤ ਗਿਆ ਤਾਂ ਇੰਡੀਆ ਜਿੱਤਣਾ ਹੈ, ਜੇ ਹਾਰ ਗਿਆ ਤਾਂ ਗੱਠਜੋੜ ਵਿੱਚ ਸ਼ਾਮਿਲ ਪਾਰਟੀਆਂ ਹਾਰਨੀਆਂ ਹਨ।

ਜਿੱਤ ਮੰਤਰ ਇਸ ਵੇਲੇ ਉਮੀਦਵਾਰਾਂ ਦੀ ਸਹੀ ਚੋਣ ’ਤੇ ਹੀ ਨਿਰਭਰ ਹੈ। ਫਿਲਮੀ ਕਲਾਕਾਰਾਂ ਜਾਂ ਕੋਈ ਹੋਰ ਕਲਾਕਾਰ, ਖਿਡਾਰੀ ਜਾਂ ਕੋਈ ਗਿਆਨੀ, ਧਿਆਨੀ ਜਾਂ ਫਿਰ ਵਿਗਿਆਨੀ ਨੂੰ ਉਮੀਦਵਾਰ ਬਣਾਉਣ ਦੀ ਥਾਂ ਸੂਝਵਾਨ, ਇਮਾਨਦਾਰ, ਧਰਮ ਨਿਰਪੱਖ, ਉੱਚ ਯੋਗਤਾ ਪ੍ਰਾਪਤ ਉਮੀਦਵਾਰ ਹੋਣੇ ਚਾਹੀਦੇ ਹਨ। ਅਨਪੜ੍ਹ, ਘੱਟ ਪੜ੍ਹੇ ਲਿਖੇ, ਦਾਗ਼ੀ ਜਾਂ ਅਪਰਾਧੀ ਪਿਛੋਕੜ ਵਾਲੇ ਉਮੀਦਵਾਰ ਬਣਾਉਣ ਦੀ ਪ੍ਰਵਾਨਗੀ ਨਾ ਦਿੱਤੀ ਜਾਵੇ। ਅਜਿਹੇ ਉਮੀਦਵਾਰ ਕਿਸੇ ਵੀ ਪਾਰਟੀ ਦੀ ਬੇੜੀ ਡੋਬ ਸਕਦੇ ਹਨ। ਅਜਿਹੇ ਉਮੀਦਵਾਰਾਂ ਦੀ ਸਿਆਸਤ ਦਾ ਅਸਲ ਭਾਵਨਾ ਨਾਲ ਦੂਰ ਦਾ ਵੀ ਸਬੰਧ ਨਹੀਂ ਹੁੰਦਾ। ਅਜਿਹੇ ਲੋਕਾਂ ਨੇ ਇੰਡੀਆ ਲਈ ਨਹੀਂ, ਆਪਣੇ ਆਪ ਲਈ ਕੰਮ ਕਰਨਾ ਹੁੰਦਾ ਹੈ। ਅਜਿਹੇ ਲੋਕਾਂ ਦੀ ਨਬਜ਼ ਕਿਸੇ ਸਿਆਸੀ ਮਾਹਿਰ ਕੋਲੋਂ ਟਟੋਲ ਲੈਣੀ ਚਾਹੀਦੀ ਹੈ। ਸਮੇਂ ਤੋਂ ਪਹਿਲਾਂ ਹੀ ਅਜਿਹੇ ਲੋਕ ਪਾਰਟੀ ਅੰਦਰ ਘੁਸਪੈਠ ਕਰਨ ’ਚ ਸਫਲ ਹੋ ਜਾਂਦੇ ਹਨ ਤਾਂ ਇਹ ਮਾੜੀ ਸਿਆਸਤ ਦੀ ਉਦਾਹਰਨ ਹੋ ਸਕਦੀ ਹੈ। ਜੇ ਸੀਟਾਂ ਦੀ ਵੰਡ ਅਤੇ ਉਮੀਦਵਾਰਾਂ ਦੀ ਚੋਣ ਵਾਲਾ ਮਸਲਾ ਚੰਗੀ ਤਰ੍ਹਾਂ ਸਿਰੇ ਨਹੀਂ ਚੜ੍ਹਿਆ ਤਾਂ ਨਾ ਭਾਰਤ ਜੁੜੇਗਾ ਤੇ ਨਾ ਹੀ ਇੰਡੀਆ ਜਿੱਤੇਗਾ। ਉਮੀਦਵਾਰ ਅਤੇ ਸੀਟ ਵੰਡ ਦੀ ਚੋਣ ਦਾ ਫ਼ੈਸਲਾ ਪਾਰਟੀਆਂ ਦਾ ਨਹੀਂ, ‘ਇੰਡੀਆ’ ਦਾ ਹੋਣਾ ਚਾਹੀਦਾ ਹੈ। ਜੇ ਚੋਣਾਂ ਤੋਂ ਪਹਿਲਾਂ ਹੀ ਖਿਲਾਰਾ ਪਾ ਲਿਆ ਤਾਂ ਸੰਭਾਲਿਆ ਵੀ ਨਹੀਂ ਜਾਣਾ।

# ਸਿਆਸੀ ਪਾਰਟੀਆਂ ਬਣ ਗਈਆਂ ਵਪਾਰਕ ਘਰਾਣੇ !

**ਤਰਲੋਚਨ ਸਿੰਘ ਭੱਟੀ**

## ਹਰ ਸਿਆਸੀ ਪਾਰਟੀ ’ਚ ਭਾਰੂ ਹੋਇਆ ਪਰਿਵਾਰਵਾਦ




ਭਾਰਤ ਦੀ ਰਾਜਨੀਤੀ ਦੇਸ਼ ਦੇ ਸੰਵਿਧਾਨਕ ਢਾਂਚੇ ਤਹਿਤ ਕੰਮ ਕਰਦੀ ਹੈ। ਇੱਥੇ ਬਹੁ-ਪਾਰਟੀ ਪ੍ਰਣਾਲੀ ਹੈ। ਭਾਰਤ ਦਾ ਚੋਣ ਕਮਿਸ਼ਨ, ਜੋ ਇੱਕ ਸੰਵਿਧਾਨਕ ਸੰਸਥਾ ਹੈ, ਆਪਣੇ ਉਦੇਸ਼ ਅਤੇ ਮਾਪਦੰਡਾਂ ਦੇ ਆਧਾਰ ’ਤੇ ਰਾਸ਼ਟਰੀ ਪੱਧਰੀ ਅਤੇ ਰਾਜ ਪੱਧਰੀ ਸਿਆਸੀ ਪਾਰਟੀਆਂ ਨੂੰ ਪ੍ਰਵਾਨਗੀ ਦਿੰਦਾ ਹੈ ਜਿਸ ਅਧੀਨ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਇੱਕ ਰਾਖਵਾਂ ਪਾਰਟੀ ਚਿੰਨ੍ਹ ਚੋਣ ਕਮਿਸ਼ਨ ਕੋਲੋਂ ਪ੍ਰਾਪਤ ਕਰਦੀਆਂ ਹਨ।

ਰਾਜਨੀਤਕ ਪਾਰਟੀਆਂ ਜੋ ਸੰਸਦ ਜਾਂ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਲੜਨਾ ਚਾਹੁੰਦੀਆਂ ਹਨ ਉਨ੍ਹਾਂ ਨੂੰ ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 29 ਏ ਅਧੀਨ ਭਾਰਤ ਦੇ ਚੋਣ ਕਮਿਸ਼ਨ ਕੋਲ ਰਜਿਸਟਰਡ ਹੋਣਾ ਜ਼ਰੂਰੀ ਹੈ। ਪੰਦਰਾਂ ਮਈ 2023 ਦੀ ਪ੍ਰਕਾਸ਼ਨਾ ਅਨੁਸਾਰ ਭਾਰਤ ਵਿੱਚ 6 ਰਾਸ਼ਟਰੀ ਪਾਰਟੀਆਂ, 55 ਖੇਤਰੀ ਪਾਰਟੀਆਂ ਅਤੇ 2597 ਗ਼ੈਰ-ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀਆਂ ਹਨ ਜਿਨ੍ਹਾਂ ਨੂੰ ਚੋਣ ਕਮਿਸ਼ਨ ਪਾਰਟੀ ਚਿੰਨ੍ਹ ਅਲਾਟ ਕਰਦਾ ਹੈ ਜੋ ਉਸ ਪਾਰਟੀ ਲਈ ਹੀ ਰਾਖਵਾਂ ਹੁੰਦਾ। ਜੇਕਰ ਪਾਰਟੀ ਨੂੰ ਰਾਸ਼ਟਰੀ ਜਾਂ ਰਾਜ ਪੱਧਰੀ ਪਾਰਟੀ ਵਜੋਂ ਮਾਨਤਾ ਚੋਣ ਕਮਿਸ਼ਨ ਪਾਸੋਂ ਮਿਲ ਜਾਂਦੀ ਹੈ ਤਾਂ ਉਸ ਨੂੰ ਮਿਲੇ ਪਾਰਟੀ ਚਿੰਨ੍ਹ ਭਾਰਤ ਦੇ ਚੋਣ ਕਮਿਸ਼ਨ ਚੋਣ ਚਿੰਨ੍ਹ (ਰਿਜ਼ਰਵੇਸ਼ਨ ਤੇ ਅਲਾਟਮੈਂਟ) ਆਰਡਰ 1968 ਅਧੀਨ ਰਾਖਵਾਂ ਹੁੰਦਾ ਹੈ। ਵੇਖਿਆ ਗਿਆ ਹੈ ਕਿ ਸਿਆਸੀ ਪਾਰਟੀਆਂ ਦਾ ਮੰਤਵ ਸੰਸਦ, ਵਿਧਾਨ ਸਭਾਵਾਂ ਅਤੇ ਹੋਰ ਸਰਕਾਰੀ ਸੰਸਥਾਵਾਂ ਵਿੱਚ ਉਪਲਬਧ ਸੀਟਾਂ ਨੂੰ ਚੋਣਾਂ ਰਾਹੀਂ ਭਰਨ ਲਈ ਚੋਣਾਂ ਵਿੱਚ ਆਪਣੀ ਪਾਰਟੀ ਵੱਲੋਂ ਉਮੀਦਵਾਰ ਉਤਾਰਨੇ, ਪਾਰਟੀ ਦੇ ਏਜੰਡੇ, ਪਾਲਿਸੀ ਅਤੇ ਪ੍ਰੋਗਰਾਮ ਦਾ ਪ੍ਰਚਾਰ ਕਰਨਾ, ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਕਾਨੂੰਨ ਬਣਵਾਉਣੇ, ਪਾਸ ਕਰਨੇ ਅਤੇ ਸਰਕਾਰਾਂ ਦੇ ਫ਼ੈਸਲਿਆਂ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਕਰਨਾ ਵਗੈਰਾ-ਵਗੈਰਾ ਹੈ। ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ ਰਾਜਨੀਤਕ ਪਾਰਟੀਆਂ ਨੂੰ ਲੋਕਾਂ ਕੋਲੋਂ ਜਾਂ ਸੰਸਥਾਵਾਂ/ਅਦਾਰਿਆਂ ਕੋਲੋਂ ਚੋਣ ਚੰਦਾ ਜਾਂ ਦਾਨ ਨੂੰ ਕਾਨੂੰਨੀ ਜਾਮਾ ਪਹਿਨਾਉਣ ਲਈ ਕੇਂਦਰੀ ਬਜਟ 2017-18 ਵਿੱਚ ਵਿਵਸਥਾ ਕੀਤੀ ਗਈ ਕਿ ਚੋਣ ਕਮਿਸ਼ਨ ਕੋਲ ਰਜਿਸਟਰਡ ਰਾਜਨੀਤਕ ਪਾਰਟੀਆਂ ਵਿਅਕਤੀ ਜਾਂ ਸੰਸਥਾਵਾਂ ਕੋਲੋਂ ਚੋਣ ਚੰਦਾ ਲੈ ਸਕਦੀਆਂ ਹਨ।

ਇਸ ਸਬੰਧੀ ਇਲੈਕਟੋਰਲ ਬਾਂਡ (ਚੋਣ ਚੰਦਾ) ਸਕੀਮ 2018, ਦੋ ਜਨਵਰੀ 2018 ਨੂੰ ਘੋਸ਼ਿਤ ਕੀਤੀ ਗਈ। ਇਲੈਕਟੋਰਲ ਬਾਂਡ ਇੱਕ ਪ੍ਰੋਸਰੀ ਨੋਟ ਜਾਂ ਬੈਂਕ ਚੈੱਕ ਹੈ ਜਿਸ ਨੂੰ ਸਟੇਟ ਬੈਂਕ ਆਫ ਇੰਡੀਆ ਪਾਸੋਂ ਇੱਕ ਹਜ਼ਾਰ, ਦਸ ਹਜ਼ਾਰ, ਇੱਕ ਲੱਖ, ਦਸ ਲੱਖ ਜਾਂ ਇਕ ਕਰੋੜ ਮੁੱਲ ਦੇ ਬਾਂਡ ਜਾਂ ਬੈਂਕ ਚੈੱਕ ਦੇ ਰੂਪ ਵਿੱਚ ਖ਼ਰੀਦ ਕੇ ਕੋਈ ਵਿਅਕਤੀ ਜਾਂ ਸੰਸਥਾ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀ ਨੂੰ ਦੇ ਸਕਦਾ ਹੈ ਜਿਸ ਨੇ ਲੋਕ ਸਭਾ ਜਾਂ ਰਾਜ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਵਿੱਚ ਕਿਸੇ ਚੋਣ ਹਲਕੇ ਤੋਂ ਘੱਟੋ-ਘੱਟ ਕੁੱਲ ਪਈਆਂ ਵੋਟਾਂ ਵਿੱਚ 1% ਵੋਟਾਂ ਹਾਸਲ ਕੀਤੀਆਂ ਹੋਣ।

ਬਾਂਡ ਲੈਣ ਵਾਲੀ ਪਾਰਟੀ 15 ਦਿਨਾਂ ਦੇ ਅੰਦਰ-ਅੰਦਰ ਇਹ ਬਾਂਡ ਆਪਣੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਸਕਦੀ ਹੈ। ਇਸ ਬਾਂਡ ਬਾਰੇ ਕਿਸੇ ਨੂੰ ਕੁਝ ਦੱਸਣ ਦੀ ਲੋੜ ਨਹੀਂ ਕਿ ਇਹ ਬਾਂਡ ਕਿਸ ਵੱਲੋਂ ਪਾਰਟੀ ਨੂੰ ਦਿੱਤਾ ਗਿਆ ਹੈ ਸਗੋਂ ਇਸ ਚੋਣ ਬਾਂਡ ਨੂੰ ਭਾਰਤ ਵਿੱਚ ਰਾਜਨੀਤਕ ਪਾਰਟੀਆਂ ਨੂੰ ਚੋਣ ਫੰਡ ਦੇਣ ਦੇ ਇੱਕ ਢੰਗ ਵਜੋਂ ਵਰਤਿਆ ਗਿਆ ਹੈ। ਭਾਰਤ ਸਰਕਾਰ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਇਲੈਕਟੋਰਲ ਬਾਂਡ ਨੂੰ ਪ੍ਰਚਾਰਿਆ ਗਿਆ ਕਿ ਅਜਿਹੇ ਬਾਂਡ ਜਾਂ ਚੋਣ ਚੰਦੇ ਰਾਹੀਂ ਪਾਰਟੀਆਂ ਦੀ ਸਿਆਸੀ ਚੋਣ ਫੰਡ ਇਕੱਠਾ ਕਰਨ ਦੇ ਖੇਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਵਧੇਗੀ ਅਤੇ ਗ਼ੈਰ-ਕਾਨੂੰਨੀ ਚੋਣ ਫੰਡਾਂ ਦੇ ਵਹਾਅ ਨੂੰ ਰੋਕਿਆ ਜਾ ਸਕੇਗਾ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏਡੀਆਰ) ਦੁਆਰਾ ਕਰਵਾਏ ਗਏ ਇੱਕ ਵਿਆਪਕ ਅਧਿਐਨ ਅਨੁਸਾਰ ਸਾਲ 2004-05 ਤੋਂ 2014-15 ਦੌਰਾਨ ਰਾਜਨੀਤਕ ਪਾਰਟੀਆਂ ਨੂੰ 69% ਮਿਲੇ ਚੋਣ ਚੰਦੇ ਦੇ ਵਿੱਤੀ ਸਰੋਤ ਦਾ ਕਿਸੇ ਨੂੰ ਵੀ ਪਤਾ ਨਹੀ ਕਿ ਕਿਸ ਵੱਲੋਂ ਇਹ ਦਿੱਤਾ ਗਿਆ ਹੈ। ਏਡੀਆਰ ਅਤੇ ਨੈਸ਼ਨਲ ਇਲੈਕਸ਼ਨ ਵਾਚ ਦੀ 18 ਅਕਤੂਬਰ 2023 ਦੀ ਪ੍ਰੈੱਸ ਰਿਲੀਜ਼ ਅਨੁਸਾਰ ਮਾਰਚ 2018 ਤੋਂ ਜੁਲਾਈ 2023 ਦੌਰਾਨ 27 ਦੌਰਾਂ ਵਿੱਚ ਸਟੇਟ ਬੈਂਕ ਆਫ ਇੰਡੀਆ ਦੀਆਂ ਵੱਖ-ਵੱਖ ਬ੍ਰਾਚਾਂ ਤੋਂ ਵਿਅਕਤੀਆਂ ਅਤੇ ਅਦਾਰਿਆਂ ਨੇ 24012 ਬਾਂਡਾਂ ’ਚੋਂ 13,791 ਕਰੋੜ ਦੇ ਬੇਨਾਮੀ ਬਾਂਡ ਰਾਜਨੀਤਕ ਪਾਰਟੀਆਂ ਨੂੰ ਦਿੱਤੇ ਹਨ। ਭਾਜਪਾ ਨੂੰ 5271 ਕਰੋੜ, ਇੰਡੀਅਨ ਨੈਸ਼ਨਲ ਕਾਂਗਰਸ ਨੂੰ 952 ਕਰੋੜ, ਆਮ ਆਦਮੀ ਪਾਰਟੀ ਨੂੰ 48 ਕਰੋੜ, ਤ੍ਰਿਣਮੂਲ ਕਾਂਗਰਸ ਨੂੰ 767 ਕਰੋੜ, ਸ਼੍ਰੋਮਣੀ ਅਕਾਲੀ ਦਲ ਨੂੰ 7 ਕਰੋੜ ਅਤੇ ਇਸੇ ਤਰ੍ਹਾਂ ਹੋਰ ਪਾਰਟੀਆਂ ਨੂੰ ਗੁਪਤ ਚੋਣ ਫੰਡ ਬਾਂਡ ਦੇ ਰੂਪ ਵਿਚ ਮਿਲੇ ਹਨ। ਨਵੰਬਰ 2023 ਤੱਕ 29 ਗੇੜਾਂ ਦੌਰਾਨ 15965 ਕਰੋੜ ਰੁਪਏ ਦੇ ਪਾਰਟੀਆਂ ਨੂੰ ਮਿਲੇ ਚੋਣ ਬਾਂਡਾਂ ਵਿੱਚੋਂ 95% ਬਾਂਡ ਇੱਕ ਕਰੋੜ ਰਾਸ਼ੀ ਵਾਲੇ ਹਨ।

ਸਪਸ਼ਟ ਹੈ ਇਹ ਇਲੈਕਟੋਰਲ ਬਾਂਡ ਦੇ ਰੂਪ ਵਿੱਚ ਦਿੱਤਾ ਗਿਆ ਐਸਾ ਦਾਨ ਬਿਲਕੁਲ ਗੁਪਤ ਹੈ। ਬਾਂਡਾਂ ਜਾਂ ਚੋਣ ਫੰਡਾਂ ਬਾਰੇ ਕੋਈ ਵੀ ਸਰਕਾਰ ਜਾਂ ਰਾਜਨੀਤਕ ਪਾਰਟੀ ਕੁਝ ਵੀ ਦੱਸਣ ਨੂੰ ਤਿਆਰ ਨਹੀਂ। ਸਗੋਂ ਕੇਂਦਰ ਸਰਕਾਰ ਦੇ ਸਰਕਾਰੀ ਵਕੀਲ ਨੇ ਸੁਪਰੀਮ ਕੋਰਟ ਵਿੱਚ ਇਲੈਕਟੋਰਲ ਬਾਂਡ ਕੇਸ ਦੀ ਸੁਣਵਾਈ ਦੌਰਾਨ ਹਲਫ਼ਨਾਮੇ ਰਾਹੀਂ ਦੱਸਿਆ ਹੈ ਕਿ ਭਾਰਤ ਦੇ ਲੋਕਾਂ ਨੂੰ ਅਜਿਹੇ ਬਾਂਡਾਂ ਦੇ ਸਰੋਤਾਂ ਬਾਰੇ ਜਾਣਨ ਦਾ ਕੋਈ ਹੱਕ ਨਹੀਂ ਹੈ। ਇਹ ਪਾਰਟੀਆਂ ਨੂੰ ਮਿਲਦਾ ਗੁਪਤ ਦਾਨ ਹੈ। ਕੇਂਦਰੀ ਸੂਚਨਾ ਕਮਿਸ਼ਨ ਨੇ ਆਪਣੇ ਫ਼ੈਸਲੇ 3 ਜੂਨ 2013 ਰਾਹੀਂ ਸਪਸ਼ਟ ਕੀਤਾ ਹੈ ਕਿ ਰਾਜਨੀਤਕ ਪਾਰਟੀਆਂ (ਇੰਡੀਅਨ ਨੈਸ਼ਨਲ ਕਾਂਗਰਸ, ਭਾਜਪਾ, ਸੀਪੀਆਈ, ਸੀਪੀਆਈ (ਐੱਮ), ਐੱਨਸੀਪੀ, ਬੀਐੱਸਪੀ ਆਦਿ ਸੂਚਨਾ ਦਾ ਅਧਿਕਾਰ ਕਾਨੂੰਨ 2005 ਅਧੀਨ ‘ਪਬਲਿਕ ਅਥਾਰਟੀ’ ਹਨ।

ਲਿਹਾਜ਼ਾ ਪਾਰਟੀ ਦੇ ਕੰਮਕਾਰ ਨੂੰ ਜੱਗ ਜ਼ਾਹਰ ਕਰਨ ਅਤੇ ਸੂਚਨਾ ਦਾ ਅਧਿਕਾਰ ਕਾਨੂੰਨ ਅਧੀਨ ਲੋਕਾਂ ਨੂੰ ਪਾਰਟੀ ਦੀਆਂ ਨੀਤੀਆਂ ਤੇ ਕਾਰੋਬਾਰ ਬਾਰੇ ਮੰਗੀ ਗਈ ਸੂਚਨਾ ਉਪਲਬਧ ਕਰਵਾਉਣੀ ਲਾਜ਼ਮੀ ਹੈ। ਅਫ਼ਸੋਸ ਹੈ ਕਿ ਕੋਈ ਵੀ ਰਾਜਨੀਤਕ ਪਾਰਟੀ ਕੇਂਦਰੀ ਸੂਚਨਾ ਕਮਿਸ਼ਨ ਦੇ ਹੁਕਮ ਨੂੰ ਮੰਨਣ ਲਈ ਤਿਆਰ ਨਹੀਂ, ਬਾਵਜੂਦ ਇਸ ਦੇ ਕਿ ਰਾਜਨੀਤਕ ਪਾਰਟੀਆਂ ਰਾਜ ਸਰਕਾਰਾਂ ਤੇ ਕੇਂਦਰ ਸਰਕਾਰ ਕੋਲੋਂ ਦਫ਼ਤਰਾਂ ਲਈ ਜ਼ਮੀਨ ਅਤੇ ਹੋਰ ਸੁਵਿਧਾਵਾਂ ਪ੍ਰਾਪਤ ਕਰਦੀਆਂ ਹਨ ਤੇ ਇਨਕਮ ਟੈਕਸ ਕਾਨੂੰਨ ਦੀ ਧਾਰਾ 13 ਅਧੀਨ ਪਬਲਿਕ ਅਥਾਰਟੀ ਵਜੋਂ ਟੈਕਸ ਦੀ ਛੋਟ ਵੀ ਲੈਂਦੀਆਂ ਹਨ। (ਬਾਕੀ ਸਫ਼ਾ 31 ’ਤੇ)



## ਮਾਂ ਦੇ ਮਖਣੀ ਖਾਣਿਉਂ ਵੇ...

# ਅੱਲੜ੍ਹਾਂ ਨੂੰ ਸਹੀ ਸਿੱਖਿਆ ਦੇਣ ਦੀ ਲੋੜ

## ਨਸ਼ਾ ਅਤੇ ਹੋਰ ਸਮਾਜਿਕ ਅਲਾਮਤਾਂ ਦੇ ਖ਼ਾਤਮੇ ਲਈ ਅੱਗੇ ਆਉਣ ਨੌਜਵਾਨ






ਨੌਜਵਾਨ ਹਰ ਦੇਸ਼ ਦੀ ਆਨ ਅਤੇ ਸ਼ਾਨ ਹੁੰਦੇ ਹਨ। ਬਜ਼ੁਰਗ ਕਹਿੰਦੇ ਹਨ ਕਿ ਨੌਜਵਾਨਾਂ ਦੇ ਜੋਸ਼ ਅਤੇ ਦਰਿਆਵਾਂ ਦੇ ਵਹਿਣ ਨੂੰ ਕੋਈ ਨਹੀਂ ਰੋਕ ਸਕਦਾ ਪਰ ਜਵਾਨੀ ਦੇ ਜੋਸ਼ ਨੂੰ ਸਹੀ ਸੇਧ ਅਤੇ ਸਹੀ ਦਿਸ਼ਾ ਦੇਣੀ ਬਹੁਤ ਜ਼ਰੂਰੀ ਹੁੰਦੀ ਹੈ ਤਾਂ ਕਿ ਨੌਜਵਾਨ ਕੁਰਾਹੇ ਨਾ ਪੈ ਜਾਣ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਦੇਸ਼ 'ਤੇ ਭੀੜ ਪਈ ਤਾਂ ਪੰਜਾਬੀ ਨੌਜਵਾਨਾਂ ਨੇ ਮੂਹਰੇ ਹੋ ਕੇ ਹਰ ਵਿਪਤਾ ਦਾ ਸਾਹਮਣਾ ਕੀਤਾ ਅਤੇ ਪੰਜਾਬ ਹਮੇਸ਼ਾ ਭਾਰਤ ਦੀ ਖੜਗਭੁਜਾ ਬਣ ਕੇ ਖੜਦਾ ਆਇਆ ਹੈ। ਜਦੋਂ ਵੀ ਕਿਸੇ ਧਾੜਵੀ ਜਾਂ ਦੂਜੇ ਦੇਸ਼ ਨੇ ਭਾਰਤ ਆਉਣ ਦਾ ਯਤਨ ਕੀਤਾ ਤਾਂ ਪੰਜਾਬੀਆਂ ਨੇ ਹੀ ਉਹਨਾਂ ਧਾੜਵੀਆਂ ਦਾ ਡੱਟ ਕੇ ਸਾਹਮਣਾ ਕਰਦਿਆਂ ਉਹਨਾਂ ਨੂੰ ਵਾਪਸ ਮੋੜਿਆ ਹੈ।

ਪੰਜਾਬੀ ਨੌਜਵਾਨ ਆਪਣੇ ਲੰਬੇ ਕੱਦ, ਭਰਵੇਂ ਜੁੱਸੇ ਅਤੇ ਬੁਲੰਦ ਹੌਂਸਲੇ ਲਈ ਪੂਰੀ ਦੁਨੀਆਂ ਵਿੱਚ ਪਹਿਚਾਣੇ ਜਾਂਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਵਿਰੋਧੀ ਕੁਝ ਤਾਕਤਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਨਸ਼ੇੜੀ ਅਤੇ ਹੋਰ ਬਹੁਤ ਕੁਝ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਇਹ ਠੀਕ ਹੈ ਕਿ ਪੰਜਾਬ ਵਿੱਚ ਨਸ਼ੇ ਵੀ ਪ੍ਰਚਲਿਤ ਹਨ ਪਰ ਇਹ ਨਸ਼ੇ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਪ੍ਰਚਲਿਤ ਹਨ, ਇਸਦੇ ਬਾਵਜੂਦ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਜੇ ਕਿਸੇ ਹੋਰ ਸੂਬੇ ਵਿੱਚ ਨਸ਼ੇ ਦੀ ਖੇਪ ਫੜੀ ਜਾਂਦੀ ਹੈ ਤਾਂ ਵੀ ਪੰਜਾਬ ਵਿਰੋਧੀ ਤਾਕਤਾਂ ਵੱਲੋਂ ਉਸ ਖੇਪ ਦਾ ਸਬੰਧ ਕਿਸੇ ਨਾ ਕਿਸੇ ਤਰੀਕੇ ਪੰਜਾਬ ਨਾਲ ਜੋੜਿਆ ਜਾਂਦਾ ਹੈ ਤਾਂ ਕਿ ਪੰਜਾਬ ਦੀ ਬਦਨਾਮੀ ਕੀਤੀ ਜਾ ਸਕੇ।

ਸਿਆਣੇ ਕਹਿੰਦੇ ਹਨ ਕਿ ਜੇ ਕਿਸੇ ਕੌਮ ਨੂੰ ਦੁਸ਼ਮਣਾਂ ਨੇ ਤਬਾਹ ਕਰਨਾ ਹੁੰਦਾ ਹੈ, ਤਾਂ ਉਸ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਲਗਾ ਦਿੱਤੀ ਜਾਂਦੀ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ ਨਾਲ ਪੰਜਾਬ ਦੋਖੀ ਤਾਕਤਾਂ ਵੱਲੋਂ ਅਜਿਹਾ ਹੀ ਕੀਤਾ ਜਾ ਰਿਹਾ ਹੈ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਪੰਜਾਬ ਦੀ ਨੌਜਵਾਨ ਪੀੜੀ ਨੂੰ ਕੁਰਾਹੇ ਪਾਉਣ ਦੇ ਵੀ ਯਤਨ ਕੀਤੇ ਜਾ ਰਹੇ ਹਨ। ਆਪਣੇ ਨੌਜਵਾਨ ਧੀਆਂ ਪੁੱਤਰਾਂ ਨੂੰ ਨਸ਼ਾ ਅਤੇ ਹੋਰ ਸਮਾਜਿਕ ਅਲਾਮਤਾਂ ਤੋਂ ਬਚਾਉਣ ਲਈ ਪੰਜਾਬੀ ਮਾਪਿਆਂ ਵੱਲੋਂ ਉਹਨਾਂ ਨੂੰ ਵਿਦੇਸ਼ ਭੇਜਿਆ ਜਾ ਰਿਹਾ ਹੈ, ਪਰ ਨਸ਼ਾ ਅਤੇ ਹੋਰ ਸਮਾਜਿਕ ਅਲਾਮਤਾਂ ਤੋਂ ਬਚਣ ਦਾ ਇਹ ਹੀ ਇੱਕ ਰਸਤਾ ਨਹੀਂ ਹੈ, ਸਗੋਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਦੇਣ ਦੀ ਜ਼ਰੂਰਤ ਹੈ।

ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਭਾਰਤੀ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਅਨੇਕਾਂ ਪੰਜਾਬੀ ਨੌਜਵਾਨ ਦੇਸ਼ ਦੀ ਸੁਰੱਖਿਆ ਲਈ ਆਪਣੀਆਂ ਜਿੰਦਗੀਆਂ ਵੀ ਕੁਰਬਾਨ ਕਰਕੇ ਦੇਸ਼ ਦੇ ਲੇਖੇ ਲਾ ਚੁੱਕੇ ਹਨ। ਇਸ ਤੋਂ ਇਲਾਵਾ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਜਾ ਕੇ ਪੰਜਾਬੀ ਨੌਜਵਾਨਾਂ ਨੇ ਸਖ਼ਤ ਮਿਹਨਤ ਕਰਕੇ ਉਥੇ ਪੰਜਾਬ ਦਾ ਨਾਂਅ ਰੌਸ਼ਣ ਕੀਤਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਵਿਦੇਸ਼ਾਂ ਵਿੱਚ ਜਾ ਕੇ ਪੰਜਾਬੀ ਨੌਜਵਾਨ ਸਖ਼ਤ ਮਿਹਨਤ ਕਰ ਸਕਦੇ ਹਨ ਤਾਂ ਇਹ ਨੌਜਵਾਨ ਪੰਜਾਬ ਵਿੱਚ ਅਜਿਹਾ ਕਿਉਂ ਨਹੀਂ ਕਰ ਸਕਦੇ। ਇਸ ਦਾ ਜਵਾਬ ਇਹ ਹੈ ਕਿ ਇਹ ਨੌਜਵਾਨ ਪੰਜਾਬ ਵਿੱਚ ਵੀ ਸਖ਼ਤ ਮਿਹਨਤ ਕਰ ਸਕਦੇ ਹਨ ਪਰ ਇਹਨਾਂ ਦੀ ਮਿਹਨਤ ਦਾ ਸਹੀ ਮੁੱਲ ਨਹੀਂ ਪੈਂਦਾ, ਜਿਸ ਕਰਕੇ ਇਹਨਾਂ ਨੌਜਵਾਨਾਂ ਨੂੰ ਨਾ ਚਾਹੁੰਦੇ ਹੋਏ ਵੀ ਦੂਜੇ ਮੁਲਕਾਂ ਵੱਲ ਪਰਵਾਸ ਕਰਨਾ ਪੈਂਦਾ ਹੈ।







ਪੰਜਾਬੀ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਅੱਲੜਪੁਣੇ ਵਿੱਚ ਹੀ ਸਹੀ ਸਿੱਖਿਆ ਦੇਣ ਅਤੇ ਨਸ਼ੇ ਤੇ ਹੋਰ ਸਮਾਜਿਕ ਅਲਾਮਤਾਂ ਤੋਂ ਦੂਰ ਰਹਿਣ ਲਈ ਸੁਚੇਤ ਕਰਨ। ਪੰਜਾਬ ਵਿਚੋਂ ਨਸ਼ੇ ਨੂੰ ਖ਼ਤਮ ਕਰਨ ਲਈ ਨੌਜਵਾਨਾਂ ਨੂੰ ਹੀ ਅੱਗੇ ਆਉਣਾ ਚਾਹੀਦਾ ਹੈ ਅਤੇ ਖੁਦ ਨਸ਼ੇ ਤੋਂ ਦੂਰ ਰਹਿ ਕੇ ਹੋਰਨਾਂ ਨੌਜਵਾਨਾਂ ਲਈ ਰਾਹ ਦਸੇਰਾ ਬਣਨਾ ਚਾਹੀਦਾ ਹੈ। ਨਸ਼ੇ ਤੋਂ ਬਚਣ ਲਈ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਆਪਣੇ ਖਾਲੀ ਸਮੇਂ ਨੂੰ ਕਿਸੇ ਕੰਮ ਵਿੱਚ ਲਗਾਉਣਾ ਚਾਹੀਦਾ ਹੈ। ਆਮ ਤੌਰ 'ਤੇ ਅੱਲੜ ਮੁੰਡੇ ਕੁੜੀਆਂ ਪੇਪਰ ਦੇ ਕੇ ਛੁੱਟੀਆਂ ਵਿੱਚ ਵਿਹਲੇ ਰਹਿੰਦੇ ਹਨ ਜਿਸ ਕਰਕੇ ਉਹਨਾਂ ਦੇ ਕੁਰਾਹੇ ਪੈਣ ਦਾ ਖ਼ਤਰਾ ਪੈ ਜਾਂਦਾ ਹੈ, ਇਸ ਲਈ ਸਕੂਲ/ ਕਾਲਜ ਵਿੱਚ ਪੇਪਰਾਂ ਤੋਂ ਬਾਅਦ ਛੁੱਟੀਆਂ ਹੋਣ ਤੇ ਅੱਲੜਾਂ ਤੇ ਨੌਜਵਾਨਾਂ ਨੂੰ ਕਿਸੇ ਨਾ ਕਿਸੇ ਕੰਮ ਧੰਦੇ ਦੀ ਟ੍ਰੇਨਿੰਗ ਦੇਣੀ ਚਾਹੀਦੀ ਹੈ ਤਾਂ ਕਿ ਉਹ ਕੁਰਾਹੇ ਪੈਣ ਦੀ ਥਾਂ ਛੁੱਟੀਆਂ ਵਿੱਚ ਕੋਈ ਕੰਮ ਸਿੱਖ ਸਕਣ। ਅੱਲੜਾਂ ਨੂੰ ਸਹੀ ਸੇਧ ਦੇਣੀ ਬਹੁਤ ਜ਼ਰੂਰੀ ਹੁੰਦੀ ਹੈ ਕਿਉਂਕਿ ਇਸ ਉਮਰ ਵਿੱਚ ਬੱਚਿਆਂ ਦੇ ਕੁਰਾਹੇ ਪੈਣ ਦਾ ਖ਼ਤਰਾ ਬਹੁਤ ਹੁੰਦਾ ਹੈ।

# ਰਾਮ ਰਾਜ ਦੀ ਉਡੀਕ ਵਿੱਚ . . . .



ਗੁਰਮੀਤ ਸਿੰਘ ਪਲਾਹੀ
9815802070

ਨਿਊਯਾਰਕ ਅਖ਼ਬਾਰ ਵਿੱਚ ਭਾਰਤੀ ਅਦਾਲਤਾਂ ਬਾਰੇ ਇੱਕ ਰਿਪੋਰਟ ਛਪੀ ਹੈ, ਉਹ ਵੀ ਪਹਿਲੇ ਸਫ਼ੇ 'ਤੇ। ਰਿਪੋਰਟ ਅਨੁਸਾਰ 5 ਕਰੋੜ ਮੁਕੱਦਮੇ ਭਾਰਤੀ ਅਦਾਲਤਾਂ ਵਿੱਚ ਲਟਕੇ ਪਏ ਹਨ। ਇਹਨਾਂ ਵਿਚੋਂ ਕਈ ਮੁਕੱਦਮੇ ਦਹਾਕਿਆਂ ਤੋਂ ਉਪਰਲੀ ਤੋਂ ਹੇਠਲੀਆਂ ਅਦਾਲਤਾਂ ਵਿੱਚ ਫਾਈਲਾਂ 'ਚ ਧੂੜ ਫੱਕ ਰਹੇ ਹਨ। ਭਾਵ ਡਿਜੀਟਲ ਭਾਰਤ ਵਿੱਚ ਇਨਸਾਫ ਅੱਜ ਵੀ ਬਲਦਾਂ ਦੇ ਗੱਡੇ ਦੀ ਤੋਰੇ ਤੁਰ ਰਿਹਾ ਹੈ।

ਸੁਣਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਦੇਸ਼ ਦੀਆਂ ਜੇਲ੍ਹਾਂ ਵਿੱਚ 80 ਫੀਸਦੀ ਲੋਕ ਇਹੋ ਜਿਹੇ ਹਨ, ਜਿਹੜੇ ਹਾਲੇ ਤੱਕ ਦੋਸ਼ੀ ਨਹੀਂ ਪਾਏ ਗਏ , ਉਹਨਾਂ 'ਤੇ ਮੁਕੱਦਮੇ ਚਲ ਰਹੇ ਹਨ। ਬਸ ਤਾਰੀਖਾਂ ਪੈ ਰਹੀਆਂ ਹਨ ਜਾਂ ਮੁਕੱਦਮਿਆਂ 'ਤੇ ਜੂੰ ਦੀ ਤੋਰੇ ਸੁਣਵਾਈ ਹੋ ਰਹੀ ਹੈ।

ਇੱਕ ਅੰਦਾਜ਼ਾ ਹੈ ਕਿ ਜੇਕਰ ਇਨਸਾਫ਼ ਦੀ ਤੋਰ ਇਹੋ ਰਹੀ ਤਾਂ ਇਹਨਾਂ ਕੇਸਾਂ ਦੇ ਨਿਪਟਾਰੇ ਲਈ ਤਿੰਨ ਸੌ ਸਾਲ ਲੱਗ ਜਾਣਗੇ। ਕਾਰਨ ਇਹ ਹੈ ਕਿ ਜਿਥੇ ਅਮਰੀਕਾ ਵਿੱਚ 10 ਲੱਖ ਲੋਕਾਂ ਲਈ 150 ਜੱਜ ਹੁੰਦੇ ਹਨ, ਉਥੇ ਭਾਰਤ ਵਿੱਚ ਇੰਨੀ ਆਬਾਦੀ ਲਈ ਕੇਵਲ 21 ਜੱਜ ਹਨ। ਉਂਜ ਵੀ ਭਾਰਤੀ ਅਦਾਲਤਾਂ ਤੱਕ ਪਹੁੰਚਣਾ ਅਤੇ ਕੇਸ ਚਲਾਈ ਰੱਖਣਾ ਮਹਿੰਗਾ ਹੈ। ਆਮ ਆਦਮੀ ਦੇ ਬੱਸ 'ਚ ਤਾਂ ਹੈ ਹੀ ਨਹੀਂ ਹੈ।

ਇਥੇ ਇੱਕ ਸਮੱਸਿਆ ਇਹ ਵੀ ਹੈ ਕਿ ਅਦਾਲਤਾਂ ਵਿੱਚ ਅੱਧੇ ਤੋਂ ਜ਼ਿਆਦਾ ਮੁਕੱਦਮੇ ਸਰਕਾਰਾਂ ਵਲੋਂ ਲਿਆਂਦੇ ਜਾਂਦੇ ਹਨ। ਕਈ ਤਾਂ ਇੰਨੇ ਮਾਮੂਲੀ ਹੁੰਦੇ ਹਨ ਕਿ ਇਹ ਅਦਾਲਤਾਂ 'ਚ ਲਿਆਉਣ ਯੋਗ ਹੀ ਨਹੀਂ ਹੁੰਦੇ। ਤੀਹ ਸਾਲ ਪਹਿਲਾਂ ਅਦਾਲਤਾਂ 'ਚ ਕੇਸਾਂ ਦੀ ਪ੍ਰਕਿਰਿਆ ਸੌਖੀ ਬਨਾਉਣ ਲਈ ਇੱਕ ਰਿਪੋਰਟ ਮਾਹਰਾਂ ਵੱਲੋਂ ਤਿਆਰ ਕੀਤੀ ਗਈ ਸੀ, ਪਰ ਇਹਨਾਂ ਸਾਲਾਂ 'ਚ ਕਈ ਪ੍ਰਧਾਨ ਮੰਤਰੀ ਆਏ, ਕਈ ਚਲੇ ਗਏ, ਇਹ ਰਿਪੋਰਟ ਫਾਈਲਾਂ 'ਚ ਹੀ ਪਈ ਹੈ। ਕਿਸੇ ਵੀ ਇਸਦੀ ਪ੍ਰਵਾਹ ਨਹੀਂ ਕੀਤੀ। ਨਾ ਕਿਸੇ ਸਰਕਾਰ ਨੇ, ਨਾ ਕਿਸੇ ਪ੍ਰਧਾਨ ਮੰਤਰੀ ਨੇ।

ਵੇਖੋ ਨਾ ਇਨਸਾਫ਼ ਦੇ ਪੁੰਜ ਰਾਮ ਜੀ ਦਾ ਰਾਮ ਮੰਦਰ ਬਣ ਗਿਆ ਹੈ। ਮਸਜਿਦ ਢਾਅ ਕੇ ਇਹ ਮੰਦਰ ਉਸਾਰਿਆ ਜਾ ਰਿਹਾ ਹੈ । ਹਾਲੇ ਇਹ ਮੰਦਰ ਪੂਰੀ ਤਰ੍ਹਾਂ ਤਿਆਰ ਹੀ ਨਹੀਂ ਹੋਇਆ, ਪਰ ਪ੍ਰਾਣ ਪ੍ਰਤਿਸ਼ਠਾ ਅਯੋਧਿਆ ਮੰਦਰ 'ਚ ਜਲਦੀ ਕਰਾਉਣ ਦੀ ਭਾਜਪਾ ਸਰਕਾਰ ਦੀ ਮਜ਼ਬੂਰੀ ਬਣ ਗਈ, ਕਿਉਂਕਿ ਲੋਕ ਸਭਾ ਚੋਣਾਂ ਅਪ੍ਰੈਲ-ਮਈ 2024 'ਚ ਹਨ। ਤੇ ਭਾਜਪਾ ਰਾਮ ਮੰਦਰ ਦਾ ਲਾਹਾ ਲੈਣਾ ਚਾਹੁੰਦੀ ਹੈ।

ਪ੍ਰਾਣ ਪ੍ਰਤਿਸ਼ਠਾ ਸਮਾਗਮ 'ਤੇ ਖੁਸ਼ੀਆਂ ਮਨਾਈਆਂ ਗਈਆਂ ਹਨ। ਪ੍ਰਧਾਨ ਮੰਤਰੀ ਜੀ ਅਯੋਧਿਆ ਮੰਦਰ 'ਚ ਮੁੱਖ ਯਜਮਾਨ ਬਣਕੇ ਗਏ, ਰਾਮ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ ਹੈ। ਉਸ 'ਚ ਪ੍ਰਾਣ ਪਾਏ ਗਏ। ਭਗਤੀ-ਭਾਵ ਦੇਸ਼ ਦੇ ਲੋਕਾਂ 'ਚ ਪਾਇਆ ਜਾ ਰਿਹਾ ਹੈ। ਜਿਹੜਾ ਕੁਝ ਸਮਾਂ ਚੱਲੇਗਾ। ਫਿਰ ਆਮ ਆਦਮੀ ਨੂੰ ਰੋਟੀ ਦੀ, ਇਨਸਾਫ ਦੀ, ਕੱਪੜੇ ਦੀ, ਮਕਾਨ ਦੀ, ਰੁਜ਼ਗਾਰ ਦੀ, ਦਵਾ-ਦਾਰੂ ਦੀ ਯਾਦ ਆਏਗੀ। ਬੇਹਾਲ ਜੀਵਨ ਦੀਆਂ ਅਸਲੀ ਸਮੱਸਿਆਵਾਂ ਉਸ ਅੱਗੇ ਮੂੰਹ ਅੱਡੀ ਖੜੀਆਂ ਹੋਣਗੀਆਂ। ਉਹ ਉਡੀਕ ਕਰੇਗਾ ਰਾਮ ਰਾਜ ਦੀ ?

ਚਲੋ ਬਹੁਤਾ ਕੁਝ ਤਾਂ ਉਹ ਕਲਪਿਤ ਨਹੀਂ ਕਰ ਸਕਦਾ, ਪਰ ਬੱਚਿਆਂ ਦੇ ਭਵਿੱਖ ਲਈ, ਆਸ-ਪਾਸ ਦੀਆਂ ਗੰਦੀਆਂ ਗਲੀਆਂ, ਸੜਦੇ ਕੂੜੇ ਦੇ ਢੇਰਾਂ, ਗੰਦੀਆਂ ਨਾਲੀਆਂ ਤੋਂ ਨਿਯਾਤ ਪਾਉਣ ਦੀ 'ਰਾਮ ਰਾਜੀ' ਕਲਪਨਾ ਤਾਂ ਉਹ ਕਰ ਹੀ ਸਕਦਾ ਹੈ। ਇਨਸਾਫ ਦੀ ਉਹ ਤਵੱਕੋ ਤਾਂ ਕਰ ਹੀ ਸਕਦਾ ਹੈ, ਜਿਹੜਾ ਰਾਮ ਰਾਜ ਦਾ ਮੂਲ ਅਧਾਰ ਗਿਣਿਆ ਜਾਂਦਾ ਹੈ।

ਆਓ ਰਤਾ ਕੁ ਝਾਤ ਮਾਰੀਏ ਦੇਸ਼ ਦੀ ਹਾਲਤ 'ਤੇ। ਦੇਸ਼ ਦੀ ਕੁਲ ਆਬਾਦੀ 145 ਕਰੋੜ ਤੋਂ ਟੱਪ ਗਈ ਹੈ। ਸਾਡਾ ਦੇਸ਼ ਚੀਨ ਨੂੰ ਪਛਾੜਕੇ ਦੁਨੀਆਂ ਦੀ ਸਭ ਤੋਂ ਵੱਡੀ ਆਬਾਦੀ ਬਣ ਗਿਆ ਹੈ। ਦੇਸ਼ ਦੇ ਹਾਕਮਾਂ ਅਨੁਸਾਰ ਦੇਸ਼ ਸੁਖ-ਸੰਪਨ, ਵੱਡਾ, ਕੱਦਵਾਰ, ਵਿਸ਼ਵ ਗੁਰੂ, ਦੁਨੀਆਂ ਦੀ ਉਪਰਲੀ ਆਰਥਿਕਤਾ ਬਨਣ ਜਾ ਰਿਹਾ ਹੈ। ਪਰ ਨਵੇਂ ਅੰਕੜੇ ਕਹਿੰਦੇ ਹਨ ਕਿ ਸਾਡਾ ਵਿਦੇਸ਼ੀ ਮੁਦਰਾ ਭੰਡਾਰ ਇਸ ਵਰ੍ਹੇ ਪਿਛਲੇ ਵਰ੍ਹੇ ਤੋਂ 5.89 ਅਰਬ ਡਾਲਰ ਘੱਟ ਗਿਆ ਹੈ ਅਤੇ ਹੁਣ 617.3 ਅਰਬ ਡਾਲਰ ਰਹਿ ਗਿਆ ਹੈ। ਸਾਡੇ ਦੇਸ਼ ਦੀ ਵਿਕਾਸ ਦਰ ਇਸ ਵੇਲੇ 6.9 ਤੋਂ 7.2 ਫੀਸਦੀ ਰਹਿ ਗਈ ਹੈ। ਜਦਕਿ ਲੋੜ ਦੇਸ਼ ਦੀ ਵਿਕਾਸ ਦਰ 8 ਫੀਸਦੀ ਤੋਂ ਉਪਰ ਦੀ ਹੈ, ਜੇਕਰ ਦੇਸ਼ ਨੇ ਅਗਲੇ ਵਰ੍ਹਿਆਂ 'ਚ ਵੱਡੀ ਆਰਥਿਕਤਾ ਬਨਣਾ ਹੈ।

ਦੇਸ਼ ਦਾ ਪ੍ਰੈੱਸ ਕੂਕ ਰਿਹਾ ਹੈ ਕਿ ਖੁਸ਼ਹਾਲ ਭਾਰਤ ਦੇ ਲੋਕਾਂ ਦੀ ਸਲਾਨਾ ਆਮਦਨ 8,40,000 ਰੁਪਏ(ਭਾਵ 10,000 ਅਮਰੀਕੀ ਡਾਲਰ) ਹੈ। ਕੀ ਇਹ ਭਰਮ ਨਹੀਂ ਹੈ ? ਦੇਸ਼ ਦੇ ਸਿਰਫ 7 ਫੀਸਦੀ ਲੋਕਾਂ ਦੀ ਆਮਦਨ ਦੇ ਦਮਗਜੇ ਮਾਰਕੇ 93 ਫੀਸਦੀ ਲੋਕਾਂ ਨੂੰ ਭੁਲਿਆ ਅਤੇ ਰੋਲਿਆ ਜਾ ਰਿਹਾ ਹੈ। ਕਿਉਂ ਨਹੀਂ ਇਹ ਮੰਨਿਆ ਜਾ ਰਿਹਾ ਹੈ ਕਿ 75 ਵਰ੍ਹੇ ਆਜ਼ਾਦੀ ਦੇ ਪੂਰੇ ਹੋਣ ਦੇ ਬਾਵਜੂਦ ਵੀ 82 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਸਰਕਾਰ ਮੁਹੱਈਆ ਕਰ ਰਹੀ ਹੈ ਖੁਸ਼ਹਾਲ ਲੋਕ ਦੇਸ਼ ਦੇ ਸਿਰਫ 7 ਕਰੋੜ ਲੋਕ ਹਨ। ਇਹਨਾਂ ਤੋਂ ਤਿੰਨ ਗੁਣਾ ਭਾਰਤੀਆਂ (22.8 ਕਰੋੜ) ਦੀ ਹਾਲਤ ਤਰਸਯੋਗ ਹੈ। ਮਗਨਰੇਗਾ ਦੇ ਅਧੀਨ 15.4 ਕਰੋੜ ਲੋਕ ਕੰਮ ਕਰਦੇ ਹਨ, ਇਹਨਾਂ ਨੂੰ 100 ਦਿਨ ਹਰ ਸਾਲ ਕੰਮ ਦੇਣ ਦਾ ਸਰਕਾਰ ਦਾ ਵਾਇਦਾ ਸੀ, ਪਰ ਪਿਛਲੇ ਪੰਜ ਸਾਲਾਂ ਦੌਰਾਨ ਇਹਨਾਂ ਨੂੰ ਸਿਰਫ਼ 49 ਤੋਂ 51 ਦਿਨ ਪ੍ਰਤੀ ਸਾਲ ਕੰਮ ਮਿਲਿਆ। ਦੇਸ਼ ਵਿੱਚ 10.47 ਕਰੋੜ ਕਿਸਾਨਾਂ ਕੋਲ ਇੱਕ ਤੋਂ ਦੋ ਏਕੜ ਜ਼ਮੀਨ ਹੈ। ਉਹ ਇਸੇ ਜ਼ਮੀਨ 'ਤੇ ਖੇਤੀ ਕਰਦੇ ਹਨ। ਉਹਨਾਂ ਦਾ ਟੱਬਰਾਂ ਦਾ ਗੁਜ਼ਾਰਾ ਇਸ ਜ਼ਮੀਨ ਨਾਲ ਨਹੀਂ ਹੋ ਸਕਿਆ। ਉਹਨਾਂ ਵਿਚੋਂ ਵੱਡੀ ਗਿਣਤੀ ਖੇਤੀ ਛੱਡ ਗਏ। ਸਾਲ 2023 ਦੀ 15 ਨਵੰਬਰ ਦੀ ਰਿਪੋਰਟ ਅਨੁਸਾਰ ਇਹਨਾਂ ਕਿਸਾਨਾਂ ਦੀ ਗਿਣਤੀ 8.12 ਕਰੋੜ ਰਹਿ ਗਈ। ਇਹਨਾਂ ਲੋਕਾਂ ਨੂੰ ਹੀ 6000 ਰੁਪਏ ਸਲਾਨਾ ਸਹਾਇਤਾ ਕੇਂਦਰ ਸਰਕਾਰ ਨੇ ਦਿੱਤੀ ਹੈ।

ਵੱਡੀ ਗਿਣਤੀ ਮਜ਼ਦੂਰ ਜੋ ਖੇਤੀ ਮਜ਼ਦੂਰ ਹਨ, ਉਹ ਲੋਕ ਜੋ ਸੜਕ ਦੇ ਲੋਕ ਹਨ, ਪੁਲਾਂ ਦੇ ਥੱਲੇ ਜਾਂ ਫੁਟਪਾਥ 'ਤੇ ਸੌਂਦੇ ਹਨ, ਉਹ ਲੋਕ ਜੋ ਸੀਵਰੇਜ਼ ਸਾਫ ਕਰਦੇ ਹਨ, ਜੁੱਤੇ ਮੁਰੰਮਤ ਕਰਦੇ ਹਨ, ਜੋ ਘਰੇਲੂ ਨੌਕਰ ਹਨ, ਉਹਨਾਂ ਦੀ ਸਥਿਤੀ ਕੀ ਕਿਸੇ ਸਰਕਾਰ ਨੇ ਕਦੇ ਪਰਖੀ ਹੈ ? ਇਹਨਾਂ ਲੋਕਾਂ ਲਈ ਕਿਹੜੀ ਸਰਕਾਰੀ ਸਹਾਇਤਾ ਹੈ ? ਕਿਹੜੀਆਂ ਸੁੱਖ ਸੁਵਿਧਾਵਾਂ ਜਾਂ ਸਰਕਾਰੀ ਸਹੂਲਤਾਂ ਹਨ ਇਹਨਾਂ ਲਈ ?

ਸਰਕਾਰ ਨਿੱਤ ਦੁਹਾੜੇ ਵਾਇਦੇ ਕਰਦੀ ਹੈ। ਸਭ ਲਈ ਸਭ ਕੁਝ ਸਭ ਲਈ ਰੁਜ਼ਗਾਰ, ਸਭ ਲਈ ਸਿੱਖਿਆ, ਸਭ ਲਈ ਭੋਜਨ, ਸਭ ਲਈ ਮਕਾਨ। ਦੇਸ਼ 'ਚ ਅਸਲੀਅਤ ਕੀ ਹੈ? ਕੀ ਸਰਕਾਰ ਆਮ ਲੋਕਾਂ ਨੂੰ ਭੇਟ ਕੀਤੀਆਂ ਸਕੀਮਾਂ ਦੀ ਦੁਰਦਸ਼ਾ ਤੋਂ ਜਾਣੂ ਨਹੀਂ ? ਕੀ ਸਰਕਾਰ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਨਹੀਂ ਸਮਝਦੀ ? ਕੀ ਸਰਕਾਰ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਕੱਚ-ਸੱਚ ਨਹੀਂ ਸਮਝਦੀ ? ਹੁਣੇ ਜਿਹੇ ਹੋਏ ਇੱਕ ਸਰਵੇਖਣ ਅਨੁਸਾਰ ਪਤਾ ਚਲਿਆ ਹੈ ਕਿ ਦੇਸ਼ ਦੀ ਆਮ ਜਨਤਾ ਅਪਰਾਧੀਕਰਨ ਅਤੇ ਭ੍ਰਿਸ਼ਟਾਚਾਰ ਤੋਂ ਵੀ ਜ਼ਿਆਦਾ ਪ੍ਰੇਸ਼ਾਨ ਬੇਰੁਜ਼ਗਾਰੀ ਤੇ ਮਹਿੰਗਾਈ ਤੋਂ ਹੈ। ਸਰਵੇ ਅਨੁਸਾਰ ਬੇਰੁਜ਼ਗਾਰੀ ਦੀ ਦਰ ਇਸ ਵੇਲੇ 10 ਫੀਸਦੀ ਤੋਂ ਉਪਰ ਚੱਲ ਰਹੀ ਹੈ।

ਸਕੂਲਾਂ 'ਚ ਦਾਖਲਾ ਲੈਣ ਵਾਲੇ ਆਮ ਆਦਮੀ ਦੇ ਬੱਚੇ ਵਿੱਚ -ਵਿਚਾਲੇ ਪੜ੍ਹਾਈ ਛੱਡ ਜਾਂਦੇ ਹਨ। ਇਸਦਾ ਕਾਰਨ ਪਰਿਵਾਰ ਦੀ ਆਰਥਿਕ ਹਾਲਤ ਠੀਕ ਨਾ ਹੋਣਾ ਹੈ। ਆਮ ਆਦਮੀ ਦੇ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। ਵੱਡੀ ਗਿਣਤੀ ਉਮਰ ਦੇ 5 ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਆਪਣੀ ਜੀਵਨ ਯਾਤਰਾ ਪੂਰੀ ਕਰ ਰਹੇ ਹਨ। ਆਯੂਸ਼ਮਾਨ ਕਾਰਡ ਉਹਨਾਂ ਦੇ ਹੱਥ ਹੀ ਨਹੀਂ ਆਉਂਦੇ ? ਨਾ ਬੱਚਿਆਂ ਦੇ, ਨਾ ਬੁੱਢਿਆਂ ਦੇ, ਨਾ ਗਰਭਵਤੀ ਔਰਤਾਂ ਦੇ, ਜੋ ਪਿੰਡਾਂ 'ਚ ਆਪੇ ਬੱਚੇ ਜਣ ਦਿੰਦੀਆਂ ਹਨ। ਪ੍ਰਵਾਸ ਅੱਜ ਭਾਰਤੀਆਂ ਦੇ ਜੀਵਨ ਦਾ ਅੰਗ ਬਣ ਚੁੱਕਾ ਹੈ, ਕੁਝ ਲੋਕ ਦੇਸ਼ 'ਚ ਪ੍ਰਵਾਸ ਕਰਦੇ ਹਨ, ਕੁਝ ਪ੍ਰਦੇਸ਼ 'ਚ ਪ੍ਰਵਾਸ ਕਰਨ ਲਈ ਮਜ਼ਬੂਰ ਹਨ। ਕਾਰਨ ਆਰਥਿਕ ਮੰਦਹਾਲੀ ਹੈ। ਤਾਂ ਫਿਰ ਖੁਸ਼ਹਾਲ ਭਾਰਤ ਕਿਥੇ ਹੈ ?

ਰਾਮ ਰਾਜ ਦੀ ਮੂਲ ਕਥਾ ਕੀ ਹੈ ? ਸਭ ਲਈ ਇਕੋ ਜਿਹਾ ਰਾਜ ! ਸਭ ਲਈ ਇਨਸਾਫ । ਸਭ ਲਈ ਰੋਟੀ, ਕੱਪੜਾ ਅਤੇ ਮਕਾਨ। ਪਰ ਅੱਜ ਸਿਆਸੀ ਧਿਰਾਂ ਗਰੀਬੀ ਹਟਾਓ ਦੀ ਗਲ ਕਰਦੀਆਂ ਹਨ। ਸਭ ਦੇ ਵਿਕਾਸ ਦੇ ਨਾਹਰੇ ਲਗਾਉਂਦੀਆਂ ਹਨ । ਪਰ ਕੋਈ ਵੀ ਦੇਸ਼ ਕੀ ਉਦੋਂ ਤੱਕ ਵਿਕਾਸ ਕਰ ਸਕਦਾ ਹੈ, ਜਦ ਤੱਕ ਉਸ ਦੇਸ਼ ਦੇ ਲੋਕ ਸਿਖਿਅਤ ਨਾ ਹੋਣ, ਜਿਥੇ ਰੁਜ਼ਗਾਰ ਦੇ ਮੌਕੇ ਨਾ ਹੋਣ ਜਿਥੇ ਇਨਸਾਫ, ਰਾਜ ਦਾ ਮੁੱਖ ਧੁਰਾ ਨਾ ਹੋਵੇ।

ਅੱਜ ਦੇਸ਼ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਭਟਕਾਉਣ ਲਈ ਸਾਡੇ ਨੇਤਾ ਮਸਜਿਦ-ਮੰਦਰ ਦੇ ਝਗੜੇ ਛੇੜ ਰਹੇ ਹਨ। ਫਿਰਕੂ ਦੰਗੇ ਕਰਵਾਉਂਦੇ ਹਨ। ਇੱਕ ਪਾਸੇ ਉਹ ਲੋਕ ਹਨ ਜੋ 2024 ਦੀਆਂ ਚੋਣਾਂ ਲਈ ਅਯੋਧਿਆ ਰਾਮ ਮੰਦਰ ਦੀ ਵਿਸਾਤ ਵਿਛਾਕੇ ਬੈਠੇ ਹਨ ਅਤੇ ਉਸਤੋਂ ਬਾਅਦ ਮਥੁਰਾ ਅਤੇ ਕਾਸ਼ੀ ਵਿਚੋਂ ਮਸਜਿਦਾਂ ਹਟਾਕੇ ਸੁੰਦਰ ਮੰਦਰ ਸਥਾਪਿਤ ਕਰਨ ਦੀ ਗੱਲ ਕਰਦੇ ਹਨ, ਦੂਜੇ ਪਾਸੇ ਉਹ ਲੋਕ ਹਨ ਜੋ ਜਾਤੀਆਂ ਦੇ ਨਾਮ 'ਤੇ ਮਰਦਮ ਸ਼ੁਮਾਰੀ ਕਰਾਕੇ ਲੋਕਾਂ ਨੂੰ ਇਕ ਧਿਰ ਬਣਾ ਰਹੇ ਹਨ, ਤਾਂ ਕਿ ਉਹ ਆਪਸੀ ਵਿਰੋਧ 'ਚ ਖੜ ਜਾਣ। ਉਹ ਨੇਤਾਵਾਂ ਦੀ ਅਸਲੀਅਤ ਨਾ ਸਮਝ ਸਕਣ।

ਦੇਸ਼ ਦੇ ਕੁਝ ਨੇਤਾ ਇਨਸਾਫ ਯਾਤਰਾ 'ਤੇ ਹਨ। ਉਹ ਮੁਹੱਬਤ ਦੀ ਦੁਕਾਨ ਚਲਾਉਣ ਦੀ ਗੱਲ ਵੀ ਕਰਦੇ ਹਨ। ਉਹ ਇਸ ਤੋਂ ਵੀ ਵੱਡੀਆਂ ਗੱਲਾਂ ਕਰਦੇ ਹਨ। ਪਰ ਕੀ ਕਦੇ ਉਹਨਾਂ ਦੇ ਮੂੰਹੋਂ ਦੇਸ਼ ਦੀ ਨਿਆ ਪ੍ਰਣਾਲੀ 'ਚ ਸੁਧਾਰ ਦੀ ਗੱਲ ਸੁਣੀ ਹੈ ਕਿਸੇ ਨੇ ? ਕੀ ਉਹਨਾਂ ਦੇ ਮੂੰਹੋਂ ਕਦੇ ਦੇਸ਼ ਦੇ ਲੋਕਾਂ ਦੇ ਗਰੀਬੀ ਦੇ ਇਸ ਵਿਸ਼ਾਲ ਚੱਕਰ 'ਚ ਫਸਾਉਣ ਲਈ ਆਖ਼ਰ ਜ਼ਿੰਮੇਵਾਰ ਕੌਣ ਹਨ, ਦੀ ਗੱਲ ਸੁਣੀ ਹੈ ਕਦੇ ਕਿਸੇ ਨੇ ?

ਦੇਸ਼ 'ਚ ਸੜਕਾਂ ਦਾ ਜਾਲ ਵਿਛ ਰਿਹਾ ਹੈ। ਦੇਸ਼ ਡਿਜੀਟਲ ਇੰਡੀਆ ਬਣ ਰਿਹਾ ਹੈ। ਦੇਸ਼ ਦਾ ਨਿੱਜੀਕਰਨ ਹੋ ਰਿਹਾ ਹੈ। ਦੇਸ਼ ਆਪਣੇ ਮੂੰਹ ਮੀਆਂ ਮਿੱਠੂ ਬਣਕੇ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਬਨਣ ਦੀਆਂ ਫੜਾਂ ਮਾਰ ਰਿਹਾ ਹੈ। ਪਰ ਨਾਲ ਦੀ ਨਾਲ ਦੇਸ਼ ਦੇ ਹਾਕਮ ਦੇਸ਼ ਨੂੰ ਧਰਮ ਅਤੇ ਅਤਿ-ਰਾਸ਼ਟਰਵਾਦ ਦਾ ਮਿਸ਼ਰਣ ਬਨਾਉਣ 'ਤੇ ਤੁਲੇ ਹੋਏ ਹਨ।

ਦੇਸ਼ ਵਿੱਚ ਜੋ ਸਥਿਤੀਆਂ ਹਨ, ਉਸਨੂੰ ਸਵੀਕਾਰੇ ਬਿਨ੍ਹਾਂ ਸੁਪਨਮਈ ਮਾਹੌਲ ਸਿਰਜਿਆ ਜਾ ਰਿਹਾ ਹੈ। ਲੋੜ ਸੱਚ ਨੂੰ ਸਵੀਕਾਰ ਕਰਨ ਦੀ ਹੈ। ਜਦੋਂ ਤੱਕ ਦੇਸ਼ 'ਚ ਬੇਕਾਰੀ ਅਤੇ ਮਹਿੰਗਾਈ ਵਧਦੀ ਰਹੇਗੀ, ਰੁਪਏ ਦੀ ਕੀਮਤ ਡਿਗਦੀ ਰਹੇਗੀ, ਉਦੋਂ ਤੱਕ ਆਰਥਿਕ ਵਾਧੇ ਦੇ ਉਹਨਾਂ ਅੰਕੜਿਆਂ ਵਿੱਚ ਆਮ ਆਦਮੀ ਆਪਣਾ ਭਲਾ ਹੁੰਦਾ ਹੋਇਆ ਮਹਿਸੂਸ ਨਹੀਂ ਕਰੇਗਾ।

ਅੱਜ ਦੇਸ਼ ਨੂੰ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੇ ਵਿਚਾਰ ਤੋਂ ਦੂਰ ਕੀਤਾ ਜਾ ਰਿਹਾ ਹੈ, ਪਰ ਦੇਸ਼ ਦੇ 93 ਫੀਸਦੀ ਲੋਕ ਰਾਮ ਰਾਜ ਦੀ ਉਡੀਕ 'ਚ ਹਨ।



# ਕਿਵੇਂ ਬੰਦ ਹੋਵੇ ਬਜ਼ੁਰਗਾਂ ਨਾਲ ਹੋ ਰਿਹਾ ਅਣਮਨੁੱਖੀ ਵਿਹਾਰ ?



ਦਵਿੰਦਰ ਕੌਰ ਖ਼ੁਸ਼ ਧਾਲੀਵਾਲ



ਮਨੁੱਖ ਦੇ ਕੁਦਰਤ ਨਾਲ਼ ਲਗਾਤਾਰ ਚੱਲ ਰਹੇ ਇੱਕ ਲੰਮੇ ਸੰਘਰਸ਼ ਵਿੱਚ, ਕੁਦਰਤੀ ਤਾਕਤਾਂ 'ਤੇ ਲਗਾਤਾਰ ਕਾਬੂ ਪਾਉਣ ਦੀ ਕਿਰਿਆ ਦੌਰਾਨ ਕੁਦਰਤੀ ਵਿਗਿਆਨਾਂ ਵਿੱਚ ਲਗਾਤਾਰ ਹੋ ਰਹੇ ਵਿਕਾਸ ਅਤੇ ਖਾਸ ਕਰਕੇ ਸਿਹਤ ਸਬੰਧੀ ਵਿਗਿਆਨਾਂ ਵਿੱਚ ਵਿਕਾਸ ਦੇ ਸਿੱਟੇ ਵਜੋਂ ਮਨੁੱਖ ਦੀ ਜੀਵਨ ਦਰ ਵਿੱਚ ਪਿਛਲੇ ਸਮਿਆਂ ਦੇ ਮੁਕਾਬਲੇ ਬਹੁਤ ਵਾਧਾ ਹੋਇਆ ਹੈ। ਬਹੁਤ ਸਾਰੀਆਂ ਬਿਮਾਰੀਆਂ 'ਤੇ ਤਾਂ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ, ਜਿਸ 'ਤੇ ਨਤੀਜੇ ਵਜੋਂ ਮੌਤ ਦੀ ਦਰ ਘਟਣ ਨਾਲ਼ ਮਨੁੱਖ ਦੀ ਜਿਊਣ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 70 ਸਾਲ ਤੋਂ ਵੱਧ ਉਮਰ ਵਾਲ਼ਿਆਂ ਵਿੱਚ ਜਿਊਣ ਦੀ ਦਰ ਵਿੱਚ 18 ਫ਼ੀਸਦੀ ਦਾ ਵਾਧਾ ਹੋਇਆ ਹੈ, ਪਰ ਇਸ ਦੇ ਨਾਲ਼ ਹੀ ਇੱਕ ਦੁਖਦਾਈ ਤਸਵੀਰ ਇਹ ਹੈ ਕਿ ਜੀਵਨ ਪੱਧਰ ਵਿੱਚ ਵਾਧੇ ਦੀ ਜਗ੍ਹਾ ਲਗਾਤਾਰ ਨਿਘਾਰ ਆ ਰਿਹਾ ਹੈ। ਸਾਡੇ ਆਲ਼ੇ ਦੁਆਲ਼ੇ ਨਿਗਾਹ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਵਿਗਿਆਨ ਅਤੇ ਤਕਨੀਕ ਦੇ ਅਥਾਹ ਵਿਕਾਸ ਦੇ ਬਾਵਜੂਦ ਸਾਡੀ ਅਬਾਦੀ ਦਾ ਵੱਡਾ ਹਿੱਸਾ ਗਰੀਬੀ ਭੁੱਖਮਰੀ, ਬੇਰੁਜ਼ਗਾਰੀ ਆਦਿ ਦੀ ਮਾਰ ਝੱਲਦਾ ਹੋਇਆ ਇੱਕ ਜਿੱਲ੍ਹਤ ਭਰੀ ਜ਼ਿੰਦਗੀ ਜੀਣ ਲਈ ਮਜਬੂਰ ਹੈ। ਵੈਸੇ ਤਾਂ ਸਾਡੇ ਦੇਸ਼ ਵਿੱਚ ਨੌਜਵਾਨ ਅਬਾਦੀ ਦਾ ਇੱਕ ਵੱਡਾ ਹਿੱਸਾ ਬਣਦੇ ਹਨ ਅਤੇ ਸਿੱਖਿਆ-ਰੁਜ਼ਗਾਰ ਆਦਿ ਇਹਨਾਂ ਦੀਆਂ ਸਮੱਸਿਆਵਾਂ ਵੀ ਬਹੁਤ ਭਿਅੰਕਰ ਹਨ, ਪਰ ਅੱਜ ਅਬਾਦੀ ਦਾ 9% ਹੁੰਦੇ ਹੋਏ ਵੀ ਇਹਨਾਂ ਬਜ਼ੁਰਗਾਂ ਦੀਆਂ ਸਮੱਸਿਆਵਾਂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਤੱਥਾਂ ਉੱਤੇ ਇਕ ਸਰਸਰੀ ਜਿਹੀ ਨਿਗਾਹ ਮਾਰਨ 'ਤੇ ਹੀ 'ਨਿਰਭਰਤਾ ਵਿੱਚ ਬੁਢਾਪਾ' ਕੱਟ ਰਹੀ ਅਬਾਦੀ ਦੀ ਇੱਕ ਖੌਫ਼ਨਾਕ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ। ਇੱਕ ਰਿਪੋਰਟ ਮੁਤਾਬਕ ਬੁਢਾਪੇ ਵਿੱਚ ਨਿਰਭਰਤਾ ਦੀ ਦਰ ਜੋਕਿ 1961 ਵਿੱਚ 10.9% ਸੀ, 2011 ਵਿੱਚ ਵਧਕੇ 14.2% ਤੱਕ ਪਹੁੰਚ ਗਈ। 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ 60 ਸਾਲ ਤੋਂ ਜ਼ਿਆਦਾ ਉਮਰ ਵਾਲ਼ੀ ਅਬਾਦੀ ਦੀ ਗਿਣਤੀ ਦਸ ਕਰੋੜ ਤੋਂ ਵੱਧ ਹੈ, ਜੋਕਿ ਕੁੱਲ ਅਬਾਦੀ ਦਾ 9 ਫ਼ੀਸਦੀ ਤੋਂ ਵੱਧ ਬਣਦੀ ਹੈ ਅਤੇ ਅਬਾਦੀ ਦਾ ਇਹ ਉਮਰ ਵਰਗ 2050 ਤੱਕ ਕੁੱਲ ਅਬਾਦੀ ਦਾ 19 ਫ਼ੀਸਦੀ ਹੋ ਜਾਣ ਦਾ ਪੂਰਾ ਖਦਸ਼ਾ ਹੈ। ਪਰਿਵਾਰਾਂ ਵਿੱਚ ਰਹਿੰਦੇ ਬਜ਼ੁਰਗਾਂ ਵਿੱਚ 60% ਨੂੰ ਦੁਰਵਿਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਦੁਰਵਿਹਾਰ ਕਈ ਰੂਪਾਂ ਵਿੱਚ ਸਾਹਮਣੇ ਆਉਂਦਾ ਹੈ। ਸਰੀਰਕ ਤਸੀਹਿਆਂ ਰਾਹੀਂ, ਮਾਨਸਿਕ ਤਸੀਹਿਆਂ ਰਾਹੀਂ, ਮਨੋਵਿਗਿਆਨਕ ਤਸੀਹਿਆਂ ਰਾਹੀਂ ਆਦਿ ਅਨੇਕਾਂ ਤਰੀਕਿਆਂ ਨਾਲ਼ ਇਹਨਾਂ ਨਾਲ਼ ਦੁਰਵਿਹਾਰ ਕੀਤਾ ਜਾਂਦਾ ਹੈ ਜਿਸਦੀਆਂ ਉਦਾਹਰਣਾਂ ਸਾਨੂੰ ਰੋਜ਼ਾਨਾ ਆਪਣੇ ਆਲ਼ੇ ਦੁਆਲ਼ੇ ਜਾਂ ਖ਼ਬਰਾਂ ਵਿੱਚ ਸੁਣਨ ਨੂੰ ਮਿਲ਼ਦੀਆਂ ਹਨ ਕਿ ਕਿਸ ਤਰ੍ਹਾਂ ਘਰਾਂ ਵਿੱਚ ਕੈਦ ਕਰ ਕੇ ਉਹਨਾਂ ਤੋਂ ਇੱਕ ਕੈਦੀ ਦੀ ਤਰ੍ਹਾਂ ਰੋਜ਼ਾਨਾ ਦੇ ਕੰਮ ਕਰਵਾਏ ਜਾਂਦੇ ਹਨ, ਨਾਂਹ-ਨੁੱਕਰ ਕਰਨ 'ਤੇ ਘਰੋਂ ਕੱਢ ਦਿੱਤੇ ਜਾਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਬੁਢਾਪਾ ਘਰਾਂ, ਵਿੱਚ ਉਹਨਾਂ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਓਥੇ ਵੀ ਜਿਸਮਾਨੀ ਛੇੜ ਛਾੜ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹਨਾਂ ਪੀੜਤਾਂ ਵਿੱਚੋਂ 37% ਬਜ਼ੁਰਗਾਂ ਨਾਲ਼ ਘਰਾਂ ਵਿੱਚ ਰੋਜ਼ਾਨਾ ਦੁਰਵਿਹਾਰ ਕੀਤਾ ਜਾਂਦਾ ਹੈ, 20% ਨੂੰ ਕੈਦੀਆਂ ਵਰਗੀ ਜ਼ਿੰਦਗੀ ਬਿਤਾਉਣੀ ਪੈਂਦੀ ਹੈ, 13% ਨੂੰ ਮਾਨਸਿਕ ਸ਼ੋਸ਼ਣ, ਗਾਲੀ ਗਲੌਚ ਆਦਿ ਸਹਿਣਾ ਪੈਂਦਾ ਹੈ, 9% ਨੂੰ ਕੁੱਟ ਮਾਰ ਤੇ ਹੋਰ ਜਿਸਮਾਨੀ ਸ਼ੋਸ਼ਣ ਸਹਿਣਾ ਪੈਂਦਾ ਹੈ, ਅਤੇ ਬਾਕੀ 8% ਨੂੰ ਅਨੇਕਾਂ ਤਰ੍ਹਾਂ ਦੇ ਅਪਮਾਨ ਸਹਿਣੇ ਪੈਂਦੇ ਹਨ, ਘਰਾਂ ਵਿੱਚ ਵੀ ਇਕੱਲੇ ਰਹਿ ਰਹੇ ਬਜ਼ੁਰਗਾਂ ਨਾਲ਼ ਲੁੱਟ ਖੋਹ ਦੇ ਮਾਮਲੇ ਆਮ ਹੀ ਸੁਣਨ ਨੂੰ ਮਿਲ਼ਦੇ ਹਨ। 'ਏਜਵੈੱਲ ਫ਼ਾਉਂਡੇਸ਼ਨ' ਦੀ ਇੱਕ ਰਿਪੋਰਟ ਮੁਤਾਬਕ ਇਸ ਅਬਾਦੀ ਵਿੱਚੋਂ 65 ਫ਼ੀਸਦੀ ਗਰੀਬ ਹਨ ਜਿਨ੍ਹਾਂ ਕੋਲ ਆਮਦਨ ਦਾ ਕੋਈ ਸਰੋਤ ਨਹੀਂ ਅਤੇ ਬਾਕੀਆਂ ਵਿੱਚ ਵੀ ਚੰਗੀ ਆਰਥਿਕ ਸਥਿਤੀ ਦੇ ਬਾਵਜੂਦ ਬਹੁਤਿਆਂ ਨਾਲ਼ ਕਿਸੇ ਨਾ ਕਿਸੇ ਰੂਪ ਵਿੱਚ ਦੁਰਵਿਹਾਰ ਹੁੰਦਾ ਹੀ ਹੈ ਜਿਸ ਕਾਰਨ ਸਾਡੇ ਸਮਾਜ ਦੇ ਬਹੁਤੇ ਬਜ਼ੁਰਗ (ਲਗਭਗ 40 ਫ਼ੀਸਦੀ) ਅਣਮਨੁੱਖੀ ਹਾਲਤਾਂ ਵਿੱਚ ਜੀਵਨ ਬਤੀਤ ਕਰਨ ਲਈ ਮਜਬੂਰ ਹਨ ਮਤਲਬ ਇਹ ਕਿ ਅਬਾਦੀ ਦਾ ਇਹ ਹਿੱਸਾ ਸਮਾਜਿਕ ਤੌਰ 'ਤੇ ਪੂਰੀ ਤਰ੍ਹਾਂ ਅਸੁਰੱਖਿਅਤ ਹੈ, ਜਾਂ ਇੰਜ ਕਹਿ ਲਈਏ ਅਸਲ ਵਿੱਚ ਸਾਡਾ ਮੌਜੂਦਾ ਸਮਾਜ ਇਹਨਾਂ ਨੂੰ ਸੁਰੱਖਿਆ ਦੇਣ ਤੋਂ ਅਸਮਰਥ ਸਾਬਤ ਹੋ ਚੁੱਕਾ ਹੈ।

ਕੀ ਇਸ ਸਭ ਲਈ ਸਰਕਾਰਾਂ ਦੋਸ਼ੀ ਹਨ, ਜਾਂ ਫਿਰ ਬਜ਼ੁਰਗਾਂ ਦੀ ਅਣਦੇਖੀ ਕਰਦੇ ਸਾਡੇ ਪਰਿਵਾਰ ਜਾਂ ਫਿਰ ਵੱਡੇ ਪੈਮਾਨੇ 'ਤੇ ਲੋਕਾਂ ਵਿੱਚ ਫੈਲੀਆਂ ਹੋਈਆਂ ਮੌਜੂਦਾ ਸਰਮਾਏਦਾਰਾ ਸੱਭਿਆਚਾਰਕ ਕਦਰਾਂ ਕੀਮਤਾਂ। ਸੱਚ ਤਾਂ ਇਹ ਹੈ ਕਿ ਮੌਜੂਦਾ ਸਰਕਾਰਾਂ (ਚਾਹੇ ਉਹ ਕੋਈ ਵੀ ਹੋਣ) ਹਰ ਸਮੇਂ ਲੋਕਾਂ ਦਾ ਖ਼ੂਨ ਚੂਸ ਕੇ ਪਲਣ ਵਾਲ਼ੇ ਸਰਮਾਏਦਾਰੀ ਢਾਂਚੇ ਦੀ ਉਮਰ ਲੰਮੀ ਕਰਨ ਦੀਆਂ ਯੋਜਨਾਵਾਂ ਬਣਾਉਂਦੀਆਂ ਰਹਿੰਦੀਆਂ ਹਨ। ਅਜਿਹਾ ਨਹੀਂ ਕਿ ਉਹਨਾਂ ਕੋਲ ਲੋਕਾਂ ਨੂੰ ਇੱਕ ਸੁਰੱਖਿਅਤ ਜੀਵਨ ਮੁਹੱਈਆ ਕਰਾਉਣ ਲਈ ਸਾਧਨਾਂ ਜਾਂ ਪੈਸੇ ਦੀ ਕਮੀ ਹੈ, ਸਗੋਂ ਉਹ ਤਾਂ ਅਰਬਾਂ-ਖਰਬਾਂ ਰੁਪਏ ਕੁੱਝ ਇੱਕ ਦੁੱਕਾ ਸਰਮਾਏਦਾਰਾਂ ਨੂੰ ਉਜਾੜੇ ਤੋਂ ਬਚਾਉਣ ਲਈ ਮਿੰਟਾਂ-ਸਕਿੰਟਾਂ ਵਿੱਚ ਹੀ ਉੜਾ ਦਿੰਦੀਆਂ ਹਨ ਅਤੇ ਦੂਜੇ ਪਾਸੇ ਜੇਕਰ ਬਜ਼ੁਰਗਾਂ ਨੂੰ ਪੈਨਸ਼ਨ ਦੀ ਗੱਲ ਕਰੀਏ ਤਾਂ ਭਾਰਤ ਸਰਕਾਰ ਵੱਲੋਂ ਚਲਾਈ ਗਈ ਇੰਦਰਾ ਗਾਂਧੀ ਨੈਸ਼ਨਲ ਬੁਢਾਪਾ ਪੈਨਸ਼ਨ ਸਕੀਮ ਦੀ ਵੀ ਅਸਲੀਅਤ ਸਾਹਮਣੇ ਆ ਜਾਂਦੀ ਹੈ ਜਿਸ ਤਹਿਤ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨੂੰ ਕੇਂਦਰ ਸਰਕਾਰ ਵੱਲੋਂ 60 ਸਾਲ ਤੋਂ ਵੱਧ ਉਮਰ ਵਾਲ਼ਿਆਂ ਲਈ 200 ਰੁਪਏ ਪ੍ਰਤੀ ਮਹੀਨਾ ਅਤੇ 80 ਸਾਲ ਤੋਂ ਵੱਧ ਉਮਰ ਵਾਲ਼ਿਆਂ ਲਈ 500 ਰੁਪਏ ਪ੍ਰਤੀ ਮਹੀਨਾ ਦੇ ਕੇ ਅਤੇ ਬਾਕੀ ਸੂਬਾ ਸਰਕਾਰਾਂ ਨੂੰ ਦੇਣ ਦੀ ਹਦਾਇਤ ਦੇ ਕੇ ਬੁੱਤਾ ਸਾਰ ਦਿੱਤਾ ਗਿਆ ਅਤੇ 2011 ਦੀ 'ਸੀਨੀਅਰ ਸਿਟੀਜਨਾਂ ਵਾਸਤੇ ਕੌਮੀ ਨੀਤੀ' ਦੇ ਖਰੜੇ ਵਿੱਚ ਇੰਦਰਾ ਗਾਂਧੀ ਨੈਸ਼ਨਲ ਬੁਢਾਪਾ ਪੈਨਸ਼ਨ ਸਕੀਮ ਤਹਿਤ 1000 ਰੁਪਏ ਦੀ ਪੈਨਸ਼ਨ ਦੀ ਸਿਫ਼ਾਰਸ਼ ਕਰ ਦਿੱਤੀ ਗਈ। ਭਾਰਤ ਦੇ ਅਲੱਗ-ਅਲੱਗ ਸੂਬਿਆਂ ਵਿੱਚ ਪ੍ਰਤੀ ਮਹੀਨਾ ਜੋ ਪੈਨਸ਼ਨ ਦਿੱਤੀ ਜਾਂਦੀ ਹੈ ਉਹ ਮੌਜੂਦਾ ਸਮੇਂ ਵਿੱਚ ਕਿਸੇ ਵੀ ਇਨਸਾਨ ਦੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਕਰਨ ਲਈ ਨਾਕਾਫ਼ੀ ਹੈ।

ਇਸ ਦੇ ਸਿਰ 'ਤੇ ਇੱਕ ਮਾਣ ਸਨਮਾਨ ਦੀ ਜ਼ਿੰਦਗੀ ਜੀਣਾ ਤਾਂ ਦੂਰ ਦੀ ਗੱਲ ਹੈ ਇਸ ਨਿਗੂਣੀ ਜਿਹੀ ਪੈਨਸ਼ਨ ਨੂੰ ਹਾਸਲ ਕਰਨ ਲਈ ਬਜ਼ੁਰਗਾਂ ਨੂੰ ਪਤਾ ਨਹੀਂ ਕਿਹੜੇ ਕਿਹੜੇ ਜਫ਼ਰ ਜਾਲਣੇ ਪੈਂਦੇ ਹਨ, ਅਧਿਕਾਰੀਆਂ ਦੇ ਤਾਨੇ ਮੇਹਣੇ ਸੁਣਨੇ ਪੈਂਦੇ ਹਨ, ਦਫ਼ਤਰਾਂ ਦੇ ਕਈ ਕਈ ਗੇੜੇ ਮਾਰਨੇ ਪੈਂਦੇ ਹਨ। 'ਹੈਲਪ ਏਜ ਇੰਡੀਆ' ਦੇ ਅਨੁਸਾਰ ਕਿਸੇ ਕਿਸਮ ਦੀ ਪੈਦਾਵਾਰੀ ਸਰਗਰਮੀ ਦਾ ਹਿੱਸਾ ਨਾਂ ਹੋਣ ਕਾਰਨ ਸਰਕਾਰਾਂ ਇਹਨਾਂ ਨੂੰ ਗੌਲਦੀਆਂ ਹੀ ਨਹੀਂ ਅਤੇ ਪਰਿਵਾਰਾਂ ਨੂੰ ਇਹਨਾਂ ਦੀ ਦੇਖਭਾਲ ਲਈ ਜ਼ਿੰਮੇਵਾਰ ਠਹਿਰਾਉਂਦੀਆਂ ਹਨ। ਸੰਨ 2013 ਦੇ 'ਹੈਲਪ ਏਜ ਇੰਡੀਆ- ਰਿਸਰਚ ਐਂਡ ਡਿਵਲਪਮੈਂਟ ਜਰਨਲ' ਦੀ ਰਿਪੋਰਟ ਮੁਤਾਬਕ ਭਾਰਤ ਦੇ ਸਾਰੇ ਬਜ਼ੁਰਗਾਂ ਨੂੰ ਸਿਰਫ਼ 2000 ਰੁਪਏ ਪ੍ਰਤੀ ਮਹੀਨੇ ਦੀ ਪੈਨਸ਼ਨ ਦੇਣ ਲਈ ਕੁੱਲ ਘਰੇਲੂ ਪੈਦਾਵਾਰ ਦੇ ਸਿਰਫ਼ 1.8% ਦੀ ਹੀ ਜਰੂਰਤ ਹੈ ਪਰ ਇਹ ਨਿਗੂਣੀ ਜਿਹੀ ਰਕਮ ਵੀ ਸਰਕਾਰਾਂ ਇਹਨਾਂ 'ਤੇ ਖਰਚ ਨਹੀਂ ਕਰਨਾ ਚਾਹੁੰਦੀ ਦੂਜੇ ਪਾਸੇ ਵੱਡੇ ਵੱਡੇ ਬੇਲਆਉਟ ਪੈਕੇਜ ਤੱਕ ਦੇ ਦਿੱਤੇ ਜਾਂਦੇ ਹਨ। ਇਹ ਜਨਤਕ ਨੀਤੀਆਂ ਨਾਂ ਸਿਰਫ਼ ਬਜ਼ੁਰਗਾਂ ਨੂੰ ਆਰਥਿਕ ਸੁਰੱਖਿਆ ਦੇਣ ਲਈ ਹੀ ਨਾਕਾਫ਼ੀ ਹਨ ਸਗੋਂ ਵਧਦੀ ਉਮਰ ਨਾਲ਼ ਉਹਨਾਂ ਵਿੱਚ ਵਧ ਰਹੀਆਂ ਬਿਮਾਰੀਆਂ, ਦਵਾਈਆਂ ਦੀ ਘਾਟ, ਜਰੂਰੀ ਖੁਰਾਕੀ ਤੱਤਾਂ ਦੀ ਘਾਟ ਆਦਿ ਕਈ ਸਮੱਸਿਆਵਾਂ ਹਨ ਜਿਨ੍ਹਾਂ ਲਈ ਸਰਕਾਰਾਂ ਕੋਲ ਕੋਈ ਠੋਸ ਨੀਤੀ ਨਹੀਂ ਹੈ। ਘਰਾਂ ਵਿੱਚ ਅਤੇ ਬਿਰਧ ਆਸ਼ਰਮਾਂ ਵਿੱਚ ਬਜ਼ੁਰਗਾਂ ਲਈ ਬਿਹਤਰ ਸੁਵਿਧਾਵਾਂ ਦੀ ਬਹੁਤ ਘਾਟ ਹੈ। ਬਜ਼ੁਰਗਾਂ ਨਾਲ਼, ਖਾਸ ਤੌਰ 'ਤੇ ਬਜ਼ੁਰਗ ਔਰਤਾਂ ਨਾਲ਼ ਹੁੰਦੀਆਂ ਅਪਰਾਧਕ ਹਰਕਤਾਂ ਨਾਲ਼ ਨਜਿੱਠਣ ਲਈ ਕੋਈ ਪ੍ਰਬੰਧ ਨਹੀਂ। ਅਸਲ ਵਿੱਚ ਆਪਣੀਆਂ ਇਹਨਾਂ ਸਰਮਾਏਦਾਰ ਪੱਖੀ ਅਤੇ ਲੋਕ ਦੋਖੀ ਨੀਤੀਆਂ ਰਾਹੀਂ ਹੀ ਤਾਂ ਸਰਕਾਰਾਂ ਇਹਨਾਂ ਸਰਮਾਏਦਾਰਾਂ ਦੀ ਸੇਵਾ ਕਰ ਰਹੀਆਂ ਹਨ, ਅਤੇ ਇਸ ਵਿਚ ਆਪਣੀ ਵੱਧ ਤੋਂ ਵੱਧ ਚਾਕਰੀ ਸਾਬਤ ਕਰਨ ਲਈ ਸਭ ਸਰਮਾਏਦਾਰਾ ਪਾਰਟੀਆਂ ਦੌੜ ਵਿੱਚ ਲੱਗੀਆਂ ਹੋਈਆਂ ਹਨ। ਇਹੀ ਕਾਰਨ ਹੈ ਕਿ ਇਹਨਾਂ ਦੁਆਰਾ ਬਣਾਈਆਂ ਜਨਤਕ ਨੀਤੀਆਂ ਬਜ਼ੁਰਗਾਂ ਦੀ ਇਸ ਅਬਾਦੀ ਦੀ ਵੱਡੇ ਪੱਧਰ 'ਤੇ ਜਾਣ ਬੁੱਝ ਕੇ ਅਣਦੇਖੀ ਕਰਦੀਆਂ ਹਨ। ਪਰ ਮੌਜੂਦਾ ਸਰਮਾਏਦਾਰਾ ਪ੍ਰਬੰਧ ਅੰਦਰ ਪਰਿਵਾਰਾਂ ਵਿੱਚ ਆਪਸੀ ਰਿਸ਼ਤੇ, ਕਿਸੇ ਤਰ੍ਹਾਂ ਦੀ ਆਤਮਕ ਸਾਂਝ ਤੋਂ ਛੁੱਟ, ਲੈਣ-ਦੇਣ ਤੱਕ ਸਿਮਟ ਕੇ ਰਹਿ ਗਏ ਹਨ। ਸੋ ਇਸ ਤਰ੍ਹਾਂ ਦੀ ਸੰਸਥਾ ਤੋਂ ਵੀ ਕਿਸੇ ਤਰ੍ਹਾਂ ਦੀਆਂ ਉੱਚੀਆਂ ਕਦਰਾਂ ਕੀਮਤਾਂ ਦੀ ਉਮੀਦ ਕਰਨਾ, ਉਹ ਵੀ ਉਸ ਸਮੇਂ ਜਦ ਸਰਮਾਏਦਾਰੀ ਹਰ ਪਾਸਿਓਂ ਆਪਣਾ ਅਗਾਂਹਵਧੂ ਚਰਿੱਤਰ ਗਵਾ ਚੁੱਕੀ ਹੋਵੇ, ਇੱਕ ਭੋਲੀ ਇੱਛਾ ਹੀ ਹੋ ਸਕਦੀ ਹੈ। ਇਹੀ ਕਾਰਨ ਹੈ ਕਿ ਪਰਿਵਾਰਾਂ ਵਿੱਚ ਬਜ਼ੁਰਗਾਂ ਨਾਲ਼ ਅਣਮਨੁੱਖੀ ਵਿਹਾਰ ਇੱਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਗੱਲ ਗੱਲ 'ਤੇ ਉਹਨਾਂ ਨੂੰ ਗਾਲੀ ਗਲੌਚ ਤੱਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬੱਚਿਆਂ ਵੱਲੋਂ ਮਾਪਿਆਂ ਨੂੰ ਕੁੱਟਣ ਤੱਕ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਆਮ ਹੀ ਵੇਖਣ ਨੂੰ ਮਿਲ਼ਦੀਆਂ ਹਨ, ਭਾਰਤ ਵਿੱਚ ਹਰ 10 ਬਜ਼ੁਰਗ ਜੋੜਿਆਂ ਵਿੱਚੋਂ 6 ਨੂੰ ਘਰ ਛੱਡਣ ਲਈ ਮਜਬੂਰ ਕੀਤਾ ਜਾਂਦਾ ਹੈ, ਇਹ ਵੱਖਰੀ ਗੱਲ ਹੈ ਕਿ ਸਮਾਜ ਵਿੱਚ ਆਪਣੀ ਅਤੇ ਆਪਣੇ ਪਰਵਾਰ ਦੀ ਸਾਖ ਨੂੰ ਬਚਾਉਣ ਕਾਰਨ, ਬਜ਼ੁਰਗਾਂ ਨਾਲ਼ ਹੁੰਦੇ ਦੁਰਵਿਹਾਰ ਵਿੱਚੋਂ 6 ਮਗਰ 1 ਕੇਸ ਹੀ ਸਾਹਮਣੇ ਆਉਂਦਾ ਹੈ।

ਸਰਮਾਏਦਾਰਾ ਸੱਭਿਆਚਾਰ ਕੋਲੋਂ ਇਸ ਤੋਂ ਵੱਧ ਆਪਾਂ ਹੋਰ ਕੀ ਆਸ ਕਰ ਸਕਦੇ ਹਾਂ। ਸਾਡੇ ਆਲ਼ੇ ਦੁਆਲ਼ੇ ਦੇ ਪਦਾਰਥਕ ਹਾਲਤ ਹੀ ਸਾਡੇ ਸੱਭਿਆਚਾਰ ਦੀ ਉਸਾਰੀ ਕਰਦੇ ਹਨ। ਸਮੁੱਚੇ ਵਾਤਾਵਰਣ ਵਿੱਚ ਇੱਕ ਦੂਸਰੇ ਨੂੰ ਨਿੱਗਲਣ ਦੀ ਇੱਕ ਅਰਾਜਕ ਪ੍ਰਕਿਰਿਆ ਲਗਾਤਾਰ ਲਾਗੂ ਹੈ, ਸਾਰੇ ਮਨੁੱਖ ਇੱਕ ਦੂਸਰੇ ਦੇ ਦੁਸ਼ਮਣ ਹਨ; ਆਪਣਾ-ਆਪਣਾ ਢਿੱਡ ਭਰਨ ਦੀ ਇਸ ਲੜਾਈ ਵਿੱਚ ਹਿੱਸਾ ਲੈਣ ਵਾਲ਼ਾ ਹਰ ਆਦਮੀ ਸਿਰਫ਼ ਆਪਣੀ ਹੀ ਸੋਚਦਾ ਹੈ ਅਤੇ ਆਪਣੇ ਚਾਰੇ ਪਾਸੇ ਸ਼ੱਕ ਦੀ ਨਜ਼ਰ ਨਾਲ਼ ਵੇਖਦਾ ਹੈ, ਤਾਂ ਕਿ ਗੁਆਂਢੀ ਕਿਤੇ ਉਸ ਦੀ ਗਰਦਨ ਨਾ ਦਬਾ ਦੇਵੇ। ਥਕਾਉਣ ਵਾਲ਼ੀ ਇਸ ਪਾਸ਼ਵਿਕ ਲੜਾਈ ਦੇ ਚੱਕਰਵਿਊਹ ਵਿੱਚ ਫ਼ਸ ਕੇ ਬੁੱਧੀ ਦੀਆਂ ਸਰਵਉੱਤਮ ਤਾਕਤਾਂ ਦੂਸਰੇ ਤੋਂ ਆਪਣੀ ਰੱਖਿਆ ਕਰਨ ਵਿੱਚ ਖਤਮ ਹੋ ਜਾਂਦੀਆਂ ਹਨ, ਮਨੁੱਖ ਦੇ ਤਜਰਬੇ ਦੀ ਇਹ ਪ੍ਰਾਪਤੀ ਜਿਸ ਨੂੰ ਮੈਂ ਕਹਿੰਦੇ ਹਨ, ਇੱਕ ਹਨੇਰਾ ਤਹਿਖਾਨਾ ਬਣ ਜਾਂਦੀ ਹੈ ਜਿਸ ਅੰਦਰ ਤਜਰਬੇ ਨੂੰ ਹੋਰ ਭਰਪੂਰ ਨਾ ਬਣਾਉਣ ਅਤੇ ਪੁਰਾਣੇ ਤਜਰਬੇ ਨੂੰ ਤਹਿਖ਼ਾਨੇ ਦੀਆਂ ਦਮ-ਘੋਟੂ ਕੋਠੜੀਆਂ ਵਿੱਚ ਬੰਦ ਰੱਖਣ ਦੀਆਂ ਨੀਚ ਪ੍ਰਵਿਰਤੀਆਂ ਭਾਰੂ ਰਹਿੰਦੀਆਂ ਹਨ। ਭਰੇ ਢਿੱਡ ਤੋਂ ਛੁੱਟ ਵਿਅਕਤੀ ਨੂੰ ਹੋਰ ਕੀ ਚਾਹੀਦਾ ਹੈ? ਇਸ ਮਕਸਦ ਨੂੰ ਪਾਉਣ ਲਈ ਮਨੁੱਖ ਆਪਣੇ ਉੱਚ ਆਦਰਸ਼ਾਂ ਤੋਂ ਤਿਲਕ ਕੇ ਡਿੱਗ ਗਿਆ ਹੈ ਅਤੇ ਜ਼ਖਮੀ ਹੋ ਕੇ ਅੱਖਾਂ ਪਾੜੀ, ਦਰਦ ਨਾਲ਼ ਚੀਕਦਾ ਹੋਇਆ ਅਤੇ ਕਰਾਹੁੰਦਾ ਹੋਇਆ ਥੱਲੇ ਪਿਆ ਹੈ।

ਤੇ ਇਹ ਸਭ ਕੁੱਝ ਹੈ ਜੋ ਸਰਮਾਏਦਾਰੀ ਢਾਂਚਾ ਸਾਨੂੰ ਤੇ ਸਾਡੇ ਬਜ਼ੁਰਗਾਂ ਨੂੰ ਦੇ ਰਿਹਾ ਹੈ। ਸੋ ਇਸ ਵੱਲੋਂ ਵਿੱਢੇ ਇਸ ਚੁਤਰਫ਼ਾ ਹਮਲੇ ਦਾ ਜਵਾਬ ਦੇਣ ਲਈ ਇਸ ਖ਼ਿਲਾਫ਼ ਵੀ ਸਾਨੂੰ ਚੁਤਰਫ਼ਾ ਹਮਲਾ ਵਿੱਢਦੇ ਹੋਏ ਹੀ ਆਪਣੇ ਸੰਘਰਸ਼ ਨੂੰ ਅੱਗੇ ਵਧਾਉਣਾ ਹੋਵੇਗਾ। ਸਾਨੂੰ ਸਰਕਾਰਾਂ ਦੀਆਂ ਲੋਕ ਦੋਖੀ ਅਤੇ ਸਰਮਾਏਦਾਰੀ ਪੱਖੀ ਨੀਤੀਆਂ ਦਾ ਲੋਕਾਂ ਵਿੱਚ ਪਾਜ ਉਘੇੜਨਾ ਹੋਵੇਗਾ, ਕਿ ਕਿਸ ਤਰ੍ਹਾਂ ਇਸ ਢਾਂਚੇ ਵਿੱਚ ਅਫ਼ਸਰਾਂ ਲਈ ਪੈਸਾ ਪਾਣੀ ਦੀ ਤਰ੍ਹਾਂ ਵਹਾਇਆ ਜਾਂਦਾ ਹੈ , ਪਰ ਲੋਕਾਂ ਵਾਸਤੇ ਇਹਨਾਂ ਕੋਲ ਬਜਟ ਨਹੀਂ ਹੁੰਦਾ, ਕਿਸ ਤਰ੍ਹਾਂ ਸਰਮਾਏਦਾਰਾਂ ਦੇ ਅਰਬਾਂ-ਖਰਬਾਂ ਦੇ ਕਰਜ਼ੇ ਮਾਫ਼ ਕਰ ਦਿੱਤੇ ਜਾਂਦੇ ਹਨ ਅਤੇ ਬਜ਼ੁਰਗਾਂ ਦੀਆਂ ਪੈਨਸ਼ਨਾਂ ਤੱਕ ਮਾਰ ਲਾਈਆਂ ਜਾਂਦੀਆਂ ਹਨ। ਸਾਨੂੰ ਵਿਆਪਕ ਜਨਤਕ ਘੋਲਾਂ ਰਾਹੀਂ ਸਾਡੇ ਬੁਨਿਆਦੀ ਹੱਕਾਂ ਦੀ ਰਾਖੀ ਕਰਨੀ ਹੋਵੇਗੀ ਜਿਸ ਵਿੱਚ ਬਜ਼ੁਰਗਾਂ ਲਈ ਮਾਨ ਸਨਮਾਨ ਦੀ ਜ਼ਿੰਦਗੀ ਜੀਣ ਦਾ ਹੱਕ ਵੀ ਸ਼ਾਮਲ ਹੈ। ਸਰਕਾਰਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਉਣਾ ਪਵੇਗਾ ਕਿ ਬਜ਼ੁਰਗ ਸਿਰਫ਼ ਵੋਟ ਬੈਂਕ ਹੀ ਨਹੀਂ ਇਨਸਾਨ ਹਨ। ਆਪਣੇ ਇਹਨਾਂ ਜਮਹੂਰੀ ਹੱਕਾਂ ਦੀ ਰਾਖੀ ਕਰਦੇ ਹੋਏ ਸਾਨੂੰ ਪਰਿਵਾਰਾਂ ਅੰਦਰ ਵੀ ਹਰ ਸੰਭਵ ਹੱਦ ਤੱਕ ਜਮਹੂਰੀ ਕਦਰਾਂ ਕੀਮਤਾਂ ਨੂੰ ਬਹਾਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਅਣਮਨੁੱਖੀ, ਪਤਨਸ਼ੀਲ, ਸਾਰੀਆਂ ਨੈਤਿਕ ਕਦਰਾਂ ਕੀਮਤਾਂ ਗਵਾ ਚੁੱਕੇ ਅਤੇ ਵੇਲਾ ਵਿਹਾ ਚੁੱਕੇ ਸਰਮਾਏਦਾਰਾ ਸੱਭਿਆਚਾਰ ਖ਼ਿਲਾਫ਼ ਇੱਕ ਵਿਆਪਕ ਸੱਭਿਆਚਾਰਕ ਮੁਹਿੰਮ ਵਿੱਢਣੀ ਹੋਵੇਗੀ ਅਤੇ ਕਿਰਤੀ ਲੋਕਾਂ ਦੇ ਸੱਭਿਆਚਾਰ ਨੂੰ ਲੋਕਾਂ ਵਿੱਚ ਮੁੜ ਸਥਾਪਤ ਕਰਨਾ ਹੋਵੇਗਾ। ਸੰਖੇਪ ਵਿੱਚ ਇਸ ਪੂਰੇ ਸਰਮਾਏਦਾਰਾ ਢਾਂਚੇ ਨੂੰ ਢਹਿ ਢੇਰੀ ਕਰਨ ਦੀ ਲੜਾਈ ਲੜਨੀ ਹੋਵੇਗੀ ਅਤੇ ਇੱਕ ਐਸੇ ਸਮਾਜਵਾਦੀ ਸਮਾਜ ਦੀ ਉਸਾਰੀ ਕਰਨੀ ਹੋਵੇਗੀ ਜਿਸ ਵਿੱਚ ਵਿਅਕਤੀ ਦੇ ਹਿੱਤ ਸਮਾਜ ਨਾਲ਼ ਟਕਰਾਵੇਂ ਨਾ ਹੋ ਕੇ ਦੋਵੇਂ ਇੱਕ ਦੂਜੇ ਦੇ ਪੂਰਕ ਹੋਣ, ਮਨੁੱਖ ਦਾ ਇਹ ਖੁੱਸ ਚੁੱਕਿਆ ਮਨੁੱਖੀ ਗੌਰਵ ਮੁੜ ਬਹਾਲ ਹੋ ਸਕੇ। ਇਸ ਲੜਾਈ ਦਾ ਹਿੱਸਾ ਬਣਦੇ ਹੋਏ ਹੀ ਅਸੀਂ ਆਉਣ ਵਾਲ਼ੇ ਸਮੇਂ ਵਿੱਚ ਬਜ਼ੁਰਗਾਂ ਨੂੰ ਉਹਨਾਂ ਦਾ ਬਣਦਾ ਮਾਣ-ਸਨਮਾਨ ਵਾਪਸ ਦੇ ਸਕਦੇ ਹਾਂ।



# ਮਸਨੂਈ ਬੁੱਧੀ ਅਤੇ ਨੈਨੋ ਤਕਨਾਲੋਜੀ ਦਾ ਸੁਮੇਲ ਖੇਤੀਬਾੜੀ ਖੇਤਰ ਲਈ ਲਾਭਦਾਇਕ

**ਡਾ. ਸਤਬੀਰ ਸਿੰਘ**



ਮਸਨੂਈ ਬੁੱਧੀ ਕੰਪਿਊਟਰ ਪ੍ਰਣਾਲੀ ਅਤੇ ਨੈਨੋ ਤਕਨਾਲੋਜੀ ਦਾ ਸੁਮੇਲ ਕਿਸਾਨਾਂ ਦੀਆਂ ਖੇਤੀਬਾੜੀ ਨਾਲ ਸੰਬੰਧਿਤ ਮੁਸ਼ਕਿਲਾਂ ਨੂੰ ਕਾਫ਼ੀ ਹੱਦ ਤੱਕ ਹੱਲ ਕਰਨ ਦੇ ਸਮਰੱਥ ਬਣ ਰਿਹਾ ਹੈ। ਵਿਗਿਆਨੀਆਂ ਵੱਲੋਂ ਮਸਨੂਈ ਬੁੱਧੀ ਅਤੇ ਮਸ਼ੀਨ ਸਿੱਖਿਆ ਮਾਡਲਾਂ ਦੀ ਮਦਦ ਨਾਲ ਰੋਜ਼ਾਨਾ ਖੇਤੀ ਉਪਜ ਨਾਲ ਸੰਬੰਧਿਤ ਕਾਰਕਾਂ ਜਿਵੇਂ ਭੂਗੋਲਿਕ ਤਾਪਮਾਨ, ਮਿੱਟੀ ਦੀ ਸਹੀ ਪਰਖ, ਪਾਣੀ ਦੀ ਸਹੀ ਵਰਤੋਂ, ਮੌਸਮ ਦੀਆਂ ਬਦਲਦੀਆਂ ਪ੍ਰਸਥਿਤੀਆਂ ਆਦਿ ਬਾਰੇ ਹਜ਼ਾਰਾਂ ਹੀ 'ਡਾਟਾ ਪੁਆਇੰਟ' ਤਿਆਰ ਕੀਤੇ ਜਾਂਦੇ ਹਨ। ਬੀਜ ਬੀਜਣ ਲਈ ਸਹੀ ਸਮਾਂ ਚੁਣਨਾ, ਫ਼ਸਲਾਂ ਦੇ ਟਿਕਾਊ ਬਦਲਾਂ ਨੂੰ ਨਿਰਧਾਰਿਤ ਕਰਨਾ, ਵਧੇਰੇ ਉਤਪਾਦਨ/ਪੈਦਾਵਾਰ ਲਈ ਦੋਗਲੇ ਬੀਜ ਬਦਲਾਂ ਵਰਗੀਆਂ ਲਾਭਦਾਇਕ ਜਾਣਕਾਰੀਆਂ ਪ੍ਰਾਪਤ ਕਰਨ ਲਈ ਇਸ ਕੰਪਿਊਟਰ ਡਾਟੇ ਦਾ ਅਸਲ ਸਮੇਂ ਵਿੱਚ ਲਾਭ ਉਠਾਇਆ ਜਾਂਦਾ ਹੈ। ਮਸਨੂਈ ਬੁੱਧੀ ਪ੍ਰਣਾਲੀ ਸਮੁੱਚੀ ਖੇਤੀ ਦੀ ਪੈਦਾਵਾਰ ਦੀ ਗੁਣਵੱਤਾ ਅਤੇ ਬੀਜਣ ਵਾਲੇ ਬੀਜਾਂ ਦੀ ਸ਼ੁੱਧਤਾ ਨੂੰ ਹੋਰ ਬਿਹਤਰ ਬਣਾਉਣ ਵਿਚ ਬਹੁਤ ਮਦਦ ਕਰ ਰਹੀ ਹੈ, ਜਿਸ ਨੂੰ 'ਸ਼ੁੱਧ ਖੇਤੀ' ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਤਕਨਾਲੋਜੀ ਨਾਲ ਪੌਦਿਆਂ ਅਤੇ ਫ਼ਸਲਾਂ ਦੀਆਂ ਬਿਮਾਰੀਆਂ ਅਤੇ ਖੇਤਾਂ ਵਿੱਚ ਹੋਣ ਵਾਲੇ ਮਾੜੇ ਪੋਸ਼ਣ ਸੰਬੰਧੀ ਵੀ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ। ਫ਼ਸਲਾਂ, ਫ਼ਲਾਂ ਅਤੇ ਸਬਜ਼ੀਆਂ ਦੇ ਉਤਪਾਦਨ ਅਤੇ ਉਨ੍ਹਾਂ ਦੇ ਸਹੀ ਮੁੱਲ ਬਾਰੇ ਭਵਿੱਖਬਾਣੀ ਹੁਣ ਉਪਗ੍ਰਹਿ ਚਿੱਤਰਾਂ ਰਾਹੀਂ ਵੀ ਸ਼ੁਰੂ ਹੋ ਚੁੱਕੀ ਹੈ ਜੋ ਕਿ ਮਸਨੂਈ ਬੁੱਧੀ ਪ੍ਰਣਾਲੀ 'ਤੇ ਹੀ ਨਿਰਭਰ ਕਰ ਰਹੀ ਹੈ। ਦੇਸ਼ ਦੇ ਕਿਹੜੇ ਖੇਤਰ ਵਿੱਚ ਕਿੰਨੀ ਬਾਰਿਸ਼ ਹੋਵੇਗੀ, ਕਿੱਥੇ ਪਾਣੀ ਦੀ ਕਿੱਲਤ ਹੈ, ਕਿੱਥੇ ਕਿਹੜੀ ਫ਼ਸਲ ਬੀਜਣੀ ਹੈ ਅਤੇ ਕਦੋਂ ਬੀਜਣੀ ਹੈ, ਕੀੜੇਮਾਰ ਦਵਾਈਆਂ ਦੀ ਕਿੰਨੀ ਲੋੜ ਹੈ ਆਦਿ ਦੀ ਪੇਸ਼ੀਨਗੋਈ ਹੁਣ ਆਧੁਨਿਕ ਕੰਪਿਊਟਰ ਤਕਨੀਕਾਂ: ਬਿੱਗ ਡਾਟਾ, ਮਸਨੂਈ ਬੁੱਧੀ ਅਤੇ ਮਸ਼ੀਨ ਸਿੱਖਿਆ ਨਾਲ ਹੋਣੀ ਸ਼ੁਰੂ ਹੋ ਚੁੱਕੀ ਹੈ। ਰੱਖਿਆ ਖੇਤਰ ਤੋਂ ਬਾਅਦ ਜੇ ਦੇਖਿਆ ਜਾਵੇ ਤਾਂ ਖੇਤੀਬਾੜੀ ਖੇਤਰ ਦੂਜੀ ਵੱਡੀ ਉਦਯੋਗਿਕ ਇਕਾਈ ਹੈ, ਜਿੱਥੇ ਹੁਣ ਮਸਨੂਈ ਬੁੱਧੀ ਸਵੈਚਾਲਿਤ ਰੋਬੋਟ ਮਾਰਕੀਟ ਪ੍ਰਫ਼ੁੱਲਿਤ ਹੋ ਰਹੀ ਹੈ।

**ਮਸਨੂਈ ਬੁੱਧੀ ਅਤੇ ਖੇਤੀ**

ਭਾਰਤ ਸਰਕਾਰ ਦੇ ਵਿੱਤ ਵਿਭਾਗ ਦੇ ਅੰਕੜਿਆਂ ਅਨੁਸਾਰ 2004-2014 ਤੱਕ ਭਾਰਤੀ ਖੇਤੀਬਾੜੀ ਵਾਧਾ ਦਰ 3.59% ਸਾਲਾਨਾ ਸੀ, ਇਹ 2020 ਤੱਕ ਮਿੱਥੀ ਹੋਈ ਸਾਲਾਨਾ ਖੇਤੀਬਾੜੀ ਵਾਧਾ ਦਰ ਤੋਂ 4% ਘੱਟ ਸੀ। 2020-21 'ਚ ਇਹ ਦਰ 3.6% ਦੀ ਸਾਲਾਨਾ ਦਰ ਦੇ ਵਾਧੇ ਨਾਲ ਦਰਜ ਕੀਤੀ ਗਈ। 2021-22 'ਚ ਇਸ ਵਿੱਚ 3.9% ਤੱਕ ਦਾ ਸੁਧਾਰ ਹੋਇਆ, ਜਿਸ ਨਾਲ ਸਮੁੱਚੀ ਭਾਰਤੀ ਅਰਥ ਵਿਵਸਥਾ ਦੇ ਅਸਲ ਜੀ.ਡੀ.ਪੀ. ਵਿਸਤਾਰ 'ਚ ਵਾਧਾ ਹੋਇਆ। 1991-95 ਤੱਕ ਭਾਰਤ 'ਚ ਸਾਲਾਨਾ ਪ੍ਰਤੀ ਵਿਅਕਤੀ ਅਨਾਜ ਉਤਪਾਦਨ 207 ਕਿੱਲੋਗ੍ਰਾਮ ਸੀ, ਜੋ ਕਿ 2014-17 ਤੱਕ 179 ਕਿੱਲੋਗ੍ਰਾਮ ਰਹਿ ਗਿਆ। ਸੀਮਤ ਜਲ ਅਤੇ ਜ਼ਮੀਨੀ ਸਰੋਤਾਂ ਦੇ ਨਾਲ ਅਸੀਂ ਖੇਤੀਬਾੜੀ ਦੇ ਵਿਕਾਸ ਦਾ ਟੀਚਾ ਆਧੁਨਿਕ ਤਕਨੀਕਾਂ ਦੀ ਮਦਦ ਨਾਲ (ਪ੍ਰਤੀ ਯੂਨਿਟ ਕੁਦਰਤੀ ਸਰੋਤ ਉਤਪਾਦਨ ਵਧਾਉਣ ਨਾਲ) ਅਤੇ ਖੇਤੀ ਆਮਦਨ ਵਧਾ ਕੇ ਹੀ ਪੂਰਾ ਕਰ ਸਕਦੇ ਹਾਂ। ਪਿਛਲੇ 2-3 ਸਾਲਾਂ 'ਚ ਖੇਤੀ ਉਤਪਾਦਨ ਅਤੇ ਆਮਦਨੀ 'ਚ ਲਗਾਤਾਰ ਗਿਰਾਵਟ ਆ ਰਹੀ ਹੈ। ਮਸਨੂਈ ਬੁੱਧੀ ਵਾਲੀਆਂ ਨੈਨੋ ਤਕਨੀਕਾਂ ਤੋਂ ਬਿਨਾਂ ਭਾਰਤੀ ਖੇਤੀ ਵਿਵਸਥਾ ਨੂੰ ਮਾੜੇ ਦੌਰ ਵਿਚੋਂ ਕੱਢਣਾ ਔਖਾ ਹੈ।

**ਖੇਤੀਬਾੜੀ 'ਚ ਸੁਧਾਰ**

ਨੈਨੋ ਤਕਨਾਲੋਜੀ ਨੂੰ ਸੰਭਾਵੀ ਤਕਨੀਕਾਂ 'ਚੋਂ ਇੱਕ ਮਹੱਤਵਪੂਰਨ ਤਕਨੀਕ ਵਜੋਂ ਪਛਾਣਿਆ ਗਿਆ ਹੈ, ਜੋ ਖੇਤੀਬਾੜੀ ਤੇ ਭੋਜਨ ਉਦਯੋਗ ਨੂੰ ਮੁੜ ਸੁਰਜੀਤ ਕਰ ਸਕਦੀ ਹੈ। ਇਸ ਨਾਲ ਕਿਸਾਨਾਂ ਅਤੇ ਗ਼ਰੀਬ ਲੋਕਾਂ ਦੀ ਰੋਜ਼ੀ-ਰੋਟੀ ਅਤੇ ਆਮਦਨ ਵਿੱਚ ਵੀ ਸੁਧਾਰ ਆਵੇਗਾ। ਹਾਲਾਂਕਿ ਆਲਮੀ ਪੱਧਰ ਦੇ ਨਾਲ-ਨਾਲ ਭਾਰਤ 'ਚ ਖੇਤੀਬਾੜੀ ਤੇ ਭੋਜਨ ਪ੍ਰਣਾਲੀ ਵਿੱਚ ਨੈਨੋ ਤਕਨਾਲੋਜੀ ਦੀ ਵਰਤੋਂ ਅਜੇ ਸ਼ੁਰੂਆਤੀ ਪੜਾਅ ਵਿੱਚ ਹੈ। ਖੇਤੀਬਾੜੀ 'ਚ ਨੈਨੋ ਤਕਨਾਲੋਜੀ ਦਾ ਉਪਯੋਗ ਇੱਕ ਤਕੜੀ ਅਤੇ ਪ੍ਰਭਾਵਸ਼ਾਲੀ ਰੈਗੂਲੇਟਰੀ ਵਿਧੀ ਅਤੇ ਮਜ਼ਬੂਤ ਸ਼ਾਸਨ ਪ੍ਰਣਾਲੀ ਦੀ ਮੰਗ ਕਰਦਾ ਹੈ, ਬਸ਼ਰਤੇ ਇਸ ਦੇ ਉਪਯੋਗਾਂ ਵਿਚ ਸਾਰੇ ਹਿੱਸੇਦਾਰਾਂ ਦੇ ਸਮੂਹ ਸ਼ਾਮਿਲ ਹੋਣ। ਇਸ ਤਰ੍ਹਾਂ ਨੈਨੋ ਤਕਨਾਲੋਜੀ ਟਿਕਾਊ ਖੇਤੀ ਉਤਪਾਦਨ 'ਤੇ ਜ਼ੋਰ ਦੇਣ ਨਾਲ ਭਾਰਤੀ ਖੇਤੀਬਾੜੀ ਖੇਤਰ 'ਚ ਲੋੜੀਂਦੀ ਦੂਜੀ ਹਰੀ ਕ੍ਰਾਂਤੀ ਪ੍ਰਦਾਨ ਕਰ ਸਕਦੀ ਹੈ।

ਖੇਤੀਬਾੜੀ ਖੇਤਰ 'ਚ ਨੈਨੋ ਤਕਨਾਲੋਜੀ ਅਤੇ ਮਸਨੂਈ ਬੁੱਧੀ ਪ੍ਰਣਾਲੀ ਦੀ ਮਹੱਤਤਾ ਪਿਛਲੇ ਕੁਝ ਸਾਲਾਂ 'ਚ ਵਧੀ ਹੈ। ਇਨ੍ਹਾਂ ਕਾਢਾਂ ਨਾਲ ਉਤਪਾਦਨ ਵਧੇਗਾ, ਨਦੀਨ ਨਾਸ਼ਕਾਂ ਦੀ ਵਰਤੋਂ ਘਟੇਗੀ। ਪਸ਼ੂਆਂ ਅਤੇ ਪੌਦਿਆਂ ਦੀ ਨਸਲ 'ਚ ਇਨ੍ਹਾਂ ਤਕਨੀਕਾਂ ਦੀ ਮਦਦ ਨਾਲ ਨਵਾਂ ਪਰਿਵਰਤਨ ਵੀ ਆਏਗਾ। ਨੈਨੋ-ਫ਼ਿਲਟਰਾਂ ਜਾਂ ਨੈਨੋ-ਰਵਿਆਂ ਦੀ ਮਦਦ ਨਾਲ ਮੌਜੂਦਾ ਪ੍ਰਦੂਸ਼ਕਾਂ 'ਤੇ ਕੰਟਰੋਲ ਕਰਕੇ ਪ੍ਰਦੂਸ਼ਣ ਦੀ ਸਮੱਸਿਆ ਵੀ ਹੱਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਨੈਨੋ-ਕਣਾਂ, ਨੈਨੋ ਬੁਰਸ਼ਾਂ, ਨੈਨੋ ਝਿੱਲੀਆਂ (ਪਤਲੀਆਂ ਨੈਨੋ ਪਰਤਾਂ) ਨਾਲ ਪਾਣੀ ਅਤੇ ਮਿੱਟੀ ਨੂੰ ਵੀ ਸਾਫ਼-ਸੁਥਰਾ ਰੱਖਿਆ ਜਾ ਸਕਦਾ ਹੈ। ਇਨ੍ਹਾਂ ਤਕਨੀਕਾਂ ਨਾਲ ਮੱਛੀ ਪਾਲਣ ਵਾਲੇ ਤਲਾਬ ਸਾਫ਼-ਸੁਥਰੇ ਰੱਖੇ ਜਾ ਸਕਦੇ ਹਨ ਅਤੇ ਪੌਦਿਆਂ/ਫ਼ਸਲਾਂ ਦੇ ਬੀਜ ਵੀ ਸੁਧਾਰੇ ਜਾ ਸਕਦੇ ਹਨ। ਪੌਦਿਆਂ/ਫ਼ਸਲਾਂ ਦੀ ਸਿਹਤ ਅਤੇ ਮਿੱਟੀ ਦੀ ਗੁਣਵੱਤਾ ਵੀ ਪਰਖੀ ਜਾ ਸਕਦੀ ਹੈ। ਭੋਜਨ ਉਦਯੋਗ, ਫ਼ਸਲ ਉਤਪਾਦਨ, ਮਿੱਟੀ ਦਾ ਸੁਧਾਰ, ਪਾਣੀ ਦਾ ਸ਼ੁੱਧੀਕਰਨ, ਪੌਦਿਆਂ ਅਤੇ ਪਸ਼ੂਆਂ ਦੀਆਂ ਨਸਲਾਂ ਵਿਚ ਨੈਨੋ-ਤਕਨੀਕਾਂ ਦੀ ਮਦਦ ਨਾਲ ਕਾਫ਼ੀ ਸੁਧਾਰ ਕੀਤਾ ਜਾ ਸਕਦਾ ਹੈ। ਨੈਨੋ ਖਾਦਾਂ ਦੀ ਮਦਦ ਨਾਲ ਮਿੱਟੀ ਦੀ ਉਤਪਾਦਨ ਸ਼ਕਤੀ ਵਧਾਈ ਜਾ ਸਕਦੀ ਹੈ। ਇਸ ਨਾਲ ਵਧੀਆ ਕਿਸਮ ਦੀਆਂ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ ਉਗਾਈਆਂ ਜਾ ਸਕਦੀਆਂ ਹਨ। ਇਸ ਹਾਲਾਤ 'ਚ ਵਾਤਾਵਰਨ ਨੂੰ ਜ਼ਹਿਰੀਲੇ ਪਦਾਰਥਾਂ ਤੋਂ ਬਚਾਉਣ ਲਈ ਨੈਨੋ ਤਕਨੀਕਾਂ ਹੀ ਸਹਾਇਕ ਹਨ। ਕਿਸਾਨਾਂ ਦੇ ਖੇਤੀ ਖਰਚੇ ਵੀ ਘੱਟ ਹੋਣਗੇ। ਵਰਜੀਨੀਆ ਤਕਨੀਕੀ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਇੱਕ ਸਮਾਰਟ ਸਪਰੇਅ ਪ੍ਰਣਾਲੀ ਵਾਲਾ ਯੰਤਰ ਬਣਾਇਆ ਹੈ, ਜਿਸ ਵਿੱਚ ਕੰਪਿਊਟਰ ਨਾਲ ਕੰਟਰੋਲ ਹੋਣ ਵਾਲੀ ਸਰਵੋ ਮੋਟਰ ਅਤੇ ਕੈਮਰਾ ਲੱਗਾ ਹੋਇਆ ਹੈ। ਇਹ ਯੰਤਰ ਸੁੱਕੇ, ਪਤਲੇ ਤੇ ਬਿਮਾਰ ਪੌਦਿਆਂ ਨੂੰ ਪਛਾਣ ਕੇ ਉਨ੍ਹਾਂ ਦੇ ਆਕਾਰ, ਬਣਤਰ ਅਤੇ ਰੰਗ-ਰੂਪ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਸਿਰਫ਼ ਉਨ੍ਹਾਂ ਨੂੰ ਹੀ ਬਿਮਾਰੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਨਿਸ਼ਾਨਾ ਬਣਾ ਕੇ ਸਪਰੇਅ ਕਰਦਾ ਹੈ। ਅਜਿਹੀ ਮਸਨੂਈ ਬੁੱਧੀ ਪ੍ਰਣਾਲੀ ਨੈਨੋ ਸੈਂਸਰਾਂ ਦੀ ਮਦਦ ਨਾਲ ਕਿਸਾਨਾਂ ਦੀ ਪ੍ਰੇਸ਼ਾਨੀ ਨੂੰ ਘੱਟ ਕਰੇਗੀ। ਪਰ ਇਸ ਸਭ ਦੇ ਨਾਲ-ਨਾਲ ਕਿਸਾਨਾਂ ਨੂੰ ਅਜਿਹੀਆਂ ਵਿਧੀਆਂ/ ਤਕਨੀਕਾਂ ਦੀ ਸਿੱਖਿਆ ਦੇਣੀ ਵੀ ਬਹੁਤ ਜ਼ਰੂਰੀ ਹੋਵੇਗੀ।




ਤਕਨੀਕੀ ਖੇਤੀਬਾੜੀ ਦਾ ਭਵਿੱਖ : ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਫ਼ਸਲਾਂ ਦੀ ਪੈਦਾਵਾਰ, ਗੁਣਵੱਤਾ ਅਤੇ ਕਿਸਾਨਾਂ ਦਾ ਮਿਹਨਤ ਅਭਿਆਸ ਪਿਛਲੇ ਸਮਿਆਂ ਨਾਲੋਂ ਕੁਝ ਵਧੇਰੇ ਕੁਸ਼ਲ ਹੋਇਆ ਹੈ। ਧਰਤੀ 'ਤੇ ਵਿਸ਼ਵਵਿਆਪੀ ਆਬਾਦੀ ਸੰਨ 2050 ਤੱਕ 9.9 ਬਿਲੀਅਨ ਤੱਕ ਹੋਰ ਵਧ ਜਾਵੇਗੀ। ਇਸ ਨਾਲ ਭੋਜਨ ਦੀ ਮੰਗ ਹੋਰ ਵੀ ਬਹੁਤ ਜ਼ਿਆਦਾ (ਤਕਰੀਬਨ 35%-56% ਤੱਕ) ਵਧ ਜਾਵੇਗੀ। ਵਾਤਾਵਰਨ ਤੇ ਜਲਵਾਯੂ ਤਬਦੀਲੀਆਂ ਨਾਲ ਕੁਦਰਤੀ ਸਰੋਤਾਂ 'ਤੇ ਵੀ ਅਸਰ ਹੋਵੇਗਾ। ਅਜਿਹੇ ਸਮੇਂ 'ਚ ਮਸਨੂਈ ਬੁੱਧੀ ਵਾਲੀਆਂ ਮਸ਼ੀਨਾਂ ਹੀ ਇੱਕ ਅਜਿਹਾ ਹੱਲ ਹੋਣਗੀਆਂ ਜੋ ਕਿ ਸਭ 'ਤੇ ਕੰਟਰੋਲ ਕਰ ਸਕਦੀਆਂ ਹਨ। ਵਿਸ਼ਵ ਪੱਧਰ 'ਤੇ ਸੰਨ 2025 ਤੱਕ ਸਮਾਰਟ ਖੇਤੀਬਾੜੀ 'ਤੇ 46 ਬਿਲੀਅਨ ਡਾਲਰ ਖਰਚ ਕੀਤੇ ਜਾਣਗੇ।

ਖੇਤੀਬਾੜੀ ਖੇਤਰ 'ਚ ਮਸਨੂਈ ਬੁੱਧੀ ਵਿਕਾਸ ਦੇ ਬਾਜ਼ਾਰ ਦਾ ਆਕਾਰ 20% ਮਿਸ਼ਰਿਤ ਸਾਲਾਨਾ ਵਿਕਾਸ ਦੀ ਦਰ ਨਾਲ ਵਧੇਗਾ। ਵਿਕਾਸ ਦਰ ਦਾ ਇਹ ਆਕਾਰ ਸੰਨ 2026 ਤੱਕ ਵਧ ਕੇ 2.5 ਬਿਲੀਅਨ ਡਾਲਰ ਤੱਕ ਪੁੱਜ ਜਾਵੇਗਾ। ਕਿਸਾਨ ਭਰਾਵਾਂ ਦੀਆਂ ਖੇਤੀ ਨਾਲ ਸੰਬੰਧਿਤ ਵੱਡੀਆਂ ਮੁਸ਼ਕਿਲਾਂ ਹੱਲ ਹੋਣਗੀਆਂ। ਮਿੱਟੀ ਅਤੇ ਫ਼ਸਲਾਂ ਦੀਆਂ ਹਾਲਤਾਂ ਦਾ ਜਾਇਜ਼ਾ ਲੈਣ ਲਈ ਨਵੀਂ ਕਿਸਮ ਦੇ ਡਰੋਨ ਵੀ ਵਰਤੇ ਜਾਣਗੇ, ਜੋ ਕਿ ਉਚਾਈ ਤੋਂ ਫ਼ਸਲਾਂ ਦੇ ਚਿੱਤਰ ਵਗੈਰਾ ਲੈ ਕੇ ਡਾਟੇ ਨੂੰ ਕੰਪਿਊਟਰ ਵਿਜ਼ਨ ਮਾਡਲਾਂ ਤੱਕ ਭੇਜ ਕੇ ਇਹ ਪਤਾ ਕਰਨਗੇ ਕਿ ਫ਼ਸਲਾਂ ਦੇ ਬੂਟਿਆਂ ਦਾ ਆਕਾਰ ਕੀ ਹੈ, ਕੀ ਕੋਈ ਬਿਮਾਰੀ ਤਾਂ ਨਹੀਂ ਲੱਗੀ, ਕੀ ਪੱਤੇ ਸੁੱਕੇ ਹੋਏ ਤਾਂ ਨਹੀਂ ਹਨ। ਇਨ੍ਹਾਂ ਜਾਣਕਾਰੀਆਂ ਦੇ ਆਧਾਰ 'ਤੇ ਫ਼ਸਲਾਂ ਦੀ ਸਿਹਤ ਦੀ ਸੰਭਾਲ ਕੀਤੀ ਜਾ ਸਕਦੀ ਹੈ। ਹੋਣ ਵਾਲੀ ਪੈਦਾਵਾਰ ਅਤੇ ਕੁੱਲ ਉਤਪਾਦਨ ਦੀ ਭਵਿੱਖਬਾਣੀ ਵੀ ਕੀਤੀ ਜਾ ਸਕਦੀ ਹੈ ਕਿ ਪ੍ਰਤੀ ਏਕੜ ਕਿੰਨਾ ਝਾੜ ਨਿਕਲੇਗਾ। ਅਜਿਹੇ ਮਸਨੂਈ ਬੁੱਧੀ ਵਾਲੇ ਮਾਡਲਾਂ ਦੀ ਸਹਾਇਤਾ ਨਾਲ ਫ਼ਸਲਾਂ ਨੂੰ ਹੋਣ ਵਾਲੇ ਸੰਭਾਵੀ ਖ਼ਤਰਿਆਂ ਸੰਬੰਧੀ ਕਿਸਾਨਾਂ ਨੂੰ ਅਗਾਊਂ ਸੂਚਨਾ ਵੀ ਦਿੱਤੀ ਜਾ ਸਕਦੀ ਹੈ ਅਤੇ ਬਚਾਅ ਦੇ ਯਤਨ ਵੀ ਕੀਤੇ ਜਾ ਸਕਦੇ ਹਨ। ਜ਼ਮੀਨ 'ਚ ਪਾਣੀ ਦੇ ਘੱਟ ਹੋ ਰਹੇ ਪੱਧਰ ਦੀ ਜਾਣਕਾਰੀ ਵੀ ਮਸਨੂਈ ਬੁੱਧੀ ਵਾਲੇ ਮਾਡਲਾਂ ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ। ਭੂਮੀ ਦੇ ਕਿਸ ਹਿੱਸੇ 'ਚ ਦੂਸ਼ਿਤ ਪਾਣੀ ਦਾ ਵਹਾਅ ਹੋ ਰਿਹਾ ਹੈ, ਫ਼ੈਕਟਰੀਆਂ ਅਤੇ ਉਦਯੋਗਿਕ ਇਕਾਈਆਂ ਵਲੋਂ ਕਿਸ ਪੱਧਰ ਦੇ ਜ਼ਹਿਰੀਲੇ ਰਸਾਇਣ ਨਦੀਆਂ, ਨਾਲਿਆਂ, ਨਹਿਰਾਂ ਵਿੱਚ ਅਤੇ ਭੂਮੀ ਦੇ ਅੰਦਰ ਟੋਏ ਪੱਟ ਕੇ ਛੱਡੇ ਜਾ ਰਹੇ ਹਨ, ਬਾਰੇ ਵੀ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ। ਪਿੰਡਾਂ, ਸ਼ਹਿਰਾਂ ਵਿਚ ਕੂੜੇ ਦੇ ਲੱਗੇ ਢੇਰ, ਫ਼ੈਕਟਰੀਆਂ ਦੇ ਪ੍ਰਦੂਸ਼ਣ, ਪਰਾਲੀ ਸਾੜਨ ਆਦਿ ਦਾ ਵਾਤਾਵਰਨ 'ਤੇ ਕੀ ਪ੍ਰਭਾਵ ਪੈ ਰਿਹਾ ਹੈ, ਬਾਰੇ ਵੀ ਬਹੁਤ ਕੁਝ ਨਵਾਂ ਪਤਾ ਲਗਾਇਆ ਜਾ ਸਕਦਾ ਹੈ। ਇਨ੍ਹਾਂ ਤੋਂ ਵਾਤਾਵਰਨ ਨੂੰ ਕਿਵੇਂ ਬਚਾਉਣਾ ਹੈ, ਰਾਜ ਸਰਕਾਰਾਂ ਇਸ ਬਾਰੇ ਪਾਇਲਟ ਪ੍ਰਾਜੈਕਟ ਵੀ ਸ਼ੁਰੂ ਕਰ ਸਕਦੀਆਂ ਹਨ। ਪਰਾਲੀ ਨੂੰ ਅੱਗ ਲਗਾਉਣ ਦੀ ਸਮੱਸਿਆ ਤੋਂ ਛੁਟਕਾਰਾ ਵੀ ਮਿਲ ਜਾਵੇਗਾ। ਪਰਾਲੀ ਨੂੰ ਵਧੀਆ ਕਿਸਮ ਦੇ ਕਾਗਜ਼ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਕੂੜੇ 'ਚੋਂ ਪਲਾਸਟਿਕ ਨੂੰ ਬਾਹਰ ਕੱਢ ਕੇ, ਸੁਕਾ ਕੇ ਅਤੇ ਪਿਘਲਾ ਕੇ ਰਸਾਇਣਿਕ ਕਿਰਿਆਵਾਂ ਦੀ ਮਦਦ ਨਾਲ ਸੜਕਾਂ ਦੇ ਨਿਰਮਾਣ ਵਿੱਚ ਵੀ ਵਰਤਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮਸਨੂਈ ਬੁੱਧੀ ਵਾਲੇ ਵਿਕਸਿਤ ਮਾਡਲ ਫ਼ਲਾਂ ਤੇ ਸਬਜ਼ੀਆਂ ਨੂੰ ਖਰਾਬ ਕਰਨ ਵਾਲੇ ਨਦੀਨਾਂ, ਮੱਖੀਆਂ, ਮੱਛਰਾਂ ਤੇ ਹੋਰ ਕੀਟ ਪਤੰਗਿਆਂ ਦੀ ਪਹਿਚਾਣ 95% ਤੱਕ ਸਹੀ ਕਰ ਪਾਉਣਗੇ। ਮਿੱਟੀ ਦੀ ਪਰਖ ਕਰਨ ਉਪਰੰਤ ਇਹ ਮਾਡਲ ਇਹ ਵੀ ਦੱਸੇਗਾ ਕਿ ਕਿਹੜੀ ਮਿੱਟੀ ਵਿੱਚ ਕਿਹੜੀ ਫ਼ਸਲ ਬੀਜਣੀ ਲਾਭਦਾਇਕ ਰਹੇਗੀ ਅਤੇ ਉਸ ਦੀ ਕਿੰਨੀ ਪੈਦਾਵਾਰ ਹੋਵੇਗੀ। ਕਿਸਾਨਾਂ ਦੇ ਖੇਤੀਬਾੜੀ ਵਿਭਾਗ ਦੇ ਦਫ਼ਤਰਾਂ ਦੇ ਫ਼ੇਰੇ ਵੀ ਘੱਟ ਲਗਣਗੇ। ਦੇਖਣ 'ਚ ਆਇਆ ਹੈ ਕਿ ਉਨ੍ਹਾਂ ਦਾ ਆਮ ਕਿਸਾਨਾਂ ਨਾਲ ਰਾਬਤਾ ਵੀ ਘੱਟ ਹੋ ਰਿਹਾ ਹੈ। ਮਸਨੂਈ ਬੁੱਧੀ ਖੇਤਰ 'ਚ ਕਿਸਾਨਾਂ ਨੂੰ ਵੀ ਬਹੁਤ ਕੁਸ਼ਲ ਹੋਣਾ ਪਵੇਗਾ। ਕਿਸਾਨ ਹੀ ਮਸਨੂਈ ਬੁੱਧੀ ਇੰਜੀਨੀਅਰ ਬਣਨਗੇ।

ਕੁਝ ਜ਼ਰੂਰੀ ਕਾਰਕ : ਸਾਡੇ ਜਲਵਾਯੂ, ਵਾਤਾਵਰਨ ਅਤੇ ਆਲਮੀ ਪੱਧਰ 'ਤੇ ਭੋਜਨ ਅਤੇ ਖਾਧ ਪਦਾਰਥਾਂ ਦੀਆਂ ਜ਼ਰੂਰਤਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਨਾਲ-ਨਾਲ ਮਸਨੂਈ ਬੁੱਧੀ ਅਤੇ ਨੈਨੋ ਤਕਨਾਲੋਜੀ ਹੇਠ ਲਿਖੇ ਕਾਰਕਾਂ ਰਾਹੀਂ 21ਵੀਂ ਸਦੀ ਦੀ ਰਿਵਾਇਤੀ ਖੇਤੀ ਨੂੰ ਆਧੁਨਿਕ ਖੇਤੀ ਵਿੱਚ ਬਦਲਣ ਦੀ ਸਮਰੱਥਾ ਰੱਖਦੀ ਹੈ। ਸਮੇਂ, ਮਿਹਨਤ ਅਤੇ ਕੁਦਰਤੀ ਸਰੋਤਾਂ ਦੀ ਕੁਸ਼ਲਤਾ ਨੂੰ ਵਧਾਉਣਾ ਅਤੇ ਵਾਤਾਵਰਨ ਸਥਿਰਤਾ 'ਚ ਸੁਧਾਰ ਲਿਆਉਣਾ ਬੇਹੱਦ ਜ਼ਰੂਰੀ ਹੈ।

ਸਰੋਤਾਂ ਦੇ ਵਰਗੀਕਰਨ ਨੂੰ 'ਚੁਸਤ' ਬਣਾਉਣਾ ਅਤੇ ਉਤਪਾਦਾਂ/ਬੀਜਾਂ ਦੀ ਚੰਗੀ ਸਿਹਤ ਅਤੇ ਗੁਣਵੱਤਾ ਨੂੰ ਉਤਸ਼ਾਹਿਤ ਕਰਨਾ, ਅਸਲ ਸਮੇਂ ਦੀ ਨਿਗਰਾਨੀ ਪ੍ਰਦਾਨ ਕਰਨਾ ਆਦਿ ਕੰਮਾਂ ਲਈ ਨਵੀਂ ਤਕਨੀਕ ਅਹਿਮ ਰੋਲ ਅਦਾ ਕਰ ਸਕਦੀ ਹੈ। ਬੇਸ਼ੱਕ, ਖੇਤੀਬਾੜੀ ਤੇ ਉਦਯੋਗਿਕ ਢਾਂਚੇ ਵਿੱਚ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਪਵੇਗੀ ਪਰ ਕਿਸਾਨ ਭਰਾਵਾਂ ਨੂੰ ਆਪਣੇ ਖੇਤੀ ਗਿਆਨ ਨੂੰ ਮਸਨੂਈ ਬੁੱਧੀ ਸਿਖਲਾਈ ਅਨੁਸਾਰ ਢਾਲਣ ਦੀ ਵੀ ਜ਼ਰੂਰਤ ਹੋਵੇਗੀ। ਇਹ ਸਭ ਕੁਝ ਖੇਤੀਬਾੜੀ ਖੇਤਰ ਦੇ ਅੰਦਰ ਤਕਨੀਕੀ ਅਤੇ ਵਿੱਦਿਅਕ ਨਿਵੇਸ਼ਾਂ 'ਤੇ ਹੀ ਨਿਰਭਰ ਕਰੇਗਾ। ਰਾਜਾਂ ਦੀਆਂ ਸਰਕਾਰਾਂ ਇਸ 'ਚ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ।

**-ਇੰਜੀਨੀਅਰਿੰਗ ਅਤੇ ਤਕਨਾਲੋਜੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਗੁਰਦਾਸਪੁਰ।**

# ਪਿੰਡਾਂ ਦਾ ਕਾਇਆਕਲਪ ਸਮੇਂ ਦੀ ਲੋੜ

## ਪੰਜਾਬ ’ਚ ਖੇਤੀ ਆਧਾਰਿਤ ਉਦਯੋਗ ਸਥਾਪਤ ਕਰਨੇ ਜ਼ਰੂਰੀ

ਗੁਰਵੀਰ ਸਿੰਘ ਸਰੌਂਦ



ਖੇਤੀਬਾੜੀ ਮਸਲਿਆਂ ’ਤੇ ਹਮੇਸ਼ਾ ਹੀ ਸਰਕਾਰ ਤੇ ਕਿਸਾਨਾਂ ਵਿਚਕਾਰ ਟਕਰਾਅ ਦੀ ਸਥਿਤੀ ਬਣੀ ਰਹਿੰਦੀ ਹੈ। ਜੇਕਰ ਕਿਸਾਨੀ ਲੀਡਰਸ਼ਿਪ ਸਰਕਾਰ ਦਾ ਹਿੱਸਾ ਹੋਵੇਗੀ ਤਾਂ ਸੁਭਾਵਿਕ ਹੈ ਕਿ ਅਨੇਕਾਂ ਹੀ ਮਸਲੇ ਆਪਣੇ-ਆਪ ਹੱਲ ਹੋ ਜਾਣਗੇ। ਨੈਸ਼ਨਲ ਗਰੀਨ ਟ੍ਰਿਬਿਊਨਲ ਸੰਸਥਾ ਦਿੱਲੀ ਨੇ 10 ਦਸੰਬਰ 2015 ਨੂੰ ਪੰਜਾਬ ਸਮੇਤ ਕੌਮੀ ਰਾਜਧਾਨੀ ਖੇਤਰ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ (ਪਰਾਲੀ) ਨੂੰ ਅੱਗ ਲਗਾਉਣ ’ਤੇ ਪਾਬੰਦੀ ਲਗਾਈ ਹੋਈ ਹੈ।

ਬੇਸ਼ੱਕ ਸਰਕਾਰਾਂ ਨੇ ਪਰਾਲੀ ਦੇ ਮਸਲੇ ਨੂੰ ਹੱਲ ਕਰਨ ਲਈ ਤਕਨੀਕੀ ਮਸ਼ੀਨਰੀ ’ਤੇ ਖ਼ਾਸ ਸਬਸਿਡੀਆਂ ਮੁਹੱਈਆ ਕਰਵਾਈਆਂ ਹਨ ਪਰ ਇਹ ਯਤਨ ਪਰਾਲੀ ਦੇ ਮਸਲੇ ਨੂੰ ਸਥਾਈ ਹੱਲ ਨਾ ਪ੍ਰਦਾਨ ਕਰ ਸਕੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੀ ਗਈ ਖੋਜ ਮੁਤਾਬਕ ਸੂਬੇ ਵਿੱਚ ਪਾਣੀ ਦਾ ਪੱਧਰ ਹਰ ਸਾਲ 1 ਤੋਂ 3 ਮੀਟਰ ਡੂੰਘਾ ਹੁੰਦਾ ਜਾ ਰਿਹਾ ਹੈ। ਸੂਬੇ ਦੇ 148 ਬਲਾਕਾਂ ਵਿੱਚੋਂ 118 ਡਾਰਕ ਜ਼ੋਨ ਵਿਚ ਚਲੇ ਗਏ ਹਨ।

ਦਰਿਆਈ ਪਾਣੀਆਂ ਦੀ ਵੰਡ ਵਿੱਚ ਰਾਸ਼ਟਰੀ ਪਾਰਟੀਆਂ ਨੇ ਵੋਟ ਬੈਂਕ ਨੂੰ ਦੂਜੇ ਰਾਜਾਂ ਵਿੱਚ ਸੁਰੱਖਿਅਤ ਕਰਨ ਹਿੱਤ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਹੈ। ਸਿੰਚਾਈ ਤੇ ਨਿੱਜੀ ਲੋੜਾਂ ਲਈ 72 ਫ਼ੀਸਦੀ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ ਅਤੇ 28 ਫ਼ੀਸਦੀ ਨਹਿਰੀ ਸਰੋਤਾਂ ਤੋਂ ਪ੍ਰਾਪਤ ਹੋ ਰਿਹਾ ਹੈ। ਨੈਸ਼ਨਲ ਬੈਂਕ ਆਫ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਰਿਪੋਰਟ ਅਨੁਸਾਰ ਪੰਜਾਬ ਦੇ 21.4 ਲੱਖ ਬੈਂਕ ਖਾਤਿਆਂ ’ਤੇ 71350 ਕਰੋੜ ਰੁਪਏ ਦਾ ਖੇਤੀਬਾੜੀ ਕਰਜ਼ਾ ਹੈ। ਇਸ ਤੋਂ ਇਲਾਵਾ ਨਿੱਜੀ ਜ਼ਰੂਰਤਾਂ ਲਈ ਤੇ ਆੜ੍ਹਤੀਆਂ ਤੋਂ ਲਿਆ ਗਿਆ ਕਰਜ਼ਾ ਵੱਖਰਾ ਹੈ।

ਇਹ ਕਰਜ਼ਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਇੰਨਾ ਖੇਤੀਬਾੜੀ ਕਰਜ਼ਾ ਵਧਣ ਦਾ ਮੁੱਖ ਕਾਰਨ ਰਾਜਨੀਤਕ ਪਾਰਟੀਆਂ ਵੱਲੋਂ ਜਿੱਤਾਂ ਹਾਸਲ ਕਰਨ ਲਈ ਕਰਜ਼ਾ ਛੋਟਾਂ ਦੇਣਾ ਸੀ। ਇਹ ਕਰਜ਼ਾ ਅੱਜ ਖ਼ੁਦਕੁਸ਼ੀਆਂ ਦਾ ਵੀ ਕਾਰਨ ਬਣ ਰਿਹਾ ਹੈ। ਬੇਸ਼ੱਕ ਪੰਜਾਬ ਤੇ ਹਰਿਆਣਾ ਵਿੱਚ ਹੀ ਮੰਡੀ ਬੋਰਡ ਸਥਾਪਤ ਹੈ ਜੋ ਪੱਕੀਆਂ ਫ਼ਸਲਾਂ ਦੀ ਖ਼ਰੀਦ ਲਈ ਘੱਟੋ-ਘੱਟ ਸਮਰਥਨ ਮੁੱਲ ’ਤੇ ਖ਼ਰੀਦਦਾਰੀ ਕਰਦਾ ਹੈ। ਕੱਚੀਆਂ ਫ਼ਸਲਾਂ, ਸਬਜ਼ੀਆਂ ਦੇ ਵਾਜਿਬ ਭਾਅ ਅਤੇ ਸਾਂਭ-ਸੰਭਾਲ ਹਮੇਸ਼ਾ ਕਿਸਾਨੀ ਲਈ ਗਲੇ ਦੀ ਹੱਡੀ ਬਣੀ ਰਹੀ ਹੈ। ਇਸ ਲਈ ਖੇਤੀ ਵਿਭਿੰਨਤਾ ਦਾ ਮਾਡਲ ਸਥਾਪਤ ਨਹੀਂ ਹੋ ਸਕਿਆ। ਸੂਬੇ ਵਿੱਚ ਖੇਤੀ ਆਧਾਰਤ ਉਦਯੋਗ ਸਥਾਪਤ ਹੋਣ ਤਾਂ ਫਲਾਂ-ਸਬਜ਼ੀਆਂ ਦੀ ਖਪਤ ਫੂਡ ਪ੍ਰੋਸੈਸਿੰਗ ਉਦਯੋਗ ਵਿੱਚ ਹੋ ਜਾਵੇਗੀ। ਦੂਸਰਾ, ਉਦਯੋਗ ਸਥਾਪਿਤ ਹੋਣ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਸਹਿਕਾਰੀ ਸਭਾਵਾਂ ਦੀ ਸਥਾਪਨਾ 1904 ਵਿੱਚ ਹੋਈ ਸੀ ਜਿਨ੍ਹਾਂ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਕਰਜ਼ਾ ਦੇਣਾ ਸੀ। ਕਿਸਾਨਾਂ ਤੇ ਸਭਾਵਾਂ ਦੀ ਆਪਸੀ ਭਰੋਸੇਯੋਗਤਾ ਨੂੰ ਦੇਖਦਿਆਂ ਸਭਾਵਾਂ ਦਾ ਖੇਤਰ ਕਰਜ਼ਾ ਦੇਣ ਤੱਕ ਸੀਮਤ ਨਾ ਰਹਿੰਦਿਆਂ ਖਾਦ, ਬੀਜ, ਰੋਜ਼ਮੱਰਾ ਦੀਆਂ ਲੋੜਾਂ ਲਈ ਘਰਾਂ ਵਿੱਚ ਵਰਤੋਂ ਵਿੱਚ ਆਉਣ ਵਾਲੇ ਡੱਬਾਬੰਦ ਖੁਰਾਕੀ ਪਦਾਰਥਾਂ ਨੂੰ ਮੁਹੱਈਆ ਕਰਵਾਉਣਾ ਸ਼ੁਰੂ ਕਰ ਦਿੱਤਾ ਪਰ ਪੰਜਾਬ ਵਿੱਚ ਸਹਿਕਾਰੀ ਸਭਾਵਾਂ ਦੀ ਵਰਤਮਾਨ ਸਥਿਤੀ ਡਾਵਾਂਡੋਲ ਹੈ ਤੇ 19166 ਸਹਿਕਾਰੀ ਸਭਾਵਾਂ ਵਿੱਚੋਂ 56 ਫ਼ੀਸਦੀ ਤਾਂ ਮੁਨਾਫ਼ੇ ’ਚ ਚੱਲ ਰਹੀਆਂ ਹਨ ਤੇ 38.6% ਘਾਟੇ ਵਿੱਚ।

ਰਾਜਨੀਤਕ ਦਖ਼ਲਅੰਦਾਜ਼ੀ ਕਾਰਨ ਸੀਮਾਂਤ ਕਿਸਾਨ ਮਿਲਣ ਵਾਲੀਆਂ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਨੂੰ ਮਜਬੂਰਨ ਬਾਜ਼ਾਰਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਿਛਲੇ ਸਾਲਾਂ ਦੌਰਾਨ ਕਾਰਪੋਰੇਟ ਘਰਾਣਿਆਂ ਵੱਲੋਂ ਫ਼ਸਲਾਂ ਦੀ ਸਾਂਭ-ਸੰਭਾਲ ਲਈ ਵੱਡੇ ਸੈਲੋ ਗੁਦਾਮ ਸਥਾਪਿਤ ਕੀਤੇ ਗਏ ਜਿਨ੍ਹਾਂ ਦਾ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ। ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ ਲਈ ਐਕਵਾਇਰ ਕੀਤੀਆਂ ਜ਼ਮੀਨਾਂ ਦੀ ਮਾਲਕੀ ਦੇ ਸਾਂਝੇ ਖਾਤੇ ਹੋਣ ਕਾਰਨ ਅਨੇਕਾਂ ਹੀ ਪਰਿਵਾਰਾਂ ਦੇ ਆਪਸੀ ਟਕਰਾਅ ਦੀ ਸਥਿਤੀ ਵੀ ਸਾਹਮਣੇ ਆਈ ਹੈ। ਸਰਕਾਰ ਇਸ ਮਸਲੇ ਦਾ ਸਥਾਈ ਹੱਲ ਕੱਢਣ ’ਚ ਅਸਮਰੱਥ ਰਹੀ ਹੈ। ਇਸ ਤੋਂ ਇਲਾਵਾ ਸੂਬੇ ਨੂੰ ਅਜਿਹੀਆਂ ਖੇਤਰੀ ਰਾਜਨੀਤਕ ਧਿਰਾਂ ਦੀ ਲੋੜ ਹੈ ਜੋ ਸੂਬੇ ਦੇ ਅਧਿਕਾਰਾਂ, ਖੇਤਰੀ ਭਾਸ਼ਾਵਾਂ, ਭੂਗੋਲਿਕ ਖੇਤਰ ਦੀ ਰਖਵਾਲੀ, ਖੁੱਸਦੀ ਜਾ ਰਹੀ ਰਾਜਧਾਨੀ ਚੰਡੀਗੜ੍ਹ, ਬਾਹਰੀ ਸੂਬਿਆਂ ਤੋਂ ਆਏ ਲੋਕਾਂ ਨੂੰ ਜ਼ਮੀਨ ਖ਼ਰੀਦਣ ਦੀ ਮਨਾਹੀ ਅਤੇ ਸਰਕਾਰੀ ਨੌਕਰੀਆਂ ਪ੍ਰਾਪਤੀ ਲਈ ਸਖ਼ਤ ਕਾਨੂੰਨ ਬਣਾਉਣ ਵਰਗੇ ਮੁੱਦਿਆਂ ’ਤੇ ਨਿਰਪੱਖਤਾ ਨਾਲ ਪਹਿਰਾ ਦੇ ਸਕਣ।

ਰਾਸ਼ਟਰੀ ਪਾਰਟੀਆਂ ਕਦੇ ਵੀ ਇਨ੍ਹਾਂ ਮੁੱਦਿਆਂ ’ਤੇ ਨਿਰਪੱਖਤਾ ਨਾਲ ਫ਼ੈਸਲੇ ਨਹੀਂ ਲੈ ਸਕਦੀਆਂ ਕਿਉਂਕਿ ਉਹ ਨਾਲ ਲੱਗਦੇ ਦੂਜੇ ਸੂਬਿਆਂ ਦੇ ਵੋਟ ਬੈਂਕ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀਆਂ। ਸਿਰਫ਼ ਖੇਤਰੀ ਪਾਰਟੀਆਂ ਹੀ ਆਪਣੇ ਸੂਬੇ ਦੇ ਹਿੱਤਾਂ ਲਈ ਅਹਿਮ ਫ਼ੈਸਲੇ ਲੈ ਸਕਦੀਆਂ ਹਨ। ਵੈਸੇ ਵੀ ਸੂਬੇ ਦੀ ਬਹੁਗਿਣਤੀ ਵਸੋਂ ਰੋਜ਼ਾਨਾ ਦੇ ਧਰਨੇ-ਪ੍ਰਦਰਸ਼ਨਾਂ ਤੋਂ ਖ਼ਫ਼ਾ ਹੋ ਚੁੱਕੀ ਹੈ ਕਿਉਂਕਿ ਇਸ ਨਾਲ ਸਰਕਾਰ ਨਾਲੋਂ ਆਮ ਜਨਜੀਵਨ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ ਤੇ ਲੋਕਾਂ ਦੀ ਜਥੇਬੰਦੀਆਂ ਪ੍ਰਤੀ ਹਮਦਰਦੀ ਵੀ ਘਟਦੀ ਜਾ ਰਹੀ ਹੈ।

ਉਪਰੋਕਤ ਸਮੱਸਿਆਵਾਂ ’ਤੇ ਚਰਚਾ ਤੋਂ ਬਾਅਦ ਇੱਕ ਸਵਾਲ ਸਾਹਮਣੇ ਆਉਂਦਾ ਹੈ ਕਿ ਇਹ ਸਭ ਸੰਭਵ ਕਿਵੇਂ ਹੋ ਸਕਦਾ ਹੈ? ਕਿਉਂਕਿ ਸੂਬੇ ਦੇ ਵੋਟਰਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ’ਚ ਸੰਯੁਕਤ ਸਮਾਜ ਮੋਰਚੇ ਨੂੰ ਖ਼ਾਸ ਤਵੱਜੋ ਨਹੀਂ ਦਿੱਤੀ। ਪਿੰਡ ਪੱਧਰ ’ਤੇ ਲੋਕ ਵੀ ਕਿਸੇ ਨਾ ਕਿਸੇ ਪਾਰਟੀ ਨਾਲ ਸਬੰਧਤ ਹਨ। ਸੂਬੇ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਦੀ ਆਪਸੀ ਸਹਿਮਤੀ ਵੀ ਨਹੀਂ ਬਣਦੀ। ਸੋ, ਸਮੂਹ ਜਥੇਬੰਦੀਆਂ ਨੂੰ ਨਿੱਜੀ ਲਾਲਸਾਵਾਂ ਤੇ ਵਿਚਾਰਕ ਮਤਭੇਦ ਛੱਡਦਿਆਂ ਸੂਬੇ ਦੇ ਹਿੱਤਾਂ ਲਈ ਸਾਂਝੇ ਕਿਸਾਨ ਰਾਜਨੀਤਕ ਮੰਚ ਪਿੰਡ ਪੱਧਰ ’ਤੇ ਸੰਗਠਿਤ ਤਰੀਕੇ ਨਾਲ ਮੁੜ ਸਥਾਪਤ ਕੀਤੇ ਜਾਣੇ ਚਾਹੀਦੇ ਹਨ। ਲੋਕਾਂ ਦੇ ਛੋਟੇ-ਵੱਡੇ ਨਿੱਜੀ ਝਗੜਿਆਂ ਨੂੰ ਪਿੰਡਾਂ ਵਿੱਚ ਹੀ ਖ਼ਤਮ ਕੀਤਾ ਜਾਵੇ।

ਖੇਤੀ ਸੰਦਾਂ ਨੂੰ ਸਾਂਝੇ ਤੌਰ ’ਤੇ ਖ਼ਰੀਦਣ ਦੀ ਰਵਾਇਤ ਸ਼ੁਰੂ ਕੀਤੀ ਜਾਵੇ ਜਿਸ ਨਾਲ ਆਪਸੀ ਭਾਈਚਾਰਕ ਸਾਂਝ ਪੈਦਾ ਹੋਣ ਦੇ ਨਾਲ-ਨਾਲ ਆਰਥਿਕ ਹੁਲਾਰਾ ਵੀ ਮਿਲੇਗਾ। ਰਾਜਨੀਤਕ ਸ਼ੁਰੂਆਤ ਆਉਣ ਵਾਲੀਆਂ ਪੰਚਾਇਤੀ ਚੋਣਾਂ ਤੋਂ ਕੀਤੀ ਜਾਵੇ। ਬਲਾਕ ਪੱਧਰ, ਵਿਧਾਨ ਸਭਾ ਤੇ ਲੋਕ ਸਭਾ ਹਲਕਿਆਂ ਤੱਕ ਲੀਡਰਸ਼ਿਪ ਕਾਇਮ ਕੀਤੀ ਜਾਵੇ ਤਾਂ ਜੋ ਭਵਿੱਖੀ ਰਾਜਨੀਤਕ ਲੀਡਰਸ਼ਿਪ ਦੀ ਹੋਂਦ ਸਥਾਪਤ ਹੋ ਸਕੇ।



# ਸਿਹਤ ਲਈ ਬੇਹੱਦ ਹਾਨੀਕਾਰਕ ਹਨ ਪ੍ਰੋਸੈਸਡ ਖਾਣ ਪੀਣ ਤੇ ਆਰਟੀਫ਼ੀਸ਼ਲ ਮਿੱਠਾ



ਡਾ. ਅਮਨਪ੍ਰੀਤ ਸਿੰਘ ਬਰਾੜ





ਜਿਉਂ-ਜਿਉਂ ਇਨਸਾਨ ਤਰੱਕੀ ਕਰਦਾ ਹੈ, ਉਸ ਦਾ ਰਹਿਣ-ਸਹਿਣ ਬਦਲ ਜਾਂਦਾ ਹੈ। ਅੱਜ ਇੱਕ ਨਵੀਂ ਸਮੱਸਿਆ, ਜੋ ਸਾਡੇ ਬਦਲਦੇ ਰਹਿਣ-ਸਹਿਣ ਨਾਲ ਆਈ ਹੈ, ਉਹ ਹੈ ਬਾਹਰ ਦੇ ਖਾਣੇ ਦੀ ਵਧਦੀ ਵਰਤੋਂ। ਇਸ ਵੇਲੇ ਮੈਂ ਗੱਲ ਕਰਦਾ ਹਾਂ ਪ੍ਰੋਸੈਸਡ ਫ਼ੂਡ ਦੀ, ਜਿਸ 'ਚ ਬੇਕਰੀ, ਜੰਕ ਫ਼ੂਡ, ਸੈਮੀ ਕੂਕਡ ਫ਼ੂਡ (ਅੱਧ ਪੱਕਿਆ ਖਾਣਾ), ਰੈਡੀ ਟੂ ਈਟ ਫ਼ੂਡ (ਪੱਕਿਆ ਪਕਾਇਆ) ਇਹ ਆਉਂਦੇ ਹਨ। ਕਹਿਣ ਦਾ ਭਾਵ ਕਿ ਜੂਸ ਤੋਂ ਲੈ ਕੇ ਸਟੋਰ 'ਤੇ ਪਈ ਬਰੈੱਡ ਤੱਕ ਇਨ੍ਹਾਂ ਨੂੰ ਖਾਣ ਨਾਲ ਸਾਡੀ ਸਿਹਤ ਉੱਤੇ ਕਈ ਤਰ੍ਹਾਂ ਦੇ ਮਾੜੇ ਅਸਰ ਪੈਂਦੇ ਹਨ, ਜਿਨ੍ਹਾਂ 'ਚ ਪ੍ਰਮੁੱਖ ਹਨ ਕੈਂਸਰ, ਮੋਟਾਪਾ, ਸ਼ੂਗਰ ਅਤੇ ਦਿਲ ਦੀ ਬਿਮਾਰੀ, ਜਿਸ ਕਰਕੇ ਛੋਟੀ ਉਮਰ 'ਚ ਹੀ ਮੌਤ ਹੋ ਜਾਂਦੀ ਹੈ। ਪਿਛਲੇ ਸਾਲ ਦੋ ਪ੍ਰਮੁੱਖ ਖੋਜਾਂ ਹੋਈਆਂ ਹਨ, ਇਕ ਅਮਰੀਕਾ 'ਚ ਅਤੇ ਦੂਜੀ ਇਟਲੀ 'ਚ। ਅਮਰੀਕਨ ਕੈਂਸਰ ਸੁਸਾਇਟੀ ਦੀ ਖੋਜ 31 ਅਗਸਤ, 2022 ਨੂੰ ਬ੍ਰਿਟਿਸ਼ ਮੈਡੀਕਲ ਜਰਨਲ 'ਚ ਛਪੀ ਹੈ, ਜਿਸ ਮੁਤਾਬਕ ਅਲਟਰਾ ਪ੍ਰੋਸੈਸਡ ਖਾਣਾ, ਜਿਵੇਂ ਹਾਟ-ਡਾਗ, ਬਰਗਰ, ਪੀਜ਼ਾ, ਚਿਪਸ ਆਦਿ ਆਦਮੀਆਂ ਵਿੱਚ ਕੋਲਨ ਅਤੇ ਰੈਕਟਲ ਕੈਂਸਰ ਦਾ ਜੋਖ਼ਮ ਵਧਾ ਦਿੰਦੇ ਹਨ। ਇਨ੍ਹਾਂ ਕਰਕੇ ਦੋਵਾਂ ਆਦਮੀਆਂ ਅਤੇ ਔਰਤਾਂ 'ਚ ਦਿਲ ਦੇ ਰੋਗ ਵਧਣ ਕਰਕੇ ਛੇਤੀ ਮੌਤ ਹੋ ਜਾਂਦੀ ਹੈ। ਇਸ 'ਚ ਇਟਲੀ ਦੀ ਟੀਮ ਨੇ ਲੱਭਿਆ ਕਿ ਫ਼ੂਡ ਪ੍ਰੋਸੈਸਿੰਗ ਨਾਲ ਖਾਣੇ ਦੀ ਪੌਸ਼ਟਿਕਤਾ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਮੌਤ ਦਰ ਵਧਦੀ ਹੈ। ਇਹ ਖੋਜ ਉਨ੍ਹਾਂ ਨੇ 22000 ਮਨੁੱਖਾਂ 'ਤੇ ਕੀਤੀ ਹੈ। ਕੁੱਲ ਮਿਲਾ ਕਿ ਇਹ ਕਿਹਾ ਕਿ ਪ੍ਰੋਸੈਸਡ ਫ਼ੂਡ ਨੂੰ ਲਗਾਤਾਰ ਖਾ ਕੇ ਕੋਲੇਟਰਲ ਕੈਂਸਰ ਹੋਣ ਦਾ ਖ਼ਤਰਾ 29 ਫ਼ੀਸਦੀ ਵੱਧ ਜਾਂਦਾ ਹੈ। ਇਸੇ ਤਰ੍ਹਾਂ ਦੀਆਂ ਅਨੇਕਾਂ ਰਿਪੋਰਟਾਂ ਤੁਹਾਨੂੰ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਤੋਂ ਮਿਲ ਜਾਂਦੀਆਂ ਹਨ, ਜੋ ਪ੍ਰੋਸੈਸਡ ਫ਼ੂਡ ਨੂੰ ਖ਼ਤਰੇ ਦੀ ਘੰਟੀ ਦੱਸਦੀਆਂ ਹਨ।

ਪ੍ਰੀਜ਼ਰਵੇਟਿਵ:- ਡੱਬਾ ਬੰਦ ਖਾਣ ਵਾਲੀਆਂ ਚੀਜ਼ਾਂ ਨੂੰ ਜ਼ਿਆਦਾ ਸਮੇਂ ਤੱਕ ਖਰਾਬ ਹੋਣ ਤੋਂ ਬਚਾਉਣ ਲਈ ਉਨ੍ਹਾਂ 'ਚ ਅਲੱਗ-ਅਲੱਗ ਤਰ੍ਹਾਂ ਦੇ ਪ੍ਰੀਜ਼ਰਵੇਟਿਵ (ਇੱਕ ਤਰ੍ਹਾਂ ਦੇ ਰਸਾਇਣ) ਪਾਏ ਜਾਂਦੇ ਹਨ। ਅੱਡ-ਅੱਡ ਪਦਾਰਥਾਂ 'ਚ ਅਲੱਗ-ਅਲੱਗ 'ਪ੍ਰੀਜ਼ਰਵੇਟਿਵ' ਪੈਂਦੇ ਹਨ। ਕੁਝ ਤਾਂ ਸਾਧਾਰਨ ਹੀ ਹਨ, ਜਿਸ ਤਰ੍ਹਾਂ ਨਮਕ, ਆਰਟੀਫ਼ੀਸ਼ਲ ਖੰਡ ਦੀ ਮਾਤਰਾ ਵਧਾ ਕਿ ਪਾਉਣਾ। ਨਮਕ ਨਾਲ ਸੋਡੀਅਮ ਪੋਟਾਸ਼ੀਅਮ ਵੱਧ ਗਿਆ, ਇਸ ਤੋਂ ਅੱਗੇ ਬ੍ਰੈਡ ਦੇ ਨਾਲ-ਨਾਲ ਜੋ ਚੀਜ਼ 'ਚ ਲਗਾਈ ਜਾਂਦੀ ਹੈ, ਉਸ ਦਾ ਸੋਡੀਅਮ ਵੀ ਨਾਲ ਜਮ੍ਹਾਂ ਹੋ ਜਾਂਦਾ ਹੈ। ਭਾਵ ਨਮਕ ਦੀ ਦੂਹਰੀ ਮਾਰ, ਜੋ ਕਿ ਬੀ.ਪੀ. ਅਤੇ ਦਿਲ ਵਾਸਤੇ ਠੀਕ ਨਹੀਂ। ਇਸੇ ਤਰ੍ਹਾਂ ਵਧੇ ਮਿੱਠੇ ਨਾਲ 'ਡਾਈਬਟੀਜ਼' (ਜਿਸ ਨੂੰ ਸ਼ੂਗਰ ਦੀ ਬਿਮਾਰੀ ਵੀ ਕਿਹਾ ਜਾਂਦਾ ਹੈ) ਹੋਣ ਦਾ ਖ਼ਤਰਾ ਹੈ। ਲਗਾਤਾਰ ਕਾਰਬੋਨੇਟਿਡ ਠੰਢੇ ਪੀਣ ਨਾਲ ਕੈਂਸਰ ਤੇ ਟਿਊਮਰ ਹੋਣ ਦਾ ਵੀ ਖ਼ਤਰਾ ਬਣ ਜਾਂਦਾ ਹੈ।

ਬੇਕਰੀ:- ਬੇਕਰੀ ਵਿੱਚ ਬ੍ਰੈੱਡ, ਬਰਗਰ, ਪੀਜ਼ਾ, ਕੁਲਚੇ, ਹਾਟ-ਡਾਗ ਆਦਿ ਤੋਂ ਇਲਾਵਾ ਬਿਸਕੁੱਟ, ਨਮਕੀਨ, ਚਿਪਸ, ਚਾਕਲੇਟ ਆਉਂਦੇ ਹਨ। ਇਨ੍ਹਾਂ 'ਚ ਅੱਡ-ਅੱਡ ਤਰ੍ਹਾਂ ਦੇ ਪ੍ਰੀਜ਼ਰਵੇਟਿਵ ਦੇ ਨਾਲ-ਨਾਲ ਹੋਰ ਇਮਲਸੀਫ਼ਾਈਅਰ ਸਟੇਬਲਾਈਜ਼ਰ, ਆਰਟੀਫ਼ੀਸ਼ਲ ਫ਼ਲੇਵਰ (ਨਕਲੀ ਸੁਗੰਧ ਅਤੇ ਸਵਾਦ) ਵਰਗੇ ਪਦਾਰਥ ਆ ਜਾਂਦੇ ਹਨ। ਇਨ੍ਹਾਂ ਦੀ ਗੱਲ ਕਰਨੀ ਜ਼ਿਆਦਾ ਜ਼ਰੂਰੀ ਹੈ, ਕਿਉਂਕਿ ਇਹ ਸ਼ਹਿਰ ਹੋਵੇ ਜਾਂ ਪਿੰਡ ਹਰ ਘਰ 'ਚ ਰੋਜ਼ ਮਰਤਬਾ ਵਰਤੇ ਜਾਣ ਵਾਲੇ ਉਤਪਾਦ ਹਨ। ਇਸ 'ਚ ਬ੍ਰੈੱਡ ਦੀ ਹੀ ਗੱਲ ਕਰ ਲਈਏ ਤਾਂ ਅੱਜ ਬਹੁਤੇ ਲੋਕ ਚਿੱਟੀ ਬ੍ਰੈੱਡ ਲੈਂਦੇ ਹਨ। ਇਸ 'ਚ ਆਟਾ ਨਹੀਂ ਮੈਦਾ ਹੁੰਦਾ ਹੈ। ਇਸ ਤੋਂ ਬਾਅਦ ਬਰਾਊਨ ਬ੍ਰੈਡ ਆਉਂਦੀ ਹੈ, ਜਿਸ ਨੂੰ ਲੋਕ ਸਮਝਦੇ ਹਨ ਕਿ ਉਹ ਆਟਾ ਬ੍ਰੈੱਡ ਹੈ ਜਦਕਿ ਉਸ 'ਚ ਰੰਗ ਵੀ ਹੁੰਦਾ ਹੈ। ਇਸ ਤੋਂ ਇਲਾਵਾ ਆਟਾ ਬ੍ਰੈੱਡ ਹੈ, ਇਸ 'ਚ ਵੀ ਆਟਾ ਸਿਰਫ਼ 53 ਫ਼ੀਸਦੀ ਅਤੇ ਇਨ੍ਹਾਂ ਸਭ 'ਚ ਉਪਰੋਂ ਕਣਕ ਵਾਲੇ ਗਲੂਟਿਨ ਤੋਂ ਇਲਾਵਾ ਗਲੂਟਿਨ ਹੋਰ ਪਾਇਆ ਜਾਂਦਾ ਹੈ। ਜਦੋਂ ਕਿ ਇਸ ਵੇਲੇ ਮੋਟੇ ਅਨਾਜ (ਮਿਲਟ) ਦੀ ਖੇਤੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਕਣਕ ਨੂੰ ਮਾੜੀ ਦੱਸ ਕੇ। ਪਰ ਪਹਿਲ ਦੇ ਆਧਾਰ 'ਤੇ ਮੋਟੇ ਅਨਾਜਾਂ ਨੂੰ ਵਰਤ ਕਿ ਜਿਹੜੀ ਬ੍ਰੈੱਡ ਬਣਾਈ ਗਈ ਅਤੇ ਨਾਂਅ ਦਿੱਤਾ 'ਮਿਲਟ ਬ੍ਰੈੱਡ' ਦਾ, ਉਸ 'ਚ ਕਣਕ ਦਾ ਆਟਾ 44 ਫ਼ੀਸਦੀ, ਰਾਗੀ ਆਟਾ 8.8 ਫ਼ੀਸਦੀ, ਬਾਜਰੇ ਦਾ ਆਟਾ 3.9 ਫ਼ੀਸਦੀ ਅਤੇ ਜਵਾਰ ਦਾ ਆਟਾ 1 ਫ਼ੀਸਦੀ ਹੈ। ਮਿਲਟ ਪੀਜ਼ਾ ਬੇਸ 'ਚ ਆਟਾ 45.5 ਫ਼ੀਸਦੀ ਹੈ। ਰਾਗੀ ਆਟਾ (ਫ਼ਿੰਗਰ ਮਿਲਟ) 10.1 ਫ਼ੀਸਦੀ, ਬਾਜਰਾ (ਪਰਲ ਮਿਲਟ) 2.5 ਫ਼ੀਸਦੀ ਅਤੇ ਜਵਾਰ 1 ਫ਼ੀਸਦੀ। ਇਸ 'ਚ ਸੋਚਣ ਵਾਲੀ ਗੱਲ ਇਹ ਹੈ ਕਿ ਕਣਕ ਨੂੰ ਗਲੂਟਿਨ ਕਰਕੇ ਮਾੜਾ ਕਿਹਾ ਜਾਂਦਾ ਹੈ। ਮਿਲਟ ਦੇ ਪਦਾਰਥ ਬਣਾਉਣ ਵੇਲੇ ਕਣਕ ਦੇ ਆਟੇ ਤੋਂ ਇਲਾਵਾ ਗਲੂਟਿਨ ਫ਼ੇਰ ਪਾਈ ਜਾਂਦੀ ਹੈ। ਕਈ ਲੋਕ ਕਣਕ ਦੀ ਰੋਟੀ ਨੂੰ ਮਾੜਾ ਕਹਿਣਗੇ ਪਰ ਕੀ 50 ਰੁਪਏ ਦੀ ਮਿਲਟ ਬ੍ਰੈੱਡ ਖਰੀਦ ਕਿ ਇਹ ਸਭ ਕੁਝ ਠੀਕ ਹੋ ਜਾਵੇਗਾ।

ਸਾਫ਼ਟ ਡਰਿੰਕ (ਠੰਢਾ):- ਅੱਜ ਮਲਟੀਨੈਸ਼ਨਲ ਕੰਪਨੀਆਂ ਦੇ ਬਣਾਏ ਹੋਏ ਠੰਢਿਆਂ ਨੇ ਲੋਕਾਂ ਦੇ ਘਰਾਂ 'ਚੋਂ ਪੁਰਾਤਨ ਠੰਢੇ ਜਿਵੇਂ ਸ਼ਿਕੰਜਵੀ, ਸੱਤੂ, ਕੱਚੀ ਲੱਸੀ (ਦੁੱਧ ਦੀ ਲੱਸੀ) ਵਰਗੇ ਠੰਢੇ ਖ਼ਤਮ ਕਰ ਦਿੱਤੇ ਹਨ। ਇਸ ਦੇ ਨਾਲ ਰੂਹਅਫ਼ਜ਼ਾ, ਰਸਨਾ, ਸੁਕੇਸ਼ ਬਾਜ਼ਾਰ 'ਚ ਆਏ, ਜਿਨ੍ਹਾਂ ਦਾ 10 ਤੋਂ 20 ਐਮ.ਐਲ. ਪਾਓ ਬਾਕੀ ਪਾਣੀ ਪਾਓ ਅਤੇ ਪੀ ਲਓ। ਇਸ ਵੇਲੇ ਠੰਢਿਆਂ 'ਚ ਸਭ ਤੋਂ ਵੱਧ ਖਪਤ ਕੋਲਾਜ਼ ਦੀ ਹੈ। ਇਨ੍ਹਾਂ ਦੇ ਅਲੱਗ-ਅਲੱਗ ਸਵਾਦ ਹਨ। ਇਸੇ ਵੇਲੇ ਤਾਂ ਚਾਟੀ ਦੀ ਲੱਸੀ, ਨਿੰਬੂ ਪਾਣੀ, ਜਲਜ਼ੀਰਾ ਵੀ ਬੋਤਲਾਂ ਜਾਂ ਟੈਟਰਾ ਪੈਕ 'ਚ ਬੰਦ ਹੋ ਕੇ ਬਰੈਂਡਡ ਮਿਲਦਾ ਹੈ। ਇਨ੍ਹਾਂ 'ਚ 'ਪ੍ਰੀਜ਼ਰਵੇਟਿਵ' ਪਾਉਣ ਤੋਂ ਬਿਨਾਂ ਇਨ੍ਹਾਂ ਨੂੰ ਜ਼ਿਆਦਾ ਸਮੇਂ ਬਾਅਦ ਨਹੀਂ ਵਰਤਿਆ ਜਾ ਸਕਦਾ।

ਵਿਸ਼ਵ ਸਿਹਤ ਸੰਗਠਨ (ਡਬਲਿਊ.ਐੱਚ.ਓ.) ਨੇ ਕਿਹਾ ਹੈ ਕਿ ਇਨ੍ਹਾਂ ਕਾਰਬੋਨੇਟਿਡ ਠੰਢਿਆਂ ਵਿੱਚ ਆਰਟੀਫ਼ੀਸ਼ਅਲ ਮਿੱਠਾ ਪਾਇਆ ਜਾਂਦਾ ਹੈ। ਇਸ ਦਾ ਨਾਂਅ ਹੈ ਅਸਪਾਰਟਐਮ ਇਸ ਦੇ ਵਪਾਰਕ ਨਾਂਅ ਹਨ ਇਕੂਅਲ ਨਿਊਟਰਸਵੇਟ ਕੈਂਡਰਲ ਅਤੇ ਸ਼ੂਗਰ ਟਵਿਨ ਏਸ ਦਾ ਐਡਿਟਿਵ ਨੰਬਰ ਹੈ 951, ਇਹ ਆਮ ਖੰਡ ਨਾਲੋਂ 200 ਗੁਣਾ ਮਿੱਠਾ ਹੈ। ਡਬਲਿਊ.ਐੱਚ.ਓ. ਅਨੁਸਾਰ ਇਸ ਦਾ ਸਿੱਧਾ ਅਸਰ ਲਿਵਰ (ਜਿਗਰ) 'ਤੇ ਦੇਖਣ ਨੂੰ ਮਿਲਿਆ ਹੈ, ਭਾਵ ਜਿਗਰ ਦਾ ਕੈਂਸਰ ਹੋਣ ਦਾ ਜੋਖ਼ਮ ਵਧ ਜਾਂਦਾ ਹੈ। ਇਸ ਵੇਲੇ ਇਹ ਸਮਝਣ ਦੀ ਲੋੜ ਹੈ ਕਈਆਂ 'ਤੇ ਤਾਂ ਇਸ ਦਾ ਨੰਬਰ ਲਿਖਿਆ ਹੈ, ਪਰ ਕਈ ਅਜਿਹੇ ਉਤਪਾਦ ਵੀ ਹਨ, ਜਿਨ੍ਹਾਂ 'ਤੇ 'ਸਵੀਟਨਰ' ਹੀ ਲਿਖਿਆ ਹੈ। ਹਾਲਾਂਕਿ ਇਸ ਨੂੰ ਬਣਾਉਣ ਵਾਲੇ ਇਹ ਕਹਿੰਦੇ ਨੇ ਜੇ 70 ਕਿਲੋ ਦਾ ਮਨੁੱਖ 5 ਲੀਟਰ ਇੱਕ ਦਿਨ 'ਚ ਪੀਊ ਤਾਂ ਇਹ ਹਾਨੀਕਾਰਕ ਹੈ। ਇਸ ਦੇ ਇਵਜ਼ 'ਚ ਡਬਲਿਊ.ਐੱਚ.ਓ. ਨੇ ਕਿਹਾ ਹੈ ਕਿ ਇਹ ਹੋਰ ਖਾਣੇ ਦੇ ਪਦਾਰਥਾਂ 'ਚ ਵੀ ਮੌਜੂਦ ਹੈ, ਜਿਸ ਦਾ ਸੇਵਨ ਲੋਕ ਆਮ ਤੌਰ 'ਤੇ ਕਰਦੇ ਹਨ। ਇਸ ਲਈ ਇਹ ਇਸ ਮਾਤਰਾ ਤੋਂ ਉੱਪਰ ਸਰੀਰ 'ਚ ਜਾਣ ਦੀ ਪੂਰੀ ਸੰਭਾਵਨਾ ਹੈ। ਜਿਹੜੀ ਚੀਜ਼ ਦਾ ਅਸਰ ਸਿਹਤ 'ਤੇ ਮਾੜਾ ਹੈ ਘੱਟ ਪੀਣ ਨਾਲ ਦੇਰ ਨਾਲ ਅਸਰ ਕਰ ਜਾਵੇਗਾ। ਇਸ ਤਰ੍ਹਾਂ ਇਕ 'ਬਲੈਕ ਪਾਣੀ' ਚੱਲਿਆ ਹੈ ਕਿ ਇਹ ਪਹਾੜਾਂ ਤੋਂ ਜੋ ਪੱਤਿਆਂ ਦਾ ਅਰਕ (ਰਸ) ਇਕੱਠਾ ਹੁੰਦਾ ਹੈ, ਸਿਹਤ ਲਈ ਬਹੁਤ ਵਧੀਆ ਹੈ। ਇਸ ਪਾਣੀ 'ਚ ਵੀ 'ਸਵੀਟਨਰ' ਪਾਇਆ ਗਿਆ ਹੈ ਪਰ ਲੇਬਲ 'ਤੇ ਕੁਝ ਨਹੀਂ ਲਿਖਿਆ ਕਿ ਉਸ ਦਾ ਨੰਬਰ ਕੀ ਹੈ। ਇਸ ਦੀ 750 ਐਮ.ਐਲ. ਦੀ ਬੋਤਲ




55 ਰੁਪਏ ਵਿੱਚ ਮਿਲਦੀ ਹੈ। ਇਸ ਵੇਲੇ ਕਾਪਰ ਵਾਲਾ ਪਾਣੀ ਵੀ ਬਾਜ਼ਾਰ 'ਚ ਮਿਲਣ ਲੱਗ ਪਿਆ ਹੈ, ਜਿਸ 'ਚ ਕਾਪਰ ਸਲਫ਼ੇਟ (ਨੀਲਾ ਥੋਥਾ) (0.00041%) ਹੈ। ਜੂਸ 'ਚ ਕੁਦਰਤੀ ਸ਼ੂਗਰ (ਗਿਚਫ਼ਵਰਤਕ) ਹੁੰਦੀ ਹੈ। ਉਹ ਵੀ ਜਦੋਂ ਇਕਦਮ ਸਰੀਰ 'ਚ ਜਾਂਦੀ ਹੈ ਤਾਂ ਕਈ ਵਾਰ ਵਾਧੂ ਹੋਣ ਕਰਕੇ ਵਰਤੀ ਨਹੀਂ ਜਾਂਦੀ ਅਤੇ ਫ਼ੈਟ ਦੇ ਰੂਪ 'ਚ ਸਰੀਰ 'ਚ ਜਮ੍ਹਾਂ ਹੋ ਜਾਂਦੀ ਹੈ। ਇਸ ਵੇਲੇ ਜਿਹੜੇ ਪੈਕਡ ਜੂਸ ਆ ਰਹੇ ਹਨ, ਇਨ੍ਹਾਂ 'ਚ ਕੁਦਰਤੀ ਸ਼ੂਗਰ ਦੇ ਨਾਲ ਅਸਪਾਰਟਮ ਪਾਈ ਜਾਂਦੀ ਹੈ, ਇਸ ਨੂੰ ਮਿੱਠਾ ਕਰਕੇ ਇਸ ਦਾ ਸਵਾਦ ਅਤੇ ਤਾਜ਼ਾ ਰੱਖਣ ਲਈ ਇਸ 'ਚ ਸੋਡੀਅਮ ਬੈਨਜੋਓਏਟ ਬੈਨਜੋਇਕ ਏਸਿਡ, ਸਲਫ਼ਰ ਡਾਇਅਕਸਾਈਡ, ਸੋਰਬਿਕ ਏਸਿਡ, ਸੋਡੀਅਮ ਕਾਰਬੋਕਸੀਮੀਥਾਈਲ ਸੇਲੂਲੋਸ ਵਰਗੇ ਰਸਾਇਣ ਪਾਏ ਜਾਂਦੇ ਹਨ। ਇਸ 'ਚ ਘੋਖਣ ਵਾਲੀ ਗੱਲ ਹੈ ਕਿ ਸੋਡੀਅਮ ਬੈਨਜੋਓਏਟ ਬਦਲ ਜਾਂਦਾ ਹੈ ਬੈਨਜ਼ੀਨ ਵਿਚ, ਜੋ ਕੈਂਸਰ ਕਰ ਸਕਦਾ ਹੈ, ਭਾਵ ਇਹ ਵੀ ਕੈਂਸਰ ਵੱਲ ਇਸ਼ਾਰਾ ਕਰਦਾ ਹੈ। ਮਿਉਨੀਜ਼ ਅਤੇ ਐਮ.ਐਸ.ਜੀ. (ਮੋਨੋਸੋਡੀਅਮ ਗਲੂਟਾਮੇਟ):- ਇਹ ਤਕਰੀਬਨ ਸਾਰੇ ਜੰਕ ਫ਼ੂਡ ਜਿਵੇਂ, ਬਰਗਰ, ਪੀਜ਼ੇ, ਪਾਸਤਾ, ਸੈਂਡਵਿਚ ਆਦਿ ਦੇ ਨਾਲ-ਨਾਲ ਚਿਪਸ, ਸੂਪ ਫ਼ਾਸਟ-ਕੈਨਡ ਫ਼ੂਡ ਆਦਿ 'ਚ ਪੈਂਦੇ ਹਨ। ਮਿਉਨੀਜ਼ ਤਾਂ ਤਕਰੀਬਨ ਘਰਾਂ 'ਚ ਵੀ ਸੈਂਡਵਿਚ ਜਾਂ ਫ਼ਿਰ ਪਾਸਤਾ, ਪੀਜ਼ਾ ਆਦਿ ਬਣਾਉਣ ਲਈ ਵਰਤੇ ਜਾਂਦੇ ਹਨ, ਸਵਾਦ ਵਧਾਉਣ ਲਈ। ਇਸ 'ਚ ਸੈਚੂਰੇਟਡ ਫ਼ੈਟ ਹੋਣ ਕਾਰਨ ਇਹ ਕੋਲੇਸਟ੍ਰੋਲ ਵਧਾਉਂਦੀ ਹੈ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਲੱਗਣ ਦੀ ਸੰਭਾਵਨਾ ਵਧਦੀ ਹੈ। ਐਮ.ਐਸ.ਜੀ. ਜਾਂ ਅਜੀਨੋ ਮੋਟੋ ਇਹ ਇੱਕ ਚੀਨੀ ਮਾਲਟ ਹੈ, ਜੋ ਸਵਾਦ ਵਧਾਉਂਦਾ ਹੈ ਅੱਜ ਇਹ ਇਕੱਲਾ ਬਾਹਰਲੇ ਖਾਣੇ 'ਚ ਹੀ ਨਹੀਂ, ਸਗੋਂ ਘਰ ਦੀ ਰਸੋਈ 'ਚ ਵੀ ਵੜ ਚੁੱਕਾ ਹੈ। ਇਸ ਦਾ ਸੇਵਨ ਦਿਮਾਗ ਦੇ ਖ਼ੁਸ਼ੀ ਵਾਲੇ ਹਿੱਸੇ ਨੂੰ ਉਤੇਜਿਤ ਕਰ ਦਿੰਦਾ, ਜਿਸ ਕਾਰਨ ਲੋਕਾਂ ਨੂੰ ਇਸ ਦੀ ਆਦਤ ਪੈ ਜਾਂਦੀ ਹੈ। ਪੁਰਾਣੇ ਜੰਕ ਫ਼ੂਡ ਯਾਨੀ ਸਮੋਸੇ, ਟਿੱਕੀ, ਭਟੂਰੇ, ਪੂਰੀ ਛੋਲੇ ਇਹ ਸਭ ਦੀ ਵੀ ਸ਼ਹਿਰਾਂ 'ਚ ਵਿਕਰੀ ਕਈ ਗੁਣਾ ਵੱਧ ਚੁੱਕੀ ਹੈ। ਇਸ 'ਚ ਕਦੇ ਨੋਟ ਕਰਕੇ ਦੇਖੋ ਕਿ ਜਿਸ ਤੇਲ 'ਚ ਤਲੇ ਜਾਂਦੇ ਹਨ, ਉਹ ਕਾਲਾ ਹੋਇਆ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਉਹ ਤੇਲ ਵਾਰੀ-ਵਾਰੀ ਗਰਮ ਹੋ ਕਿ ਕੜ੍ਹੀ ਜਾਂਦਾ ਹੈ। ਇਸ ਨਾਲ ਕਈ ਤਰ੍ਹਾਂ ਦੇ ਖ਼ਤਰਨਾਕ ਕੈਮੀਕਲ ਬਣਦੇ ਹਨ ਜਿਵੇਂ ਕਿ ਪਾਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ ਇਹ ਕੈਂਸਰ ਦਾ ਕਾਰਣ ਵੀ ਬਣਦਾ ਹੈ। ਇਥੋਂ ਤੱਕ ਇਨ੍ਹਾਂ ਦੇ ਸੇਵਨ ਜਾਂ ਇਸ ਨੂੰ ਲਗਾਤਾਰ ਸੁੰਘਣ ਨਾਲ ਵੀ ਜੀਨੋਟਾਕਸਿਕ, ਮੁਟਾਜੀਨਿਕ ਅਤੇ ਰਸੋਲੀ ਜੀਨੋਟਾਕਸਿਕ ਆਦਿ ਕਈ ਤਰ੍ਹਾਂ ਦੇ ਕੈਂਸਰ ਬਣਦੇ ਹਨ।

ਇਸ ਤੋਂ ਵੱਧ ਕੀ ਦੇਖੀਏ ਕਿ ਚੌਲਾਂ ਨੂੰ ਜਦੋਂ ਪ੍ਰਸੈਸ ਭਾਵ ਪਾਲਿਸ਼ ਕੀਤਾ ਜਾਂਦਾ ਹੈ ਤਾਂ ਉਸ ਤੋਂ ਤਕਰੀਬਨ ਸਾਰੇ ਵਿਟਾਮਿਨ ਉਤਾਰ ਦਿੱਤੇ ਜਾਂਦੇ ਹਨ। ਫ਼ਿਰ ਆਰਟੀਫ਼ੀਸ਼ਲ ਵਿਟਾਮਿਨ ਉਸ 'ਚ ਪਾਏ ਜਾਂਦੇ ਹਨ। ਇਸ ਨੂੰ ਫ਼ੋਰਟੀਫ਼ਾਈਡ ਚੌਲ ਕਹਿੰਦੇ ਹਨ। ਇਸੇ ਤਰ੍ਹਾਂ ਹੁਣ ਕੌਫ਼ੀ ਅਤੇ ਚਾਹ ਜੋ ਪਹਿਲਾਂ ਚਾਹ ਦੇ ਬਾਗ਼ਾਂ 'ਚੋਂ ਆਉਂਦੀ ਸੀ, ਹੁਣ ਉਹ ਲੈਬ 'ਚ ਤਿਆਰ ਹੋਊਗੀ। ਅਮਰੀਕੀ ਕੰਪਨੀ ਅਟੋਮਾ ਮੋਲੀਕੂਲਰ ਨੇ ਸਿੰਥੇਟਿਕ ਕੌਫ਼ੀ ਬਣਾਈ ਹੈ, ਜਿਸ 'ਚ ਕੋਈ ਆਰਗੈਨਿਕ ਤਾਂ ਛੱਡੋ ਕੌਫ਼ੀ ਬੀਨਜ਼ ਵੀ ਨਹੀਂ ਵਰਤੇ ਜਾਣਗੇ। ਇਹ ਸਿੰਥੈਟਿਕ ਕੌਫ਼ੀ ਕੀ ਰੰਗ ਲਿਆਏਗੀ, ਇਸ ਬਾਰੇ ਤਾਂ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ।

ਪਹਿਲਾਂ ਹੀ ਸਿੰਥੈਟਿਕ ਦੁੱਧ ਨੇ ਡੇਅਰੀ ਦਾ ਧੰਦਾ ਖਤਮ ਕਰ ਦਿੱਤਾ ਹੈ। ਹੁਣ ਖੇਤੀ ਨੂੰ ਵੀ ਸਿੰਥੈਟਿਕ ਲੈਬ ਗਰੋਨ ਚੀਜ਼ਾਂ ਖ਼ਤਮ ਕਰਨਗੀਆਂ। ਹੈਰਾਨੀ ਦੀ ਗੱਲ ਹੈ ਕਿ ਪੜ੍ਹੇ-ਲਿਖੇ ਲੋਕ ਵੀ ਸਿਰਫ਼ ਇਹ ਗੱਲ ਕਹਿੰਦੇ ਹਨ ਕਿ ਕਿਸਾਨ ਜ਼ਹਿਰਾਂ ਦੀ ਖੇਤੀ ਕਰਦੇ ਹਨ। ਗੱਲ ਇਹ ਹੈ ਕਿ ਉਹ ਖਾਦਾਂ ਅਤੇ ਕੀਟਨਾਸ਼ਕ ਜੋ ਮਾਹਿਰਾਂ ਵਲੋਂ ਸਿਫ਼ਾਰਸ਼ ਕੀਤੀਆਂ ਗਈਆਂ ਹਨ, ਹੀ ਪਾਉਂਦੇ ਹਨ। ਉਹ ਵੀ ਉਦੋਂ ਜਦੋਂ ਕੀੜਾ ਜਾਂ ਬਿਮਾਰੀ ਲੱਗੇ।

(ਬਾਕੀ ਸਫ਼ਾ 31 'ਤੇ)



# ਸਿਰ ਤਲੀ ’ਤੇ ਰੱਖ ਕੇ ਜੂਝਣ ਵਾਲੇ ਬਾਬਾ ਦੀਪ ਸਿੰਘ ਜੀ

ਡਾ.ਚਰਨਜੀਤ ਸਿੰਘ ਗੁਮਟਾਲਾ
919417533060





ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ ’ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁਖੀ, ਅਰਬੀ, ਫ਼ਾਰਸੀ ਭਾਸ਼ਾ ਦੀ ਪੜ੍ਹਾਈ ਕਰਾ ਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ,ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾ ਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ

ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ

ਕਲਮਾਂ, ਸਿਆਹੀ ਅਤੇ ਕਾਗ਼ਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ.



ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ, ਫ਼ਾਰਸੀ ਦੇ ਵੀ ਵਿਦਵਾਨ ਸਨ। ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਡਾ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ

ਕੁਝ ਇਲਾਕੇ ’ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫ਼ੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ । ਬਾਬਾ ਦੀਪ ਸਿੰਘ, ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁੱਟਿਆ ਤੇ ਇੱਥੋਂ ਦੀਆਂ

ਬਹੂ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁੱਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫ਼ਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ ‘ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ.ਮੁ. 1819 ਬਿਕਰਮੀ ਨੂੰ ਨੀਂਹਾਂ ਹੇਠ ਬਾਰੂਦ ਦੇ ਕੁੱਪੇ

ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ। ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ ’ਤੇ ਪੁੱਜੀ ਤਾਂ ਆਪ ਦੇ ਦਿਲ ’ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ ’ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖ਼ਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ।

ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ

ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ 8 ਸੇਰ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ ’ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ ’ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ । ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤੱਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫ਼ੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ । ਦੁਨੀਆਂ ਭਰ ਵਿੱਚ 27 ਜਨਵਰੀ ਨੂੰ ਆਪ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।





# ਬਾਬਾ ਦੀਪ ਸਿੰਘ ਜੀ ਸ਼ਹੀਦ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸਿੱਖ ਧਰਮ ਇੱਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ 'ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਾਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸ਼ਚੇ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ 'ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅੱਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿੱਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿੱਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9,1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵਧ ਗਏ ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ 'ਤੇ ਨਿਸ਼ਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਲਿਆ। ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਣਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨ ਤਾਰਨ ਦੇ ਸਾਧਾਰਣ ਪਰਿਵਾਰ ਭਾਈ ਜਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ। ਉਨ੍ਹਾਂ ਨੇ ਸਾਸ਼ਤਰ ਅਤੇ ਸ਼ਸਤਰ ਵਿਦਿਆ ਵਿੱਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿੱਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇੱਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉੱਥੇ ਉਨ੍ਹਾਂ ਆਪਣੇ ਇਲਾਕੇ ਵਿੱਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵੱਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ। ਜੰਗੀ ਜੀਵਨ ਵਿੱਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿੱਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ੍ਹ 1738 ਵਿੱਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿੱਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿੱਚ ਉਮਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 14, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿੱਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਅਤੇ ਮੱਸੇ ਰੰਗੜ ਦਾ ਸਿਰ ਨੇਜੇ 'ਤੇ ਟੰਗ ਕੇ ਵਾਪਸੀ 'ਤੇ ਵੀ ਦਮਦਮਾ ਸਾਹਿਬ ਠਹਿਰੇ ਸਨ। ਅਹਿਮਦ ਸ਼ਾਹ ਅਬਦਾਲੀ ਨੇ1755-56 ਵਿੱਚ ਚੌਥੀ ਵਾਰ ਭਾਰਤ 'ਤੇ ਹਮਲਾ ਕੀਤਾ। ਉਸ ਦੇ ਸੈਨਿਕ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ 'ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ 'ਤੇ ਹਮਲਾ ਕਰ ਦਿੱਤਾ। ਸਾਰਾ ਸਾਮਾਨ ਲੁੱਟ ਲਿਆ ਅਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਇਆ।

ਅਬਦਾਲੀ ਨੇ 1757 ਵਿੱਚ ਜਹਾਨ ਖਾਨ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸ ਨੇ ਮਈ 1757 ਵਿੱਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸ ਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪਤੀ ਦੀ ਖਬਰ ਬਾਬਾ ਜੀ ਨੇ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿੱਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵਧ ਪਿਆ। ਰਸਤੇ ਵਿਚੋਂ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿੱਚ ਜੋ ਮਰ ਮਿਟਣ ਅਤੇ ਸ਼ਹੀਦ ਹੋਣ ਲਈ ਤਿਆਰ ਹਨ ਤਾਂ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ। ਜਹਾਨ ਖਾਂ ਨੇ ਵੀ 20000 ਦੀ ਫੌਜ ਲੈ ਕੇ ਤਰਨ ਤਾਰਨ ਵਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਵਿੱਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇੱਕ ਇੱਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ-ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ 'ਤੇ ਆ ਗਏ।

ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਕਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਕ ਅਸਮਾਨ ਖਾਂ ਜੰਗ ਦੇ ਮੈਦਾਨ ਵਿੱਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿੱਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ 'ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿੱਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਏ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁੱਧ ਲੜਦੇ ਰਹਿਣ ਲਈ ਉਤਸ਼ਾਹਤ ਕੀਤਾ। ਉਨ੍ਹਾਂ ਦਾ ਯਾਦ ਵਿੱਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ 'ਤੇ ਜਿੱਥੇ ਉਨ੍ਹਾਂ ਨੇ ਆਪਣਾ ਸੀਸ ਭੇਟ ਕੀਤਾ, ਗੁਰਦੁਆਰਾ ਸਾਹਿਬ ਹੈ। ਦੂਜਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸਸਤਰਾਂ ਵਿੱਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸਸ਼ਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂ ਕੀਤਾ ਜਾਵੇ, ਪਰ ਕੋਈ ਝਿਜਕ ਨਾਂਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। ਅੰਗ-1412

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035






# ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਲੋੜ

ਪੁਸ਼ਪਿੰਦਰ

ਵਾਤਾਵਰਣ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਵੀ ਅਣਚਾਹੀ ਤਬਦੀਲੀ, ਜਿਸਦਾ ਜੀਵਿਤ ਸੰਸਾਰ ’ਤੇ ਮਾੜਾ ਪ੍ਰਭਾਵ ਪੈਂਦਾ ਹੈ, ਨੂੰ ਪ੍ਰਦੂਸ਼ਣ ਕਿਹਾ ਜਾਂਦਾ ਹੈ।ਵਾਤਾਵਰਨ ਪ੍ਰਦੂਸ਼ਣ ਵਿੱਚ ਮਨੁੱਖੀ ਵਿਕਾਸ ਪ੍ਰਕਿਰਿਆ, ਉਦਯੋਗੀਕਰਨ ਅਤੇ ਸ਼ਹਿਰੀਕਰਨ ਆਦਿ ਦਾ ਅਹਿਮ ਯੋਗਦਾਨ ਹੈ। ਵਾਤਾਵਰਣ ਦੇ ਤੱਤਾਂ ਦੇ ਆਧਾਰ ’ਤੇ, ਵਾਤਾਵਰਣ ਪ੍ਰਦੂਸ਼ਣ ਨੂੰ ਸ਼ੋਰ, ਪਾਣੀ, ਹਵਾ ਅਤੇ ਮਿੱਟੀ ਦੇ ਪ੍ਰਦੂਸ਼ਣ ਆਦਿ ਵਿੱਚ ਵੀ ਵੰਡਿਆ ਗਿਆ ਹੈ।

ਸਾਰੇ ਜੀਵ ਜੰਤੂ ਆਪਣੇ ਵਿਕਾਸ ਅਤੇ ਵਿਕਾਸ ਲਈ ਅਤੇ ਆਪਣੇ ਜੀਵਨ ਚੱਕਰ ਨੂੰ ਚਲਾਉਣ ਲਈ ਸੰਤੁਲਿਤ ਵਾਤਾਵਰਣ ’ਤੇ ਨਿਰਭਰ ਕਰਦੇ ਹਨ। ਸੰਤੁਲਿਤ ਵਾਤਾਵਰਣ ਦਾ ਅਰਥ ਹੈ ਇੱਕ ਵਾਤਾਵਰਣ ਜਿਸ ਵਿੱਚ ਹਰੇਕ ਭਾਗ ਇੱਕ ਨਿਸ਼ਚਿਤ ਮਾਤਰਾ ਅਤੇ ਅਨੁਪਾਤ ਵਿੱਚ ਮੌਜੂਦ ਹੁੰਦਾ ਹੈ। ਪਰ ਕਈ ਵਾਰ, ਮਨੁੱਖੀ ਜਾਂ ਹੋਰ ਕਾਰਨਾਂ ਕਰਕੇ, ਵਾਤਾਵਰਣ ਵਿੱਚ ਇੱਕ ਜਾਂ ਇੱਕ ਤੋਂ ਵੱਧ ਹਿੱਸਿਆਂ ਦੀ ਮਾਤਰਾ ਜਾਂ ਤਾਂ ਲੋੜ ਤੋਂ ਕਿਤੇ ਵੱਧ ਵੱਧ ਜਾਂਦੀ ਹੈ ਜਾਂ ਨੁਕਸਾਨਦੇਹ ਅੰਸ਼ ਵਾਤਾਵਰਣ ਵਿੱਚ ਦਾਖਲ ਹੋ ਜਾਂਦੇ ਹਨ। ਇਸ ਸਥਿਤੀ ਵਿੱਚ ਵਾਤਾਵਰਣ ਪ੍ਰਦੂਸ਼ਿਤ ਹੋ ਜਾਂਦਾ ਹੈ ਅਤੇ ਰਹਿਣ ਵਾਲੇ ਸਮਾਜ ਲਈ ਕਿਸੇ ਨਾ ਕਿਸੇ ਰੂਪ ਵਿੱਚ ਹਾਨੀਕਾਰਕ ਸਾਬਤ ਹੁੰਦਾ ਹੈ। ਵਾਤਾਵਰਨ ਵਿੱਚ ਇਸ ਅਣਚਾਹੇ ਬਦਲਾਅ ਨੂੰ ‘ਵਾਤਾਵਰਣ ਪ੍ਰਦੂਸ਼ਣ’ ਕਿਹਾ ਜਾਂਦਾ ਹੈ।

### ਪ੍ਰਦੂਸ਼ਣ ਦੀਆਂ ਕਿਸਮਾਂ

ਵਾਤਾਵਰਣ ਦੇ ਤੱਤਾਂ ਦੇ ਆਧਾਰ ’ਤੇ, ਵਾਤਾਵਰਣ ਪ੍ਰਦੂਸ਼ਣ ਨੂੰ ਮਿੱਟੀ, ਹਵਾ, ਪਾਣੀ ਅਤੇ ਸ਼ੋਰ ਪ੍ਰਦੂਸ਼ਣ ਆਦਿ ਵਿੱਚ ਵੀ ਵੰਡਿਆ ਗਿਆ ਹੈ।

### ਮਿੱਟੀ ਪ੍ਰਦੂਸ਼ਣ

ਮਿੱਟੀ ਦੇ ਭੌਤਿਕ, ਰਸਾਇਣਕ ਜਾਂ ਜੈਵਿਕ ਗੁਣਾਂ ਵਿੱਚ ਕੋਈ ਵੀ ਅਣਚਾਹੇ ਬਦਲਾਅ ਜੋ ਮਨੁੱਖੀ ਪੋਸ਼ਣ ਅਤੇ ਫਸਲਾਂ ਦੇ ਉਤਪਾਦਨ ਅਤੇ ਉਤਪਾਦਕਤਾ ਨੂੰ ਪ੍ਰਭਾਵਤ ਕਰਦਾ ਹੈ ਅਤੇ ਜੋ ਮਿੱਟੀ ਦੀ ਗੁਣਵੱਤਾ ਅਤੇ ਉਪਯੋਗਤਾ ਨੂੰ ਨਸ਼ਟ ਕਰਦਾ ਹੈ, ਨੂੰ ‘ਮਿੱਟੀ ਪ੍ਰਦੂਸ਼ਣ’ ਕਿਹਾ ਜਾਂਦਾ ਹੈ। ਕੈਡਮੀਅਮ, ਕ੍ਰੋਮੀਅਮ, ਤਾਂਬਾ, ਕੀਟਨਾਸ਼ਕ, ਰਸਾਇਣਕ ਖਾਦਾਂ, ਜੜੀ-ਬੂਟੀਆਂ, ਜ਼ਹਿਰੀਲੀਆਂ ਗੈਸਾਂ ਆਦਿ ਮੁੱਖ ਭੂਮੀ ਪ੍ਰਦੂਸ਼ਕ ਹਨ।

ਮਿੱਟੀ ਦਾ ਪ੍ਰਦੂਸ਼ਣ ਮਿੱਟੀ ਦੇ ਭੌਤਿਕ ਅਤੇ ਰਸਾਇਣਕ ਗੁਣਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮਿੱਟੀ ਦੀ ਉਤਪਾਦਨ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ।

ਕਈ ਥਾਵਾਂ ’ਤੇ ਲੋਕ ਸੀਵਰੇਜ ਦੇ ਪਾਣੀ ਨਾਲ ਖੇਤਾਂ ਦੀ ਸਿੰਚਾਈ ਕਰਦੇ ਹਨ। ਇਸ ਕਾਰਨ ਮਿੱਟੀ ਵਿੱਚ ਮੌਜੂਦ ਪੋਰਸ ਦੀ ਗਿਣਤੀ ਦਿਨੋ-ਦਿਨ ਘਟਦੀ ਜਾਂਦੀ ਹੈ ਅਤੇ ਬਾਅਦ ਵਿੱਚ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਜਿੱਥੇ ਮਿੱਟੀ ਦੀ ਕੁਦਰਤੀ ਸੀਵਰੇਜ ਟ੍ਰੀਟਮੈਂਟ ਸਮਰੱਥਾ ਪੂਰੀ ਤਰ੍ਹਾਂ ਤਬਾਹ ਹੋ ਜਾਂਦੀ ਹੈ।

ਜਦੋਂ ਮਿੱਟੀ ਵਿੱਚ ਪ੍ਰਦੂਸ਼ਿਤ ਪਦਾਰਥਾਂ ਦੀ ਮਾਤਰਾ ਵੱਧ ਜਾਂਦੀ ਹੈ, ਤਾਂ ਉਹ ਪਾਣੀ ਦੇ ਸਰੋਤਾਂ ਤੱਕ ਪਹੁੰਚ ਜਾਂਦੇ ਹਨ ਅਤੇ ਉਨ੍ਹਾਂ ਵਿੱਚ ਲੂਣ ਅਤੇ ਹੋਰ ਹਾਨੀਕਾਰਕ ਤੱਤਾਂ ਦੀ ਗਾੜ੍ਹਾਪਣ ਵਧਾਉਂਦੇ ਹਨ, ਨਤੀਜੇ ਵਜੋਂ ਅਜਿਹੇ ਜਲ ਸਰੋਤਾਂ ਦਾ ਪਾਣੀ ਪੀਣ ਦੇ ਯੋਗ ਹੋ ਜਾਂਦਾ ਹੈ।

### ਮਿੱਟੀ ਪ੍ਰਦੂਸ਼ਣ ਦੇ ਮੁੱਖ ਕਾਰਨ

ਮਿੱਟੀ ਪ੍ਰਦੂਸ਼ਣ ਦੇ ਮੁੱਖ ਕਾਰਨ ਹੇਠ ਲਿਖੇ ਹਨ- ਵੱਖਰੀਆਂ ਖੇਤੀਬਾੜੀ ਗਤੀਵਿਧੀਆਂ, ਉਦਯੋਗਿਕ ਰਹਿੰਦ,ਲੈਂਡਫਿਲ ਤੋਂ ਲੀਕੇਜ, ਘਰੇਲੂ ਰਹਿੰਦ,ਖੁੱਲ੍ਹੀ ਥਾਂ ’ਤੇ ਕੂੜਾ ਸੁੱਟਣਾ,ਪੋਲੀਥੀਨ ਬੈਗ, ਪਲਾਸਟਿਕ ਦੇ ਡੱਬੇ, ਬੇਕਾਬੂ ਚਰਾਉਣ ਆਦਿ।

### ਹਵਾ ਪ੍ਰਦੂਸ਼ਣ

ਹਵਾ ਗੈਸਾਂ ਦਾ ਮਿਸ਼ਰਣ ਹੈ ਅਤੇ ਇਹ ਹਵਾ ਵਿੱਚ ਇੱਕ ਨਿਸ਼ਚਿਤ ਮਾਤਰਾ ਵਿੱਚ ਪਾਈਆਂ ਜਾਂਦੀਆਂ ਹਨ। ਜਦੋਂ ਹਵਾ ਵਿੱਚ ਮਨੁੱਖ ਦੁਆਰਾ ਪੈਦਾ ਕੀਤੇ ਗਏ ਬਾਹਰੀ ਤੱਤਾਂ ਦੇ ਮਿਸ਼ਰਣ ਕਾਰਨ ਹਵਾ ਦੀ ਗੁਣਵੱਤਾ ਵਿਗੜ ਜਾਂਦੀ ਹੈ ਅਤੇ ਇਹ ਜਾਨਵਰਾਂ ਅਤੇ ਪੌਦਿਆਂ ਲਈ ਨੁਕਸਾਨਦੇਹ ਬਣ ਜਾਂਦੀ ਹੈ, ਤਾਂ ਇਸ ਨੂੰ ਹਵਾ ਪ੍ਰਦੂਸ਼ਣ ਕਿਹਾ ਜਾਂਦਾ ਹੈ। ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਸਲਫਰ ਦੇ ਆਕਸਾਈਡ, ਨਾਈਟ੍ਰੋਜਨ ਦੇ ਆਕਸਾਈਡ, ਕਲੋਰੀਨ, ਲੀਡ, ਅਮੋਨੀਆ, ਕੈਡਮੀਅਮ, ਧੂੜ ਆਦਿ ਮਨੁੱਖ ਦੁਆਰਾ ਬਣਾਏ ਮੁੱਖ ਹਵਾ ਪ੍ਰਦੂਸ਼ਕ ਹਨ।

### ਹਵਾ ਪ੍ਰਦੂਸ਼ਣ ਦੇ ਪ੍ਰਭਾਵ

ਹਵਾ ਪ੍ਰਦੂਸ਼ਣ ਦੇ ਪ੍ਰਭਾਵ ਹੇਠ ਲਿਖੇ ਹਨ-ਪ੍ਰਦੂਸ਼ਿਤ ਹਵਾ ਕਾਰਨ ਸੂਰਜ ਦੀ ਰੌਸ਼ਨੀ ਦੀ ਮਾਤਰਾ ਘੱਟ ਜਾਂਦੀ ਹੈ ਜੋ ਪੌਦਿਆਂ ਦੀ ਪ੍ਰਕਾਸ਼ ਸੰਸ਼ਲੇਸ਼ਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੈ। ਹਵਾ ਪ੍ਰਦੂਸ਼ਣ ਮਨੁੱਖੀ ਸਾਹ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਨਾਲ ਦਮਾ, ਬ੍ਰੌਨਕਾਈਟਸ, ਸਿਰ ਦਰਦ, ਫੇਫੜਿਆਂ ਦਾ ਕੈਂਸਰ, ਖੰਘ, ਅੱਖਾਂ ਦੀ ਜਲਣ, ਗਲੇ ਵਿੱਚ ਦਰਦ, ਨਿਮੋਨੀਆ, ਦਿਲ ਦੇ ਰੋਗ, ਉਲਟੀਆਂ ਅਤੇ ਜ਼ੁਕਾਮ ਆਦਿ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ। ਜਦੋਂ ਹਵਾ ਦੇ ਪ੍ਰਦੂਸ਼ਿਤ ਖੇਤਰਾਂ ਵਿੱਚ ਮੀਂਹ ਪੈਂਦਾ ਹੈ ਤਾਂ ਮੀਂਹ ਵਿੱਚ ਕਈ ਤਰ੍ਹਾਂ ਦੀਆਂ ਗੈਸਾਂ ਅਤੇ ਜ਼ਹਿਰੀਲੇ ਪਦਾਰਥ ਘੁਲ ਕੇ ਧਰਤੀ ’ਤੇ ਆ ਜਾਂਦੇ ਹਨ, ਜਿਸ ਨੂੰ ‘ਤੇਜ਼ਾਬੀ ਮੀਂਹ’ ਕਿਹਾ ਜਾਂਦਾ ਹੈ।

### ਹਵਾ ਪ੍ਰਦੂਸ਼ਣ ਦੇ ਮੁੱਖ ਕਾਰਨ

ਹਵਾ ਪ੍ਰਦੂਸ਼ਣ ਦੇ ਮੁੱਖ ਕਾਰਨ ਹੇਠ ਲਿਖੇ ਹਨ-ਵਾਹਨਾਂ ਵਿੱਚ ਜੈਵਿਕ ਈਂਧਨ ਦਾ ਬਲਨ, ਫੈਕਟਰੀਆਂ ਦਾ ਧੂੰਆਂ, ਫਰਿੱਜ, ਏਅਰ ਕੰਡੀਸ਼ਨਰ ਆਦਿ ਦੁਆਰਾ ਨਿਕਲਣ ਵਾਲੀਆਂ ਗੈਸਾਂ,ਖੇਤੀਬਾੜੀ ਦੇ ਕੰਮ ਵਿੱਚ ਕੀਟਨਾਸ਼ਕਾਂ ਅਤੇ ਐਂਟੀਬੈਕਟੀਰੀਅਲ ਦਵਾਈਆਂ ਦੀ ਵਰਤੋਂ, ਫਰਨੀਚਰ ਪੋਲਿਸ਼ ਅਤੇ ਸਪਰੇਅ ਪੇਂਟ ਵਿੱਚ ਵਰਤਿਆ ਜਾਣ ਵਾਲਾ ਘੋਲਨ ਵਾਲਾ ਸੜਦਾ ਕੂੜਾ ਅਤੇ ਨਾਲੀਆਂ ਦੀ ਸਫ਼ਾਈ ਨਾ ਕੀਤੀ ਜਾਵੇ।

### ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਉਪਾਅ

ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਹੇਠ ਲਿਖੇ ਉਪਾਅ ਹਨ- ਉਦਯੋਗਾਂ ਦੀਆਂ ਚਿਮਨੀਆਂ ਦੀ ਉਚਾਈ ਉੱਚੀ ਹੋਣੀ ਚਾਹੀਦੀ ਹੈ, ਕੋਲੇ ਜਾਂ ਡੀਜ਼ਲ ਇੰਜਣਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ,ਮੋਟਰ ਵਾਹਨਾਂ ਦੇ ਕਾਰਬੋਰੇਟਰ ਨੂੰ ਸਾਫ਼ ਕਰਕੇ ਕਾਰਬਨ ਮੋਨੋਆਕਸਾਈਡ ਦੇ ਨਿਕਾਸ ਨੂੰ ਘਟਾਇਆ ਜਾ ਸਕਦਾ ਹੈ। ਲੀਡ ਮੁਕਤ ਪੈਟਰੋਲ ਨੂੰ ਬਾਲਣ ਵਜੋਂ ਵਰਤਿਆ ਜਾਣਾ ਚਾਹੀਦਾ ਹੈ, ਪੁਰਾਣੇ ਵਾਹਨਾਂ ਨੂੰ ਚਲਾਉਣ ’ਤੇ ਪਾਬੰਦੀ ਹੋਣੀ ਚਾਹੀਦੀ ਹੈ। ਘਰਾਂ ਵਿੱਚ ਸੂਰਜੀ ਊਰਜਾ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ,ਫੈਕਟਰੀਆਂ ਦੀਆਂ ਚਿਮਨੀਆਂ ਵਿੱਚ ਬੈਗ ਫਿਲਟਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

### ਪਾਣੀ ਦਾ ਪ੍ਰਦੂਸ਼ਣ

ਜਦੋਂ ਪਾਣੀ ਵਿੱਚ ਮੌਜੂਦ ਵਿਦੇਸ਼ੀ ਪਦਾਰਥ ਪਾਣੀ ਦੇ ਕੁਦਰਤੀ ਗੁਣਾਂ ਨੂੰ ਇਸ ਤਰ੍ਹਾਂ ਬਦਲ ਦਿੰਦੇ ਹਨ ਕਿ ਇਹ ਮਨੁੱਖੀ ਸਿਹਤ ਲਈ ਹਾਨੀਕਾਰਕ ਹੋ ਜਾਂਦਾ ਹੈ ਜਾਂ ਇਸ ਦੀ ਉਪਯੋਗਤਾ ਘੱਟ ਜਾਂਦੀ ਹੈ, ਤਾਂ ਇਸ ਨੂੰ ਜਲ ਪ੍ਰਦੂਸ਼ਣ ਕਿਹਾ ਜਾਂਦਾ ਹੈ।

### ਸ਼ੋਰ ਪ੍ਰਦੂਸ਼ਣ

ਅਣਚਾਹੇ ਜਾਂ ਉੱਚ ਤੀਬਰਤਾ ਵਾਲੀ ਆਵਾਜ਼ ਨੂੰ ਸ਼ੋਰ ਕਿਹਾ ਜਾਂਦਾ ਹੈ। ਵਾਯੂਮੰਡਲ ਵਿੱਚ ਅਣਚਾਹੇ ਆਵਾਜ਼ ਜਾਂ ਸ਼ੋਰ ਦੀ ਮੌਜੂਦਗੀ ਨੂੰ ‘ਸ਼ੋਰ ਪ੍ਰਦੂਸ਼ਣ’ ਕਿਹਾ ਜਾਂਦਾ ਹੈ। ਸ਼ੋਰ ਮਨੁੱਖ ਵਿੱਚ ਅਸ਼ਾਂਤੀ ਅਤੇ ਬੇਚੈਨੀ ਪੈਦਾ ਕਰਦਾ ਹੈ। ਆਵਾਜ਼ ਦੀ ਆਮ ਮਾਪ ਇਕਾਈ ਨੂੰ ਡੈਸੀਬਲ ਕਿਹਾ ਜਾਂਦਾ ਹੈ।

# ਵਾਤਾਵਰਣ ਪ੍ਰਣਾਲੀਆਂ ਲਈ ਮਹੱਤਵਪੂਰਨ ਹਨ ਹੜ੍ਹ

## ਕੀ ਹੜ੍ਹਾਂ ਦੇ ਵੀ ਹੁੰਦੇ ਹਨ ਕੁੱਝ ਲਾਭ ?



ਹੜ੍ਹ ਕੁਝ ਵਾਤਾਵਰਣ ਪ੍ਰਣਾਲੀਆਂ ਦੀ ਮਦਦ ਕਰਦੇ ਹਨ, ਦੂਜੇ ਪਾਸੇ ਇਹ ਵੱਡੇ ਪੱਧਰ ’ਤੇ ਤਬਾਹੀ ਦਾ ਕਾਰਨ ਵੀ ਬਣਦੇ ਹਨ। ਅਜਿਹੇ ’ਚ ਵੱਡਾ ਸਵਾਲ ਇਹ ਹੈ ਕਿ ਹੜ੍ਹ ਵਾਤਾਵਰਨ ਲਈ ਚੰਗੇ ਜਾਂ ਮਾੜੇ ਹਨ ? ਹੜ੍ਹਾਂ ਦੌਰਾਨ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ। ਘਰਾਂ ਦੇ ਹੇਠਲੇ ਹਿੱਸੇ ਪਾਣੀ ਵਿੱਚ ਡੁੱਬ ਜਾਂਦੇ ਹਨ। ਲੋਕਾਂ ਕੋਲ ਨਾ ਤਾਂ ਸਿਰ ਛੁਪਾਉਣ ਲਈ ਥਾਂ ਹੁੰਦੀ ਹੈ ਅਤੇ ਨਾ ਹੀ ਕਿਤੇ ਜਾਣ ਲਈ ਕੋਈ ਰਸਤਾ। ਪਾਣੀ ਦੇ ਤੇਜ਼ ਵਹਾਅ ਵਿੱਚ ਪਸ਼ੂ ਵੀ ਰੁੜ੍ਹ ਜਾਂਦੇ ਹਨ। ਲੋਕਾਂ ਦੀ ਸਾਰੀ ਜ਼ਿੰਦਗੀ ਦੀ ਬੱਚਤ ਪਾਣੀ ਵਿੱਚ ਰੁੜ੍ਹ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਕੀ ਕੋਈ ਸੋਚ ਸਕਦਾ ਹੈ ਕਿ ਹੜ੍ਹਾਂ ਦੇ ਕੁਝ ਫ਼ਾਇਦੇ ਵੀ ਹਨ ?

1980 ਅਤੇ 2022 ਦੇ ਵਿਚਕਾਰ ਯੂਰਪੀਅਨ ਯੂਨੀਅਨ ਵਿੱਚ ਦਰਜ ਕੀਤੀਆਂ ਸਾਰੀਆਂ ਜਲਵਾਯੂ-ਸਬੰਧਤ ਅਤਿਅੰਤ ਘਟਨਾਵਾਂ ਵਿੱਚੋਂ ਆਰਥਿਕ ਨੁਕਸਾਨ ਦਾ ਸਭ ਤੋਂ ਵੱਡਾ ਕਾਰਨ ਹੜ੍ਹ ਰਿਹਾ ਹੈ। ਇਸ ਦੇ ਬਾਵਜੂਦ, ਇਸਦਾ ਕੁਦਰਤ ’ਤੇ ਹਮੇਸ਼ਾਂ ਮਾੜਾ ਪ੍ਰਭਾਵ ਨਹੀਂ ਪੈਂਦਾ, ਹੜ੍ਹਾਂ ਦੇ ਕੁਝ ਫ਼ਾਇਦੇ ਵੀ ਹਨ।

ਇੰਟਰਨੈਸ਼ਨਲ ਯੂਨੀਅਨ ਫ਼ਾਰ ਕੰਜ਼ਰਵੇਸ਼ਨ ਆਫ਼ ਨੇਚਰ ਦੇ ਗਲੋਬਲ ਵਾਟਰ ਪ੍ਰੋਗਰਾਮ ਦੇ ਡਾਇਰੈਕਟਰ ਜੇਮਸ ਡਾਲਟਨ ਦਾ ਕਹਿਣਾ ਹੈ ਕਿ ਮੌਸਮੀ ਹੜ੍ਹ ਬਹੁਤ ਸਾਰੇ ਵਾਤਾਵਰਣ ਪ੍ਰਣਾਲੀਆਂ ਲਈ ਮਹੱਤਵਪੂਰਨ ਹਨ। ਇਹ ਮਿੱਟੀ ਦੇ ਪੌਸ਼ਟਿਕ ਤੱਤ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਂਦੇ ਹਨ। ਉਹ ਦੱਸਦਾ ਹੈ, ‘ਨਦੀ ਪ੍ਰਣਾਲੀਆਂ ਪੌਸ਼ਟਿਕ ਤੱਤਾਂ ਨੂੰ ਇੱਕ ਥਾਂ ਤੋਂ ਦੂਜੀ ਤੱਕ ਪਹੁੰਚਾਉਣ ਵਿੱਚ ਮਦਦ ਕਰਦੀਆਂ ਹਨ। ਡਾਲਟਨ ਦੱਸਦਾ ਹੈ, ਕਿ ਸਾਨੂੰ ਹੜ੍ਹਾਂ ਦੀ ਲੋੜ ਹੈ। ਹੜ੍ਹ ਮਿੱਟੀ ਦੇ ਕਣਾਂ, ਪੌਸ਼ਟਿਕ ਤੱਤ ਅਤੇ ਕੁਝ ਮਹੱਤਵਪੂਰਨ ਪ੍ਰਜਾਤੀਆਂ ਨੂੰ ਆਪਣੇ ਨਾਲ ਲੈ ਜਾਂਦੇ ਹਨ, ਜੋ ਕਿ ਵਾਤਾਵਰਨ ਦੇ ਸੰਤੁਲਨ ਲਈ ਬਹੁਤ ਮਹੱਤਵਪੂਰਨ ਹੈ। ਹੜ੍ਹ ਨਦੀਆਂ ਦੇ ਤਲ ਨੂੰ ਸਾਫ਼ ਕਰਦੇ ਹਨ, ਪੌਸ਼ਟਿਕ ਤੱਤ ਫ਼ੈਲਾਉਂਦੇ ਹਨ ਅਤੇ ਬਹੁਤ ਸਾਰੀਆਂ ਮਹੱਤਵਪੂਰਨ ਪ੍ਰਜਾਤੀਆਂ ਨੂੰ ਹੇਠਲੀ ਜ਼ਮੀਨ ਤੱਕ ਪਹੁੰਚਾਉਂਦੇ ਹਨ, ਜੋ ਈਕੋਸਿਸਟਮ ਲਈ ਜ਼ਰੂਰੀ ਹੈ। ਹੜ੍ਹ ਦਾ ਪਾਣੀ ਤਲ ਅਤੇ ਪੌਸ਼ਟਿਕ ਤੱਤਾਂ ਨੂੰ ਪਿੱਛੇ ਛੱਡਦਾ ਹੈ। ਇਸ ਨਾਲ ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ ਅਤੇ ਪੌਦੇ ਤੇਜ਼ੀ ਨਾਲ ਵਧਦੇ ਹਨ। ਇਹੀ ਕਾਰਨ ਹੈ ਕਿ ਦਰਿਆਵਾਂ ਦੇ ਆਲੇ-ਦੁਆਲੇ ਕਈ ਸ਼ਹਿਰ ਅਤੇ ਕਸਬੇ ਵਿਕਸਿਤ ਹੋਏ ਹਨ। ਹੜ੍ਹ ਦਾ ਪਾਣੀ ਜ਼ਮੀਨ ਨੂੰ ਉਪਜਾਊ ਬਣਾਉਂਦਾ ਹੈ। ਇਸ ਤੋਂ ਇਲਾਵਾ ਹੜ੍ਹ ਦਾ ਪਾਣੀ ਵੀ ਧਰਤੀ ਹੇਠਲੇ ਪਾਣੀ ਨੂੰ ਵਧਾਉਣ ਵਿੱਚ ਯੋਗਦਾਨ ਪਾਉਂਦਾ ਹੈ। ਕੁਝ ਖੇਤਰਾਂ ਵਿੱਚ ਇਹ ਪ੍ਰਕਿਰਿਆ ਕੁਦਰਤੀ ਤੌਰ ’ਤੇ ਵਾਪਰਦੀ ਹੈ। (**ਬਾਕੀ ਸਫ਼ਾ 31 ’ਤੇ**)




### ਵਾਤਾਵਰਣ ਨੂੰ ਹੜ੍ਹਾਂ ਤੋਂ ਬਚਾਉਣ ਦਾ ਤਰੀਕਾ

ਡਾਲਟਨ ਦਾ ਕਹਿਣਾ ਹੈ ਕਿ ਹੜ੍ਹਾਂ ਦੇ ਪ੍ਰਭਾਵਾਂ ਨੂੰ ਸੀਮਤ ਕਰਨ ਦੇ ਕਈ ਤਰੀਕੇ ਹਨ। ਹੜ੍ਹਾਂ ਦੀਆਂ ਸਥਿਤੀਆਂ ਵਿਨਾਸ਼ਕਾਰੀ ਹੋਣ ਦੇ ਬਹੁਤ ਸਾਰੇ ਕਾਰਨ ਹਨ ਕਿਉਂਕਿ ਅਸੀਂ ਹੜ੍ਹ ਦੇ ਪਾਣੀ ਦੇ ਰਸਤੇ ਵਿੱਚ ਬਹੁਤ ਸਾਰੇ ਬੁਨਿਆਦੀ ਢਾਂਚੇ ਬਣਾਏ ਹਨ। ਦੁਨੀਆਂ ਭਰ ਦੇ ਸ਼ਹਿਰਾਂ ਵਿੱਚ ਕਿਫਾਇਤੀ ਰਿਹਾਇਸ਼ਾਂ ਦੀ ਘਾਟ ਕਾਰਨ, ਵੱਧ ਤੋਂ ਵੱਧ ਡਿਵੈਲਪਰਾਂ ਨੂੰ ਹੜ੍ਹ ਦੇ ਮੈਦਾਨਾਂ ’ਤੇ ਨਿਰਮਾਣ ਕਰਨ ਦੀ ਇਜਾਜ਼ਤ ਮਿਲ ਰਹੀ ਹੈ। ਇਸਦਾ ਮਤਲਬ ਹੈ ਕਿ ਸੰਭਾਵੀ ਤੌਰ ’ਤੇ ਖਤਰਨਾਕ ਸਥਾਨਾਂ ’ਤੇ ਘਰ ਅਤੇ ਕਾਰੋਬਾਰੀ ਬੁਨਿਆਦੀ ਢਾਂਚਾ ਬਣਾਇਆ ਜਾ ਰਿਹਾ ਹੈ। ਡਾਲਟਨ ਕਹਿੰਦਾ ਹੈ, ‘ਦਰਿਆਵਾਂ ਨੂੰ ਕੁਦਰਤੀ ਤੌਰ ’ਤੇ ਵਹਿਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਉਹਨਾਂ ਦਾ ਵਹਾਓ ਸਹੀ ਰਸਤੇ ਕੀਤਾ ਜਾਣਾ ਚਾਹੀਦਾ ਹੈ, ਦਰਿਆਵਾਂ ਨੂੰ ਇੱਕ ਦੂਜੇ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਜ਼ਮੀਨੀ ਪਾਣੀ ਨੂੰ ਸਤਹ ਦੇ ਪਾਣੀ ਨਾਲ ਜੋੜਨਾ ਮਹੱਤਵਪੂਰਨ ਹੈ,ਇਹ ਸਾਰੀਆਂ ਚੀਜ਼ਾਂ ਪਾਣੀ ਨੂੰ ਕੁਦਰਤੀ ਤੌਰ ’ਤੇ ਵਹਿਣ ਵਿੱਚ ਮਦਦ ਕਰਦੀਆਂ ਹਨ ਖੇਤੀ ਲਈ ਉਦਯੋਗਿਕ ਤਰੀਕਿਆਂ ਦੀ ਵਰਤੋਂ ਕਰਨ ਦੀ ਬਜਾਏ ਇਸ ਵਿੱਚ ਵਿਭਿੰਨਤਾ ਲਿਆ ਕੇ ਹੜ੍ਹਾਂ ਦੇ ਪ੍ਰਭਾਵਾਂ ਨੂੰ ਘਟਾਇਆ ਜਾ ਸਕਦਾ ਹੈ। ਇਸਦੇ ਲਈ ਇੱਕ ਤਰੀਕਾ ਐਗਰੋਫੋਰੈਸਟਰੀ ਦੀ ਵਰਤੋਂ ਕਰਨਾ ਹੈ, ਜਿੱਥੇ ਖੇਤਾਂ ਵਿੱਚ ਜਾਣਬੁੱਝ ਕੇ ਰੁੱਖ ਲਗਾਏ ਜਾਂਦੇ ਹਨ।

ਕਹਾਣੀ

ਕ੍ਰਿਸ਼ਨ ਚੰਦਰ

# ਯਮਲਾ



ਸ਼ਾਹੂਕਾਰ ਨਾਲ ਸੱਤ ਸਾਲ ਮੁੱਕਦਮਾਂ ਝਗੜ ਕੇ ਵੀ ਜਦੋਂ ਯਮਲਾ ਮੁੱਕਦਮਾਂ ਹਾਰ ਗਿਆ ਤਾਂ ਬੜਾ ਹੀ ਪ੍ਰੇਸ਼ਾਨ ਹੋ ਕੇ ਘਰ ਵਾਪਸ ਆਇਆ ਤੇ ਆਪਣੀ ਘਰਵਾਲੀ ਨੂੰ ਕਹਿਣ ਲੱਗਾ, ਭਲੀਏ ਲੋਕੇ! ਹੁਣ ਤਾਂ ਅਹਿ ਘਰ ਖਾਲੀ ਕਰਨਾ ਈ ਪਏਗਾ ਤੇ ਜ਼ਮੀਨ ਵੀ ਹੱਥੋਂ ਜਾਏਗੀ।

ਸੁਣਨ ਸਾਰ ਉਸਦੀ ਘਰਵਾਲੀ ਰੋਣ ਲੱਗ ਪਈ ਤੇ ਨਿਆਣਿਆਂ ਨੇ ਚੀਕਾਟੇ ਛੱਡ ਦਿੱਤੇ। ਫੇਰ ਉਤਾਂਹ ਵੱਲ ਝਕਦੀ ਹੋਈ ਕਹਿਣ ਲੱਗੀ, ਹੁਣ ਤਾਂ ਉਹ ਮਾਲਕ ਹੀ ਤੈਨੂੰ ਬਚਾਅ ਸਕਦੈ।

ਯਮਲਾ ਪਿੰਡ ਦਾ ਇੱਕ ਮਿਹਨਤੀ ਜੱਟ ਸੀ। ਸਾਰੀ ਉਮਰ ਉਸਨੇ ਬਲਦਾਂ ਵਾਂਗ ਜੁਟ ਕੇ ਕੰਮ ਕੀਤਾ ਸੀ। ਹਮੇਸ਼ਾ ਆਪਣੇ ਈਸ਼ਟ ਦੀ ਪੂਜਾ ਕੀਤੀ ਸੀ। ਆਪਣੇ ਹਾਕਮਾਂ ਦੀ ਵਗਾਰ ਕੀਤੀ ਸੀ, ਸਾਹੂਕਾਰ ਸਾਹਮਣੇ ਸਿਰ ਨਿਵਾਇਆ ਸੀ, ਤੇ ਫੇਰ ਵੀ ਜਦੋਂ ਉਸ ਦੇ ਖ਼ਿਲਾਫ਼ ਮਕਾਨ ਤੇ ਜ਼ਮੀਨ ਦੀ ਕੁਰਕੀ ਦੀ ਡਿਗਰੀ ਹੋ ਗਈ ਤਾਂ ਉਸਦਾ ਦਿਲ ਦੁਖੀ ਹੋ ਗਿਆ ਤੇ ਉਸਨੂੰ ਹਿਰਖ ਚੜ੍ਹਨ ਲੱਗ ਪਿਆ। ਪਰ ਉਸਨੇ ਹਿੰਮਤ ਨਹੀਂ ਹਾਰੀ। ਘਰਵਾਲੀ ਦੀ ਗੱਲ ਸੁਣ ਕੇ, ਉਸਨੇ ਮਾਲਕ ਨੂੰ ਲੱਭਣ ਦਾ ਪੱਕਾ ਇਰਾਦਾ ਕਰ ਲਿਆ।

ਸਭ ਤੋਂ ਪਹਿਲਾਂ ਉਹ ਪਿੰਡ ਦੇ ਪਟਵਾਰੀ ਨੂੰ ਮਿਲਿਆ, ਕਿਉਂਕਿ ਉਸਨੇ ਸੁਣਿਆਂ ਹੋਇਆ ਸੀ ਕਿ ਧਰਤੀ ਤਾਂ ਪਟਵਾਰੀ ਦੀ ਹੁੰਦੀ ਹੈ, ਉਹ ਜਿਧਰ ਚਾਹੇ ਆਪਣੀ ਜ਼ਰੀਬ ਖਿਸਕਾ ਦਏ ।

ਪਹਿਲਾਂ ਮੇਰੀਆਂ ਲੱਤਾਂ ਘੁੱਟ, ਫੇਰ ਦਸਾਂਗਾ। ਪਟਵਾਰੀ ਹੁਰੀਂ ਬੋਲੇ।

ਯਮਲਾ ਆਪ ਵੀ ਖਾਸਾ ਥੱਕਿਆ ਹੋਇਆ ਸੀ, ਪਰ ਉਸਨੇ ਉਪਰ ਵਾਲੇ ਦਾ ਪਤਾ ਪੁੱਛਣਾ ਸੀ ਇਸ ਲਈ ਉਹ ਬੜੀ ਲਗਣ ਨਾਲ, ਪੂਰੇ ਦੋ ਘੰਟੇ, ਪਟਵਾਰੀ ਜੀ ਦੀਆਂ ਲੱਤਾਂ ਘੁੱਟਦਾ ਰਿਹਾ ਤੇ ਜਦੋਂ ਉਹ ਉਂਘਣ ਲੱਗ ਪਏ, ਉਸ ਫੇਰ ਪੁੱਛਿਆ :

ਮੋਤੀਆਂ ਵਾਲਿਓ, ਹੁਣ ਤਾਂ ਦੱਸ ਦਿਓ ਉਪਰ ਵਾਲਾ ਕਿੱਥੇ ਰਹਿੰਦਾ ਏ ?

ਉਂਘਦਾ ਹੋਇਆ ਪਟਵਾਰੀ ਬੋਲਿਆ, ਇੱਥੋਂ ਚੋਖੀ ਦੂਰ। ਉਤਾਂਹ...ਅਸਮਾਨ ਵਿੱਚ ਇੱਕ ਟਾਪੂ ਏ, ਜਿਸ ਦੇ ਕਿਨਾਰੇ ਕਿਨਾਰੇ ਗੁਲਾਬੀ ਮੋਤੀ ਟੰਗੇ ਹੋਏ ਨੇ, ਉੱਥੇ ਉਪਰ ਵਾਲਾ ਰਹਿੰਦਾ ਏ, ਜਿਹੜਾ ਸਾਰੀ ਧਰਤੀ ਦਾ ਮਾਲਕ ਏ।

ਏਨੀ ਗੱਲ ਕਹਿ ਕੇ ਪਟਵਾਰੀ ਜੀ ਸੌਂ ਗਏ। ਯਮਲੇ ਨੇ ਨਿਮਰਤਾ ਨਾਲ ਦੋਏ ਹੱਥ ਜੋੜੇ, ਸਿਰ ਝੁਕਾਇਆ ਤੇ ਆਪਣੀ ਪੱਗ ਨੂੰ ਬੋਚਦਾ ਹੋਇਆ, ਪਟਵਾਰੀ ਹੁਰਾਂ ਦੇ ਕਮਰੇ ਵਿਚੋਂ ਬਾਹਰ ਨਿਕਲ ਆਇਆ।

ਤੇ ਫੇਰ ਯਮਲਾ ਇੱਕ ਤਾੜ ਦੇ ਰੁੱਖ ਉੱਤੇ ਜਾ ਚੜ੍ਹਿਆ ਤੇ ਉਸਦੀ ਟੀਸੀ 'ਤੇ ਪਹੁੰਚ ਕੇ ਅਸਮਾਨ ਵੱਲ ਚੜ੍ਹਨ ਲੱਗਾ—ਉਤਾਂਹ, ਹੋਰ ਉਤਾਂਹ! ਇੱਥੋਂ ਤਕ ਕਿ ਬੱਦਲ ਹੇਠਾਂ ਰਹਿ ਗਏ, ਹਵਾ ਹੇਠਾਂ ਰਹਿ ਗਈ, ਰੁੱਤਾਂ ਹੇਠਾਂ ਰਹਿ ਗਈਆਂ, ਫਾਸਲੇ ਤੇ ਚਾਨਣ ਹੇਠਾਂ ਰਹਿ ਗਏ ਪਰ ਉਹ ਚੜ੍ਹਦਾ ਹੀ ਗਿਆ ਤੇ ਤੁਰਦਾ ਹੀ ਰਿਹਾ—ਉੱਪਰ, ਹੋਰ ਉੱਪਰ; ਉਤਾਂਹ ਹੀ ਉਤਾਂਹ!

ਤੁਰਦਿਆਂ ਤੁਰਦਿਆਂ ਉਸਨੂੰ ਇੱਕ ਟਾਪੂ ਦਿਸਿਆ, ਚਿੱਟੇ ਸਮੁੰਦਰ ਵਿਚਾਲੇ ਇੱਕ ਕਾਲਾ ਟਾਪੂ ਜਿਸਦੇ ਆਲੇ ਦੁਆਲੇ ਗੁਲਾਬੀ ਮੋਤੀਆਂ ਦੀਆਂ ਝਾਲਰਾਂ ਲਟਕ ਰਹੀਆਂ ਸਨ।

ਯਮਲੇ ਨੇ ਆਪਣੀ ਜੁੱਤੀ ਲਾਹ ਕੇ ਝਾੜੀ ਤੇ ਰੱਸੀ ਨਾਲ ਬੰਨ੍ਹ ਕੇ ਮੋਢੇ ਤੋਂ ਪਿਛਾਂਹ ਵੱਲ ਸੁੱਟ ਲਈ ਤੇ ਫੇਰ ਉਸ ਚਿੱਟੇ ਸਮੁੰਦਰ ਵਿਚ ਛਾਲ ਮਾਰ ਦਿੱਤੀ। ਜਾਨ ਦੀ ਬਾਜੀ ਲਾ ਕੇ ਤੈਰਦਾ ਹੋਇਆ ਉਹ ਦੂਜੇ ਕਿਨਾਰੇ ਉੱਤੇ ਜਾ ਪਹੁੰਚਿਆ। ਏਥੇ ਇੱਕ ਵੱਡਾ ਸਾਰਾ ਦਰਵਾਜ਼ਾ ਸੀ, ਜਿਸਦੇ ਦੋਏ ਬਾਰ ਬੰਦ ਸਨ ਪਰ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਸ ਬੰਦ ਦਰਵਾਜ਼ੇ ਵਿਚੋਂ ਇੰਜ ਅੰਦਰ ਲੰਘੇ ਜਾ ਰਹੇ ਸਨ ਜਿਵੇਂ ਕੱਚ ਦੀ ਸਲੇਬ ਵਿਚੋਂ ਚਾਨਣ ਲੰਘ ਜਾਂਦਾ ਹੈ।

ਤੇ ਜਦੋਂ ਯਮਲੇ ਨੇ ਲੰਘਣਾ ਚਾਹਿਆ ਤਾਂ ਉਹ ਲੰਘ ਨਾ ਸਕਿਆ ਤੇ ਬਾਹਰੋਂ ਹੀ ਬਾਰ ਖੜਕਾਉਣ ਲੱਗ ਪਿਆ। ਉਸਦਾ ਰੌਲਾ-ਰੱਪਾ ਸੁਣ ਕੇ ਦਰਵਾਜ਼ੇ ਵਿਚਲੀ ਇੱਕ ਨਿੱਕੀ ਜਿਹੀ ਬਾਰੀ ਖੁੱਲ੍ਹੀ ਤੇ ਇੱਕ ਚਿੱਟ-ਦਾੜ੍ਹੀਏ ਬੁੱਢੇ ਨੇ ਆਪਣੀ ਧੌਣ ਬਾਹਰ ਕੱਢ ਕੇ ਆਪਣੀਆਂ ਨੀਲੀਆਂ ਅੱਖਾਂ ਨਾਲ ਉਸ ਵੱਲ ਬੜੀ ਹੈਰਾਨੀ ਨਾਲ ਤੱਕਿਆ ਤੇ ਪੁੱਛਿਆ:

ਕੀ ਗੱਲ ਏ ਬਈ ?

ਇੱਕ ਫਰਿਆਦ ਏ ਜੀ !

ਫਰਿਆਦਾਂ ਦੇ ਫੈਸਲੇ ਇੱਥੇ ਨਹੀਂ ਹੁੰਦੇ ਉੱਪਰ ਹੁੰਦੇ ਨੇ। ਬੁੱਢੇ ਨੇ ਉਤਰ ਦਿੱਤਾ।

ਉੱਪਰ ? ਉੱਪਰ ਕਿੱਥੇ ਜੀ ?

ਉੱਪਰ, ਜਨੱਤ ਅਤੇ ਜਹਨੁੱਮ ਵਿੱਚ; ਨਰਕ ਅਤੇ ਸਵਰਗ ਵਿੱਚ; ਹੈਵਨ ਅਤੇ ਹੇਲ ਵਿੱਚ। ਬੁੱਢਾ ਬੋਲਿਆ।

ਤਾਂ ਕੀ ਉਪਰ ਵਾਲਾ ਇੱਥੇ ਨਹੀਂ ਰਹਿੰਦਾ ? ਯਮਲੇ ਨੇ ਬੜੀ ਮਾਯੂਸੀ ਨਾਲ ਪੁੱਛਿਆ।

ਨਹੀਂ। ਬੁੱਢੇ ਨੇ ਬੜੀ ਲਾਪ੍ਰਵਾਹੀ ਨਾਲ ਕਿਹਾ, ਇਹ ਜਜ਼ੀਰਾ ਤਾਂ ਜ਼ਮੀਨ ਤੋਂ ਆਉਣ ਵਾਲੀਆਂ ਰੂਹਾਂ ਦੀ ਸਰਾਂ ਏਂ। ਇੱਥੇ ਥੱਕੀਆਂ-ਹਾਰੀਆਂ, ਭੁੱਖੀਆਂ-ਪਿਆਸੀਆਂ ਮੁਸਾਫਰ ਰੂਹਾਂ ਆਰਾਮ ਕਰਦੀਆਂ ਨੇ। ਖਾਣਾ ਖਾਂਦੀਆਂ ਨੇ ਤੇ ਰਾਤ ਕੱਟ ਕੇ ਸਵੇਰੇ ਫੇਰ ਆਪਣੇ ਸਫਰ 'ਤੇ ਰਵਾਨਾ ਹੋ ਜਾਂਦੀਆਂ ਨੇ।

ਮੈਂ ਵੀ ਥੱਕਿਆ ਹੋਇਆਂ, ਭੁੱਖਾ-ਪਿਆਸਾ ਵੀ ਆਂ, ਮੈਨੂੰ ਵੀ ਕੁਝ ਖਾਣ ਲਈ ਦਿਓ। ਯਮਲਾ ਬੜੀ ਨਿਮਰਤਾ ਨਾਲ ਬੋਲਿਆ। ਉਸਦੇ ਹਲਕ ਵਿੱਚ ਕੰਡੇ ਜਿਹੇ ਚੁਭ ਰਹੇ ਸਨ। ਪੈਰਾਂ ਦੀਆਂ ਤਲੀਆਂ ਵਿਚੋਂ ਖ਼ੂਨ ਰਿਸ ਰਿਹਾ ਸੀ...ਤੇ ਬੜੀ ਭੁੱਖ ਲੱਗੀ ਹੋਈ ਸੀ।

ਕੀ ਤੂੰ ਕੋਈ ਰੂਹ ਏਂ ? ਬੁੱਢੇ ਨੇ ਪੁੱਛਿਆ।

ਨਹੀਂ ਜੀ, ਮੈਂ ਤਾਂ ਯਮਲਾ ਜੱਟ ਆਂ । ਯਮਲੇ ਨੇ ਬੜੇ ਭੋਲੇਪਨ ਵਿੱਚ ਕਿਹਾ।

ਤਾਂ ਤੇ ਉੱਪਰ ਜਾਹ, ਏਥੇ ਤੇਰੀ ਖਾਤਰ ਕੋਈ ਜਗ੍ਹਾ ਨਹੀਂ। ਕਹਿ ਕੇ ਬੁੱਢੇ ਨੇ ਬਾਰੀ ਭੇੜ ਲਈ।

ਯਮਲੇ ਦੇ ਦੁਖੀ ਦਿਲ 'ਚੋਂ ਇੱਕ ਆਹ ਨਿਕਲੀ ਤੇ ਉਹ ਮੁੜ ਆਪਣੇ ਸਫਰ ਉੱਤੇ ਰਵਾਨਾ ਹੋ ਗਿਆ।

ਕਿੰਨੇ ਦਿਨ, ਕਿੰਨੇ ਮਹੀਨੇ, ਕਿੰਨੇ ਸਾਲ ਉਹ ਸਫਰ ਕਰਦਾ ਰਿਹਾ—ਉਸਨੂੰ ਕੁਝ ਵੀ ਯਾਦ ਨਹੀਂ ਸੀ ਰਿਹਾ। ਬਸ ਏਨਾ ਯਾਦ ਸੀ ਕਿ ਇਕ ਉਜਾੜ ਜੰਗਲ ਸੀ ਜਿਸ ਵਿੱਚ ਉਹ ਸਫਰ ਕਰਦਾ ਰਿਹਾ ਸੀ। ਅਖ਼ੀਰ ਇੱਕ ਦਿਨ ਉਸਨੂੰ ਇੱਕ ਕਿਲਾ ਨਜ਼ਰ ਆਇਆ ਜਿਸ ਦੀਆਂ ਕੰਧਾਂ ਭਖਦੇ ਹੋਏ ਅੰਗਿਆਰ ਜਾਪਦੀਆਂ ਸਨ ਤੇ ਉਪਰੀ ਕਿਨਾਰਿਆਂ ਵਿਚੋਂ ਅੱਗ ਦੀਆਂ ਲਟਾਂ ਨਿਕਲ ਰਹੀਆਂ ਸਨ। ਅੰਦਰੋਂ ਕਰੋੜਾਂ ਇਨਸਾਨਾਂ ਦੇ ਕਰਾਹੁਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਕਿਲੇ ਦੇ ਦਰਵਾਜ਼ੇ ਦੇ ਬਾਹਰ ਇਕ ਤਖ਼ਤਪੋਸ਼ ਉੱਤੇ ਇਕ ਬੁੱਢਾ ਆਦਮੀ ਸੁੱਤਾ ਪਿਆ ਸੀ। ਉਸਦੇ ਕੱਪੜੇ ਬੜੇ ਮੈਲੇ ਤੇ ਲੰਗਾਰ ਹੋਏ-ਹੋਏ ਸਨ। ਸਿਰ ਤੇ ਦਾੜ੍ਹੀ ਦੇ ਵਾਲਾਂ ਦੀਆਂ ਜਟਾਂ ਬੱਝ ਗਈਆਂ ਸਨ। ਪਿੰਡੇ ਵਿਚੋਂ ਬੋ ਪਈ ਆਉਂਦੀ ਸੀ, ਪਰ ਉਹ ਘੂਕ ਸੁੱਤਾ ਪਿਆ ਸੀ।

ਯਮਲੇ ਨੇ ਉਸਦੇ ਨੇੜੇ ਜਾ ਕੇ ਉਸਨੂੰ ਹਲੂਣਿਆਂ ਤਾਂ ਉਹ ਤ੍ਰਬਕ ਕੇ ਉਠ ਬੈਠਾ।

ਕੀ ਗੱਲ ਐ, ਓਇ ? ਉਹ ਰਤਾ ਹਿਰਖ ਕੇ ਬੋਲਿਆ ਤਾਂ ਉਸਦੇ ਮੂੰਹ ਵਿਚੋਂ ਵੀ ਦੋ ਕੁ ਅੰਗਿਆਰ ਝੜੇ।

ਇੱਕ ਅਰਜ਼ ਕਰਨੀ ਸੀ ਜੀ, ਤਖ਼ਤਾਂ ਵਾਲਿਓ !

ਬੁੱਢੇ ਨੇ ਕਿਹਾ, ਅਰਜ਼! ਹੂੰ, ਪਹਿਲਾਂ ਮੇਰੀਆਂ ਜੂੰਆਂ ਕੱਢ, ਫੇਰ ਸੁਣਾਂਗਾ।

ਖਾਸੀ ਦੇਰ ਤਕ ਯਮਲਾ ਉਸਦੀਆਂ ਜੂੰਆਂ ਕੱਢਦਾ ਰਿਹਾ। ਜਦੋਂ ਬੁੱਢੇ ਨੂੰ ਕੁਝ ਸ਼ਾਂਤੀ ਮਹਿਸੂਸ ਹੋਈ ਤਾਂ ਉਸਨੇ ਉਸਦੀ ਬਿਪਤਾ ਸੁਣੀ ਤੇ ਆਖਿਆ :

ਜੇ ਤੂੰ ਆਪਣੀ ਆਤਮਾਂ ਮੈਨੂੰ ਦੇ ਦੇਵੇਂ ਤਾਂ ਮੈਂ ਹੀ ਤੇਰੀ ਜ਼ਮੀਨ ਤੈਨੂੰ ਵਾਪਸ ਦਿਵਾ ਸਕਦਾ ਹਾਂ।

ਮੇਰੇ ਕੋਲ ਮੇਰਾ ਆਪਣਾ ਤਾਂ ਕੁਝ ਵੀ ਨਹੀਂ। ਯਮਲਾ ਬੋਲਿਆ, ਮੇਰੀ ਜ਼ਮੀਨ ਤੇ ਮੇਰਾ ਮਕਾਨ ਕੁਰਕ ਕਰ ਲਿਆ ਗਿਐ, ਮੇਰਾ ਜਿਸਮ ਹਾਕਮਾਂ ਦਾ ਏ, ਆਤਮਾਂ ਮੇਰੇ ਇਸ਼ਟ ਦੇ ਪੁਜਾਰੀ ਦੀ—ਮੇਰੇ ਕੋਲ ਆਪਣਾ ਕੁਝ ਵੀ ਨਹੀਂ ਜੋ ਤੁਹਾਨੂੰ ਦੇ ਸਕਾਂ।

ਤਾਂ ਫੇਰ ਤੂੰ ਜਾਹ ਉਪਰ ਵਾਲੇ ਦੇ ਕੋਲ ਈ।

ਤੇ ਤੂੰ ਉਪਰ ਵਾਲਾ ਨਹੀਂ ? ਯਮਲੇ ਨੇ ਬੜੀ ਹੈਰਾਨੀ ਨਾਲ ਪੁੱਛਿਆ।

ਨਹੀਂ, ਮੈਂ ਸ਼ੈਤਾਨ ਆਂ। ਬੁੱਢਾ ਹਿਰਖ ਕੇ ਆਪਣੇ ਵਾਲ ਪੁੱਟਦਾ ਹੋਇਆ ਆਖਣ ਲੱਗਾ। ਉਸਦੇ ਸਿਰ ਵਿਚੋਂ ਵੀ ਚੰਗਿਆੜੀਆਂ ਕਿਰ ਰਹੀਆਂ ਸਨ। ਉੱਪਰ ਵਾਲੇ ਨੇ ਮੈਨੂੰ ਛੱਡ ਦਿੱਤਾ ਐ। ਮੈਂ ਕਰੋੜਾਂ ਵਰ੍ਹਿਆਂ ਤੋਂ ਨਹਾਤਾ ਨਹੀਂ, ਮੇਰੇ ਪਿੰਡੇ 'ਚੋਂ ਮੁਸ਼ਕ ਆਉਣ ਲੱਗ ਪਈ ਐ ਤੇ ਮੈਂ ਪਾਣੀ ਦੀ ਭਾਲ ਵਿਚ ਆਂ।

ਯਮਲੇ ਨੇ ਆਪਣੀ ਮਿੱਟੀ ਦੀ ਸੁਰਾਹੀ ਵਿੱਚ ਬਚਿਆ ਆਖ਼ਰੀ ਦੋ ਘੁੱਟ ਪਾਣੀ ਸ਼ੈਤਾਨ ਨੂੰ ਪਿਆ ਦਿੱਤਾ...ਤੇ ਸਿੱਧਾ ਬੈਕੁੰਠ ਵਿਚ ਜਾ ਪਹੁੰਚਿਆ। ਅਗਾਂਹ ਰੱਬ ਨੇ ਉਸਨੂੰ ਕਿਹਾ, ਯਮਲਿਆ, ਮੈਂ ਰੱਬ ਹਾਂ। ਏਸ ਸਵਰਗ ਦਾ ਰੱਬ, ਪਰ ਤੇਰੀ ਮੁਸ਼ਕਲ ਦਾ ਹੱਲ ਮੇਰੇ ਕੋਲ ਵੀ ਨਹੀਂ...ਕਿਉਂਕਿ ਮੈਂ ਉੱਪਰ ਵਾਲਾ ਨਹੀਂ।

ਇਹ ਗੱਲ ਸੁਣ ਕੇ ਯਮਲੇ ਦਾ ਚਿੱਤ ਘਿਰਨ ਲੱਗ ਪਿਆ। ਉਸਦੇ ਮੂੰਹੋਂ ਅਚਾਨਕ ਨਿਕਲਿਆ :

ਜੇ ਤੂੰ ਵੀ ਉੱਪਰ ਵਾਲਾ ਨਹੀਂ ਤਾਂ ਫੇਰ ਹੋਰ ਕੌਣ ਐਂ, ਉੱਪਰ ਵਾਲਾ ?

ਰੱਬ ਨੇ ਯਮਲੇ ਦੇ ਮੋਢੇ ਉਤੇ ਹੱਥ ਰੱਖ ਕੇ ਬੜੇ ਪਿਆਰ ਨਾਲ ਆਖਿਆ, ਇਹ ਤੁਹਾਡੇ ਤਾਰੇ, ਨਛੱਤਰ, ਜਿਹਨਾਂ ਨੂੰ ਤੁਸੀਂ ਸੂਰਜ ਤੇ ਗ੍ਰਹਿਆਂ ਆਦਿ ਦਾ ਚੱਕਰ ਕਹਿੰਦੇ ਹੋ, ਮੈਂ ਤਾਂ ਸਿਰਫ ਏਨੀ ਕੁ ਜਗ੍ਹਾ ਵਿੱਚ ਵਸਦੇ ਮੰਨੁਖਾਂ ਦੀ ਕਿਸਮਤ ਦਾ ਪ੍ਰਮਾਤਮਾਂ ਹਾਂ...ਉੱਪਰ ਵਾਲਾ ਨਹੀਂ। ਉਸਦੀ ਆਵਾਜ਼ ਕਿਸੇ ਡੂੰਘੀ ਝੀਲ ਵਾਂਗ ਸ਼ਾਂਤ ਸੀ।

ਤਾਂ ਫੇਰ ਉੱਪਰ ਵਾਲਾ ਕਿੱਥੇ ਐ ? ਯਮਲਾ ਬੋਲਿਆ, ਮੈਂ ਉਸਨੂੰ ਲੱਭਣ ਆਇਆਂ ਜੀ। ਜੇ ਉਹ ਨਾ ਮਿਲਿਆ ਤਾਂ ਮੇਰੀ ਜ਼ਮੀਨ ਖੁੱਸ ਜਾਏਗੀ ਤੇ ਫੇਰ ਮੇਰੀ ਘਰਵਾਲੀ ਤੇ ਬੱਚਿਆਂ ਦਾ ਕੀ ਬਣੇਗਾ ?...ਜੇ ਮੇਰੀ ਜ਼ਮੀਨ ਈ ਮੇਰੀ ਨਾ ਰਹੀ...

ਤੇ ਫੇਰ ਰੱਬ ਨੇ ਉਸਨੂੰ ਦੱਸਿਆ, ਉੱਪਰ ਵਾਲਾ ਚੋਖੀ ਦੂਰ ਉਤਾਂਹ ਰਹਿੰਦਾ ਏ, ਆਕਾਸ਼ ਗੰਗਾ ਤੋਂ ਵੀ ਖਾਸਾ ਉੱਪਰ। ਉਥੋਂ ਤਕ ਪਹੁੰਚਣ ਵਾਸਤੇ ਤੈਨੂੰ ਇੱਕ ਘੋਗੇ ਦੀ ਸੂਰਤ ਵਿੱਚ ਤੁਰਨਾ ਪਏਗਾ...ਇਕ ਵਾਰੀ ਆਪਣੇ ਦਿਲ ਦੇ ਅੰਦਰ ਤੇ ਦੋ ਵਾਰੀ ਆਪਣੇ ਦਿਲ ਤੋਂ ਬਾਹਰ, ਤੇ ਤੈਨੂੰ ਲੱਖਾਂ ਤਾਰਿਆਂ ਤੇ ਮੁੱਖ ਨਛੱਤਰਾਂ ਵਿਚੋਂ ਲੰਘ ਕੇ ਉਸ ਵਿਸ਼ਾਲ ਰਾਜਪਥ ਉੱਤੇ ਪਹੁੰਚਣਾ ਪਏਗਾ ਜਿੱਥੇ ਉਪਰ ਵਾਲਾ ਰਹਿੰਦਾ ਏ। ਪਰ ਉਹ ਏਸ ਜਨੱਤ ਤੇ ਜਹਨੁੱਮ, ਸਵਰਗ ਤੇ ਨਰਕ, ਹੈਵਨ ਤੇ ਹੇਲ ਤੋਂ ਬੜੀ ਦੂਰ ਹੈ।

ਉਹ ਕਿਤੇ ਵੀ ਹੋਏ ਮੈਂ ਉਸ ਕੋਲ ਜ਼ਰੂਰ ਅਪੜਾਂਗਾ। ਸ਼੍ਰੀਮਾਨ ਜੀ, ਇਹ ਮੇਰੀ ਜ਼ਮੀਨ ਦਾ ਮਾਮਲਾ ਐ! ਯਮਲੇ ਨੇ ਬੜੀ ਦਰਿੜਤਾ ਨਾਲ ਕਿਹਾ ਤੇ ਅਗਲੇ ਸਫਰ ਉੱਤੇ ਰਵਾਨਾ ਹੋ ਗਿਆ।

ਉਹ ਤੁਰਦਾ ਰਿਹਾ, ਨਛੱਤਰ ਰਾਹਾਂ ਦੀ ਧੂੜ ਬਣ ਗਏ ਤੇ ਘੋਗੇ ਸਿਮਟ ਕੇ ਪੈੜਾਂ ਦੇ ਨਿਸ਼ਾਨ। ਫਾਸਲੇ ਸੁੰਨ ਵਿੱਚ ਬਦਲ ਗਏ ਤੇ ਸਮਾਂ ਸੱਪ ਦੀ ਤੋਰ ਰੀਂਘਦਾ ਰਿਹਾ...ਤੇ ਜਦੋਂ ਉਹ ਤੁਰਦਾ ਹੋਇਆ ਆਕਾਸ਼ ਗੰਗਾ ਦੀ ਟੀਸੀ ਉੱਤੇ ਪਹੁੰਚਿਆ ਜਿੱਥੇ ਵਿਸ਼ਾਲ ਰਾਜਪਥ ਸਮਾਪਤ ਹੁੰਦਾ ਹੈ, ਤਾਂ ਉਸਨੇ ਦੇਖਿਆ ਕਿ ਇੱਕ ਔਰਤ ਆਪਣੇ ਸਿਰ ਦੇ ਵਾਲ ਖਿਲਾਰੀ ਬੈਠੀ ਰੋ ਰਹੀ ਹੈ। ਯਮਲੇ ਨੂੰ ਬੜੀ ਹੈਰਾਨੀ ਹੋਈ ਤੇ ਉਸਨੇ ਉਸ ਔਰਤ ਨੂੰ ਪੁੱਛਿਆ, ਤੂੰ ਕਿਉਂ ਰੋ ਰਹੀ ਐਂ ਬਈ ?

ਮੈਂ ਉਪਰ ਵਾਲੇ ਨੂੰ ਭਾਲ ਰਹੀ ਆਂ। ਔਰਤ ਨੇ ਹਟਕੋਰੇ ਲੈਂਦਿਆਂ ਤੇ ਰੋਂਦਿਆਂ ਰੋਂਦਿਆਂ ਕਿਹਾ, ਪਰ ਉਹ ਕਿਤੇ ਲੱਭਦਾ ਈ ਨਹੀਂ ਪਿਆ।

ਉਸਦਾ ਕੋਈ ਪਤਾ ਠਿਕਾਣਾ ਤਾਂ ਹੋਊ ? ਯਮਲੇ ਮੱਥੇ ਉੱਤੇ ਆਇਆ ਪਸੀਨਾ ਪੂੰਝਦਿਆਂ ਕਿਹਾ।

ਬੜੀ ਦੂਰ ਉਪਰ ਰਹਿੰਦਾ ਏ ਕਿਤੇ। ਮੇਰੀ ਆਕਾਸ਼ ਗੰਗਾ ਤੋਂ ਅਗਾਂਹ...ਔਹ ਨਿਬੁਲਾ ਦੇਖ ਰਿਹੈਂ ਨਾ? ਉਸ ਨਿਬੁਲੇ ਦੇ ਉਸ ਪਾਰ ਇੱਕ ਹਜਾਰ ਹਿਉਲੇ ਨਜ਼ਰ ਆਉਣਗੇ, ਫੇਰ ਉਹਨਾਂ ਨੂੰ ਪਾਰ ਕਰਕੇ ਤੈਨੂੰ ਇੱਕ ਹਜਾਰ ਨਿਬੁਲੇ ਹੋਰ ਮਿਲਣਗੇ...ਉਹਨਾਂ ਤੋਂ ਅਗਾਂਹ ਸ਼ਰਿਸਟੀ ਦੀ ਆਖ਼ਰੀ ਹੱਦ 'ਤੇ ਸ਼ਾਇਦ ਉਹ ਨਿਬੁਲਾ ਏ, ਜਿੱਥੇ ਉਪਰ ਵਾਲਾ ਰਹਿੰਦਾ ਏ। ਪਰ ਤੂੰ ਉਥੋਂ ਤਾਈਂ ਅਪੜੇਂਗਾ ਕਿਵੇਂ ? ਉੱਥੇ ਤਾਂ ਅੱਜ ਤਾਈਂ ਕੋਈ ਨਹੀਂ ਪਹੁੰਚ ਸਕਿਆ।

ਓਇ, ਭਲੀਏ ਲੋਕੇ, ਯਮਲੇ ਨੇ ਹੱਸ ਕੇ ਕਿਹਾ, ਪੈਂਡਾ ਭਾਵੇਂ ਕਿੰਨਾ ਵੀ ਔਖਾ ਕਿਉਂ ਨਾ ਹੋਏ, ਜੱਟ ਆਖ਼ਰ ਅੱਪੜ ਈ ਜਾਂਦਾ ਐ।

ਉੱਥੇ ਜਾ ਕੇ ਕੀ ਕਰੇਂਗਾ ? ਔਰਤ ਨੇ ਹੰਝੂ ਪੂੰਝਦਿਆਂ ਕਿਹਾ, ਦੇਖ ਮੇਰਾ ਘਰ ਕਿੰਨਾ ਸੁੰਦਰ ਏ...ਅਹਿ ਆਕਾਸ਼ ਗੰਗਾ ਦੀ ਟੀਸੀ, ਇਹ ਹੀਰੇ ਮੋਤੀ ਜੜਿਆ ਵਿਸ਼ਾਲ ਰਾਜਪਥ...ਇਸਦੀ ਇੱਕ ਇੱਕ ਕਣੀ, ਕੋਹਨੂਰ ਨਾਲੋਂ ਵਧ ਕੀਮਤੀ ਹੈ। ਉਹ ਮੁਸਕਰਾ ਰਹੀ ਸੀ। ਯਮਲੇ ਨੂੰ ਉਸਦੀ ਮੁਸਕਾਨ ਬੜੀ ਭਲੀ ਲੱਗੀ, ਪਰ ਉਸ ਕਿਹਾ :

ਮੈਨੂੰ ਮੇਰੀ ਜ਼ਮੀਨ ਚਾਹੀਦੀ ਐ, ਭਲੀਏ ਲੋਕੇ! ਤੂੰ ਉਹ ਮਸਾਲ ਨਹੀਂ ਸੁਣੀ—ਢਿੱਡ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ। ਹੁਣ ਮੈਨੂੰ ਜਾਣ-ਦੇ। ਤੂੰ ਮੈਨੂੰ ਰਾਹੇ ਪਾ ਦਿੱਤਾ ਤੇਰਾ ਲੱਖ ਲੱਖ ਸ਼ੁਕਰੀਆ।

ਤੇ ਉਹ ਆਕਾਸ਼ ਗੰਗਾ ਦੀ ਟੀਸੀ ਨੂੰ ਪਾਰ ਕਰਕੇ ਪਹਿਲੇ ਨਿਬੁਲੇ ਵਿੱਚ ਜਾ ਪਹੁੰਚਿਆ। ਨਿਬੁਲੇ ਵਿਚੋਂ ਨਿਕਲ ਕੇ ਫੈਲੀ ਹੋਈ ਗੈਸ ਦੇ ਵਰੋਲਿਆਂ ਵਿੱਚ ਪਹੁੰਚ ਗਿਆ। ਇੱਕ ਹਜ਼ਾਰ ਚੱਕਰਾਂ ਦੀ ਸਰਿਸ਼ਟੀ ਤੋਂ ਅਗਾਂਹ ਇੱਕ ਹਜ਼ਾਰ ਨਿਬੁਲਿਆਂ ਦੇ ਚੱਕਰਦਾਰ ਰਸਤਿਆਂ ਤੋਂ ਹੁੰਦਾ ਹੋਇਆ ਆਖ਼ਰੀ ਨਿਬੁਲੇ ਉੱਤੇ ਜਾ ਪਹੁੰਚਿਆ। ਉੱਥੇ ਉਸਨੇ ਸੱਤ ਰੰਗੀਆਂ ਰੌਸ਼ਨੀਆਂ ਦੇ ਇੱਕ ਮਿਨਾਰ ਵਿੱਚ, ਇੱਕ ਛੇ ਸੱਤ ਸਾਲ ਦਾ ਬੱਚਾ ਬੈਠਾ ਦੇਖਿਆ ਜਿਹੜਾ ਗੈਸਾਂ ਤੇ ਮਹਿਲ ਬਣਾ ਰਿਹਾ ਸੀ।

ਹੂੰ! ਤਾਂ ਤੂੰ ਐਂ ਉੱਪਰ ਵਾਲਾ... ਯਮਲੇ ਨੇ ਬੜੀ ਹੈਰਾਨੀ ਨਾਲ ਖੁਸ਼ ਹੋ ਕੇ ਉਸ ਡਾਢੇ ਪਿਆਰੇ ਬੱਚੇ ਵੱਲ ਤੱਕਦਿਆਂ ਕਿਹਾ, ਓਇ ਨਿੱਕਿਆ! ਉੱਪਰ ਵਾਲਿਆ!! ਧਰਤੀ ਦਿਆ ਮਾਲਕਾ!!!

ਬੱਚਾ ਖਿੜ ਖਿੜ ਕਰਕੇ ਹੱਸ ਪਿਆ ਤੇ ਬੋਲਿਆ, ਮੈਂ ਕੋਈ ਉੱਪਰ ਵਾਲਾ ਨਹੀਂ, ਮੈਂ ਤਾਂ ਇੱਕ ਬੱਚਾ ਆਂ। ਗੈਸਾਂ ਦੇ ਮਹਿਲ ਬਣਾ ਰਿਹਾਂ...

ਤਾਂ ਫੇਰ ਉਪਰ ਵਾਲਾ ਕਿੱਥੇ ਐ ? ਯਮਲੇ ਨੂੰ ਬੜੀ ਨਿਰਾਸ਼ਾ ਹੋਈ ਸੀ। ਉਸ ਕਿਹਾ, ਉੱਪਰ ਵਾਲਾ ਜਿਹੜਾ ਸਾਰੀ ਧਰਤੀ ਦਾ ਮਾਲਕ ਐ ?

ਧਰਤੀ ਦਾ ਮਾਲਕ! ਬੱਚੇ ਨੇ ਪੁੱਛਿਆ ਤੇ ਫੇਰ ਆਪੇ ਹੀ ਕਹਿਣ ਲੱਗਾ, ਧਰਤੀ ਦਾ ਮਾਲਕ ਤਾਂ ਏਥੋਂ ਬੜੀ ਦੂਰ ਰਹਿੰਦਾ ਹੈ।

ਏਥੋਂ ਵੀ ਦੂਰ ਐ ? ਉਪਰ ? ਦੂਰ ? ਅਗਾਂਹ ?...ਤੇ ਦੂਰ, ਉਪਰ, ਅਗਾਂਹ...ਪਰ ਕਿੱਥੇ ? ਕਈ ਸਵਾਲ ਯਮਲੇ ਇਕੋ ਸਾਹ ਪੁੱਛ ਲਏ ਸਨ।

ਬੱਚੇ ਨੂੰ ਕਿਸਾਨ ਦੀ ਮੂਰਖਤਾ ਉੱਤੇ ਹਾਸੀ ਆ ਗਈ। ਹੱਸਦਾ-ਹੱਸਦਾ ਉਹ ਲੋਟ-ਪੋਟ ਹੋ ਗਿਆ। ਫੇਰ ਬੜੀ ਮੁਸ਼ਕਲ ਨਾਲ ਆਪਣਾ ਹਾਸਾ ਰੋਕ ਕੇ ਬੋਲਿਆ, ਉਹ ਤਾਂ ਇੱਥੋਂ ਬੜੀ ਦੂਰ ਰਹਿੰਦਾ ਏ ਤੇ ਉਸ ਤਾਈਂ ਤਾਂ ਅੱਜ ਤਕ ਕੋਈ ਨਹੀਂ ਅੱਪੜ ਸਕਿਆ।

ਮੈਂ ਅੱਪੜਾਂਗਾ, ਮੈਂ !...ਤੇ ਅੱਪੜਾਂਗਾ ਵੀ ਲਾਜ਼ਮੀ। ਯਮਲੇ ਦੰਦ ਕਰੀਚ ਕੇ ਕਿਹਾ, ਤੂੰ ਮੈਨੂੰ ਉਸਦਾ ਪਤਾ-ਠਿਕਾਣਾ ਦਸ...ਬੱਸ।

ਬੱਚੇ ਨੇ ਕਿਹਾ, ਤਾਂ ਫੇਰ ਏਥੋਂ ਸਿੱਧਾ ਜਾਂਦਾ ਰਹਿ। ਏਸ ਨਿਬੁਲੇ ਤੋਂ ਅਗਾਂਹ ਇੱਕ ਹਜ਼ਾਰ ਅਜਿਹੇ ਹੀ ਨਿਬੁਲੇ ਆਉਣਗੇ, ਫੇਰ ਇੱਕ ਹਜ਼ਾਰ ਸਰਿਸ਼ਟੀ ਚੱਕਰ, ਫੇਰ ਇਕ ਹੋਰ ਨਿਬੁਲਾ, ਅਗਾਂਹ ਆਕਾਸ਼ ਗੰਗਾ ਤੇ ਫੇਰ ਇੱਕ ਧਰਤੀ ਦਾ ਗੋਲਾ। ਉਸ ਧਰਤੀ ਉੱਤੇ ਇੱਕ ਦੇਸ਼ ਹੈ, ਉਸ ਦੇਸ਼ ਵਿੱਚ ਇੱਕ ਪਿੰਡ ਹੈ, ਉਸ ਪਿੰਡ ਵਿੱਚ ਇੱਕ ਘਰ ਹੈ, ਉਸ ਘਰ ਵਿੱਚ ਇੱਕ ਆਦਮੀ ਰਹਿੰਦਾ ਹੈ, ਜਿਹੜਾ ਧਰਤੀ ਦਾ ਮਾਲਕ ਹੈ...ਤੇ ਉਸਦਾ ਨਾਂ ਹੈ ਯਮਲਾ।

ਪਰ ਯਮਲਾ ਤਾਂ ਮੈਂ ਈ-ਆਂ। ਯਮਲੇ ਨੇ ਆਪਣੀ ਹਿੱਕ ਉੱਤੇ ਹੱਥ ਰੱਖਦਿਆਂ ਕਿਹਾ ਤੇ ਜਿਵੇਂ ਹੀ ਉਸਨੇ ਆਪਣੀ ਹਿੱਕ ਉੱਤੇ ਹੱਥ ਰੱਖਿਆ, ਉਸਦੇ ਪੈਰਾਂ ਹੇਠੋਂ ਨਿਬੁਲਾ ਖਿਸਕ ਗਿਆ ਤੇ ਉਹ ਨਿਬੁਲਿਆਂ-ਹਿਉਲਿਆਂ, ਸਰਿਸ਼ਟੀ ਚੱਕਰਾਂ, ਆਕਾਸ਼ ਗੰਗਾਵਾਂ, ਹਜ਼ਾਰਾਂ ਸੂਰਜਾਂ, ਨਛੱਤਰਾਂ ਵਿਚਕਾਰੋਂ ਹੇਠਾਂ ਵੱਲ ਡਿਗਦਾ ਹੋਇਆ, ਮੂਧੜੇ-ਮੂੰਹ ਆਪਣੇ ਵਿਹੜੇ ਵਿੱਚ ਆ ਡਿੱਗਾ। ਖੜਾਕ ਸੁਣ ਕੇ ਉਸਦੀ ਘਰਵਾਲੀ ਬਾਹਰ ਨਿਕਲ ਆਈ ਤੇ ਉਸਨੂੰ ਹਲੂਣ ਕੇ ਕਹਿਣ ਲੱਗੀ :

ਮੈਂ ਕਿਹਾ ਜੀ, ਸ਼ਾਹੂਕਾਰ ਤੇਰੀ ਕੁਰਕੀ ਕਰਾਉਣ ਆ ਰਿਹਾ ਐ ਤੇ ਤੂੰ ਅਜੇ ਭੁੰਜੇ ਈ ਸੁੱਤਾ ਪਿਐਂ ਜੀ।

ਸੁਣਨ ਸਾਰ ਯਮਲਾ ਝੱਟ ਉਠ ਕੇ ਬੈਠਾ ਹੋ ਗਿਆ ਤੇ ਹਿਰਖ ਕੇ ਬੋਲਿਆ :

ਮੈਂ ਵੇਖੂੰ ਕਿਹੜਾ ਮਾਂ ਦਾ ਲਾਲ ਮੇਰੀ ਜ਼ਮੀਨ ਕੁਰਕ ਕਰੌਣ ਆਉਂਦੈ ? ਇਹ ਧਰਤੀ ਮੇਰੀ ਐ, ਮੈਂ ਇਸਦਾ ਮਾਲਕ ਆਂ।

ਏਨਾ ਆਖ ਕੇ ਯਮਲੇ ਨੇ ਆਪਣੀ ਡਾਂਗ ਚੁੱਕੀ ਤੇ ਘਰੋਂ ਬਾਹਰ ਨਿਕਲ ਆਇਆ।

# ਮੇਰੀ ਕਲਮ

## ਕਿਸਮਤ

ਪ੍ਰਮਿੰਦਰ ਸਿੰਘ ਪ੍ਰਵਾਨਾ

ਜਮੀਨ ਨਾਲ ਜੁੜੋ,
ਜਮੀਨ ਤੋਂ ਸਿੱਖੋ
ਜੋ ਵਿਕਾਸ ਦਾ
ਦਮ ਭਰਦੀ ਏ
ਆਪਣੀ ਹੋਂਦ ਪਛਾਣੋ
ਕਿਸਮਤ ਦੂਰ ਨਹੀਂ
ਤੁਹਾਡੇ ਨਾਲ ਹੀ ਹੈ
ਵਿਰਸੇ ਨੂੰ ਪਛਾਣੋ
ਵਿਰਸੇ ਨਾਲ ਤੁਰੋ
ਵਿਰਸਾ ਸੰਭਾਲੋ
ਆਪਣੀ ਸੋਚ
ਸਿੱਖਿਅਤ ਕਰੋ
ਦਿਲ ਦਿਮਾਗ
ਦਾ ਮੇਲ ਕਰੋ
ਸਿਆਣਪ ਮੰਨੋ
ਹੱਥੀਂ ਕ੍ਰਿਤ ਕਰੋ
ਕਿਰਤੀ ਦੀ ਕਦਰ ਕਰੋ
ਗਿਆਨ ਬਿਨਾਂ
ਸਿਆਣਪ ਨਹੀਂ ਜੁੜਦੀ
ਕਿਤਾਬਾਂ ਤੋਂ ਸਿੱਖੋਂ
ਕੱਲ੍ਹ ਤੋਂ
ਅੱਜ ਸੰਵਾਰੋ
ਗਿਆਨ ਦੀ ਉਡਾਨ ਭਰੋ
ਸੁਪਨਿਆਂ ਨੂੰ
ਆਬਾਦ ਕਰੋ
ਗਿਆਨ ਨੂੰ
ਹੁਨਰ ਬਣਾਓ
ਉਸਦਾ ਪ੍ਰਚਾਰ ਕਰੋ
ਕਦਰਾਂ ਕੀਮਤਾਂ
ਸਾਂਭ ਲਵੋ
ਖੁਸ਼ਹਾਲ ਹੋ ਜਾਵੋ
ਕਿਸਮਤ ਦੂਰ ਨਹੀਂ
ਤੁਹਾਡੇ ਨਾਲ ਹੀ ਹੈ
ਆਪਣੀ ਹੋਂਦ ਪਛਾਣੋ॥

## ਹਰੀ ਪੱਤੀ

ਅਮਨਦੀਪ ਕੌਰ ਜੋਗਾ

ਹਾਲ਼ੇ ਤਾਂ ਹਰੀ ਪੱਤੀ ਹਾਂ ਇੰਝ ਨਾ ਤੂੰ ਝਾੜ ਸਾਨੂੰ
ਹੋ ਗਈ ਜ਼ਰਦ ਤਾਂ ਖ਼ੁਦ-ਬ-ਖ਼ੁਦ ਮੇਰੇ ਪੱਤੇ ਝੜਨਗੇ
ਕਿੰਨਾ ਧੂੰਆਂ ਸੱਥਰ ਕੀਤਾ ਜੰਮ ਪਈ ਹਾਂ ਦਰ ਤੇਰੇ 'ਤੇ
ਜਦ ਖੜੀ ਮੈਂ ਪੈਰਾਂ 'ਤੇ ਇਹ ਲੋਕੀ ਨਾਲ ਮੇਰੇ ਖੜਨਗੇ
ਸੁੰਨਸਾਨ ਨੇ ਇਹ ਰਾਹਵਾਂ ਇਕੱਲੀ ਹੀ ਤੁਰ ਪਈ ਹਾਂ ਮੈਂ
ਬਣੀ ਜਦ ਪੱਕਾ ਰਾਹ ਲੋਕੀ ਅੱਗੇ ਨਿਕਲਣ ਲਈ ਲੜਨਗੇ
ਤਿਤਲੀਆਂ ਨੂੰ ਫੜਨਾ ਤੇ ਮਿੱਟੀਆ 'ਚ ਰੁਲਣਾ ਆਦਤ ਮੇਰੀ
ਕੀ ਪਤਾ ਸੀ ਤਿਤਲੀਆਂ 'ਤੇ ਇਲਜ਼ਾਮ ਲੋਕੀ ਮੜਨਗੇ
ਜਿਉਂਦੇ ਜੀਅ ਜਿਨ੍ਹਾਂ ਚੋਭਾਂ ਨਾਲ ਮੜ ਦਿੱਤਾ ਤੈਨੂੰ
ਵੇਖੀ ਇੱਕ ਦਿਨ ਕਦਰ ਤੇਰੀ ਉਹੀ ਲੋਕੀ ਹੀ ਕਰਨਗੇ।

## ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ

ਅਮਰਦੀਪ ਸੰਧਾਵਾਲੀਆ

ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ ਘਰ ਵੀ ਹੁੰਦੇ ਨੇ
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ
ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ
ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ
ਅਸਾਨੂੰ ਵੀ ਪਤਾ ਹੈ ਕਿ ਸਮੁੰਦਰ 'ਚੋਂ ਮਿਲਣ ਮੋਤੀ
ਕਈ ਪ੍ਰਕਾਰ ਦੇ ਪਰ ਮਨ 'ਚ ਬੈਠੇ ਡਰ ਵੀ ਹੁੰਦੇ ਨੇ
ਮੇਰੇ ਨੈਣਾਂ 'ਚ ਉਸਨੇ ਵੇਖਿਆ ਤੇ ਆਖਿਆ ਮੈਨੂੰ
ਸਵਾਲਾਂ ਵਿੱਚ ਕਈ ਵਾਰੀ ਪਏ ਉੱਤਰ ਵੀ ਹੁੰਦੇ ਨੇ
ਲਿਖੇ ਜਾਂਦੇ ਨੇ ਜੋ ਆਕਾਸ਼ 'ਤੇ ਹੀ ਰਾਤ ਅੱਧੀ ਨੂੰ
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ
ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ
'ਅਮਰ' ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ ਨੇ

## ਦਿਲ ਦੇ ਬੋਲ

ਡਾ. ਸਤਿੰਦਰਜੀਤ ਕੌਰ

ਤੇਰੇ ਬਾਝ ਮੇਰੇ ਨੇਤਰ ਨਮ।
ਹਿਜ਼ਰ ਦੇ ਖਾਧੇ ਡੂੰਘੇ ਗਮ।

ਆਪਾਂ ਇਸ਼ਕ ਦੀ ਸੂਲੀ ਚੜ੍ਹ ਗਏ,
ਹੁਣ ਤਾਂ ਭਾਵੇਂ ਲਹਿ ਜਾਵੇ ਚੰਮ।

ਪਲਕੋਂ ਡਿੱਗਣੋਂ ਨੀਰ ਨਾ ਰੁਕਦਾ,
ਹੁਣ ਤਾਂ ਔਖੇ ਆਵਣ ਦਮ ।

ਲੋਹੇ ਦਾ ਹੈ ਸ਼ਹਿਰ ਬਟਾਲਾ,
ਜ਼ੰਗ ਗਿਆ ਹੈ ਦਿਲ ਵਿੱਚ ਜੰਮ।

ਉਹ ਹੀ ਕੌਮਾਂ ਵੱਸਣ ਰੱਸਣ,
ਦਿਨੇ ਰਾਤ ਜੋ ਕਰਦੀਆਂ ਕੰਮ।

ਵਕਤ ਗਵਾਚਾ ਮੁੜ ਨਾ ਲੱਭਦਾ,
ਲੱਭਦਿਆਂ ਪੈ ਜਾਵਣ ਖ਼ਮ।

ਹਰ ਇੱਕ ਦਿਲ ਦਾ ਸਾਫ਼ ਨਾ ਹੋਵੇ,
ਇਹ ਗੱਲ ਪੱਕੀ ਬੁੱਟਰ ਥੰਮ।

## ਤੂੰ ਮੁੜ-ਮੁੜ ਮੁੱਹਬਤ ਦਾ ਇਜ਼ਹਾਰ ਨਾ ਕਰ

ਸੁਖਵਿੰਦਰ ਅੰਮ੍ਰਿਤ

ਤੂੰ ਮੁੜ-ਮੁੜ ਮੁੱਹਬਤ ਦਾ ਇਜ਼ਹਾਰ ਨਾ ਕਰ
ਅਸੀਂ ਤਾਂ ਦੀਵਾਨੇ ਹਾਂ, ਤੂੰ ਪਿਆਰ ਨਾ ਕਰ

ਤੂੰ ਦੇਵੇਂਗਾ ਛਾਵਾਂ ਓਹ ਤੋੜਣਗੇ ਪੱਤੇ,
ਕਿ ਰਾਹੀਆਂ ਤੇ ਬਹੁਤਾ ਵੀ ਇਤਬਾਰ ਨਾ ਕਰ

ਅਸੀਂ ਤੈਨੂੰ ਔੜਾਂ ਵਿੱਚ ਹੰਝੂਆਂ ਨਾਲ ਸਿੰਜਿਆ,
ਤੂੰ ਸਾਨੂੰ ਤੇ ਛਾਵਾਂ ਤੋਂ ਇਨਕਾਰ ਨਾ ਕਰ

ਓਹ ਦਿੰਦਾ ਹੈ ਮੈਨੂੰ ਹਿਆਤੀ ਦੇ ਸੁਪਨੇ,
ਤੇ ਕਹਿੰਦਾ ਹੈ ਸਾਹਾਂ ਤੇ ਇਤਬਾਰ ਨਾ ਕਰ

ਖਿਜਾਵਾਂ ਵਿੱਚ ਕਰਦਾ ਏਂ ਛਾਵਾਂ ਦੇ ਵਾਇਦੇ,
ਗਰੀਬਾਂ ਨਾਲ ਹਾਸੇ ਮੇਰੇ ਯਾਰ ਨਾ ਕਰ

## ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ

ਸੁਰਜੀਤ ਸਖੀ



ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ।
ਬਿਨ ਦਸਤਕ ਟੱਪ ਔਣ ਵਰੋਲੇ, ਬੂਹਾ ਚਾਰਦੀਵਾਰੀ ਦਾ।

ਮੈਂ ਤਾਂ ਆਪਣਾ ਖ਼ੂਨ ਵਹਾ ਕੇ, ਧੋਵਾਂ ਚਿਹਰੇ ਫੁੱਲਾਂ ਦੇ,
ਮੈਂ ਕੀ ਜਾਣਾਂ, ਬਾਗੀਂ ਲੱਗੀਆਂ, ਨਜ਼ਰਾਂ ਕਿਵੇਂ ਉਤਾਰੀ ਦਾ।

ਸਿਮ੍ਰਤੀਆਂ ਵਿੱਚ ਜੰਗਲ ਵੱਸਦਾ, ਲੋਕੀਂ ਬਣੇ ਮਸ਼ੀਨਾਂ ਵਾਂਗ,
ਜਿਓਂ ਪਿੰਜਰੇ ਦਾ ਪੰਛੀ ਕੋਈ, ਸੁਪਨਾ ਲਵੇ ਉਡਾਰੀ ਦਾ।

ਮੀਂਹ , ਗਰਦਿਸ਼, ਤੂਫ਼ਾਨ, ਹਨ੍ਹੇਰੀ ਤੇਰੇ ਸਿਰ ਤੋਂ ਲੰਘੇ ਨੇ,
ਮਿੱਤਰਾ , ਫਿਰ ਵੀ ਝੰਮ ਝੰਮ ਕਰਦਾ, ਰੰਗ ਤੇਰੀ ਫੁਲਕਾਰੀ ਦਾ।

ਉਹ ਤੇ ਉਸ ਦੇ ਜੰਗਲ ਪਰਬਤ,ਦਿਲ ਦੇ ਅੰਦਰ ਰਹਿੰਦੇ ਨੇ,
ਫ਼ੁਰਸਤ ਦਾ ਹਰ ਪਲ ਪਲ ਅੱਜ ਕੱਲ੍ਹ, ਉਸ ਦੇ ਨਾਲ ਗੁਜ਼ਾਰੀ ਦਾ।

## ਧੁੰਦ ਭਰਿਆ ਰਾਹ

ਕਰਮਜੀਤ ਕੌਰ ਕਿਸ਼ਾਂਵਲ

ਅੰਦਰ ਦੀ
ਧੁਰ ਤਹਿ ਤੱਕ
ਅੱਪੜਨ ਵਾਸਤੇ
ਖ਼ੁਦ ਹੀ ਤਹਿ ਕਰਨਾ ਪੈਣਾ
ਸੋਚਾਂ ਦੀਆਂ ਉਲਝਣਾਂ ਦਾ
ਧੁੰਦ ਭਰਿਆ ਰਾਹ
ਇਸ ਸਫ਼ਰ 'ਤੇ ਚੱਲਦਿਆਂ
ਰਸਤਿਆਂ ਦੀ ਰੇਤ ਦਾ ਇਲਮ
ਇਸ ਕਦਰ ਹੋ ਰਿਹਾ
ਕਿ ਜਾਪਦਾ
ਪੈਰਾਂ ਦੀਆਂ ਤਲੀਆਂ 'ਚ
'ਅੱਖਾਂ ਦੇ ਉੱਗ' ਜਾਣ ਵਰਗਾ
ਕੁੱਝ ਵਾਪਰ ਗਿਆ ਹੈ!



## ਭਰਪੂਰ ਜਵਾਨੀ ਖੇਤਾਂ ਦੀ

ਅੰਮ੍ਰਿਤਾ ਪ੍ਰੀਤਮ

ਭਰਪੂਰ ਜਵਾਨੀ ਖੇਤਾਂ ਦੀ ਭਰਪੂਰ ਜਵਾਨੀ ਹੋ !
ਖੇਤ ਜੁ ਗੋਡੇ ਬੀਜੇ ਵਾਹੇ, ਭਰ ਸਰਵਰ ਨੇ ਪਾਣੀ ਲਾਏ
ਇਕ ਟਿਕ ਕੋਹ 'ਤੇ ਝਾਂਜਰ ਛਣਕੀ, ਬੈਲ ਜੁ ਲੀਤੇ ਜੋਅ !
ਭਰਪੂਰ ਜਵਾਨੀ ਹੋ !

ਗਿੱਟੇ ਗਿੱਟੇ ਖੇਤ ਹੋਏ, ਗੋਡੇ ਗੋਡੇ ਖੇਤ ਹੋਏ
ਮੋਤੀਆਂ ਵਰਗਾ ਪਿਆ ਜੁ ਦਾਣਾ, ਸਿੱਟੇ ਗਏ ਖਲੋ !
ਭਰਪੂਰ ਜਵਾਨੀ ਹੋ !

ਲੰਬੜਾਂ ਦੇ ਵਿੱਚ ਵਾਹਰ ਪਈ, ਹੋ ਕਾਵਾਂ ਦੀ ਭਰਮਾਰ ਪਈ
ਭਰੀਆਂ ਬੰਨ੍ਹ ਬੰਨ੍ਹ ਕੇ ਮੈਂ ਹਾਰੀ, ਬੋਹਲ ਤਾਂ ਲੈ ਗਏ ਖੋਹ ।
ਭਰਪੂਰ ਜਵਾਨੀ ਹੋ ।

ਕੱਚਾ ਕੋਠਾ ਲਿੰਬ ਕੇ ਰੱਖਿਆ ਝਾੜ ਪੋਚ ਕੇ ਝੰਮ ਕੇ ਰੱਖਿਆ
ਸਖ ਮਸੱਖਣਾ ਕੋਠਾ ਮੇਰਾ ਮੂੰਹ ਵੱਲ ਝਾਕੇ ਵੋ !
ਭਰਪੂਰ ਜਵਾਨੀ ਹੋ ।

ਹਾੜੀ ਬੀਜੀ ਸੌਣੀ ਬੀਜੀ, ਦੂਣੀ ਬੀਜੀ ਚੌਣੀ ਬੀਜੀ
ਸੜਦਾ ਬਲਦਾ ਹਾੜ ਗਿਆ ਤੇ ਠੰਢਾ ਕੱਕਰ ਪੋਹ !
ਭਰਪੂਰ ਜਵਾਨੀ ਹੋ !

ਖੇਤਾਂ ਦੀ ਭਰਪੂਰ ਜਵਾਨੀ, ਮੇਰੀ ਭੁੱਖ ਦੀ ਕਰੇ ਕਹਾਣੀ
ਮੇਰੀ ਭੁੱਖ ਦੇ ਗੀਤ ਸੁਣਾਵੇ, ਪਵੇ ਕਲੇਜੇ ਖੋਹ ।
ਭਰਪੂਰ ਜਵਾਨੀ ਹੋ !

ਧੁੰਦ ਗੁਬਾਰਾਂ ਅੰਬਰ ਚੜ੍ਹੀਆਂ, ਮੈ ਖੇਤਾਂ ਦੀ ਵੱਟ 'ਤੇ ਖੜੀਆਂ
ਸੂਰਜ ਡੁੱਬਾ ਚੰਦ ਨਾ ਚੜ੍ਹਿਆ, ਨਾ ਤਾਰੇ ਦੀ ਲੋਅ ।
ਭਰਪੂਰ ਜਵਾਨੀ ਹੋ !

ਰੁੱਤਾਂ ਆਈਆਂ ਰੁੱਤਾਂ ਗਈਆਂ ਏਸ ਵੱਟ ਤੇ ਤੁਰਦੀ ਰਹੀਆਂ
ਧੂੜ ਪਈ ਮੇਰੇ ਪੱਬਾਂ ਉਤੇ ਰਾਹ ਨਾ ਦਿਸਿਆ ਕੋਅ।
ਭਰਪੂਰ ਜਵਾਨੀ ਹੋ ।

ਗੋਹੇ ਨਾ ਧੁਖਦੇ ਕਣਕ ਨਾ ਗੁੱਝਦੀ ਇਹ ਨਹੀਂ, ਖੇਡ ਅਸਾਥੋਂ ਪੁੱਗਦੀ
ਨਾ ਚੰਨ ਪਕਾਵੇ ਰੋਟੀਆਂ ਨਾ ਤਾਰਾ ਕਰੇ ਰਸੋ
ਭਰਪੂਰ ਜਵਾਨੀ ਹੋ !
ਭਰਪੂਰ ਜਵਾਨੀ ਖੇਤਾਂ ਦੀ ਭਰਪੂਰ ਜਵਾਨੀ ਹੋ !



## ਇਹ ਜੋ ਚੰਨ ਦੀ ਚਾਨਣੀ ਹੈ

ਸੁਰਜੀਤ ਪਾਤਰ

ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਪੜ੍ਹੀਏ ਤਾਂ ਤੇਰਾ ਖਤ ਹੈ, ਸੁਣੀਏ ਤਾਂ ਤੇਰੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਜੋ ਤੂੰ ਉਮਰ ਭਰ ਜਗਾਏ, ਤੇ ਦਰੀਂ ਘਰੀਂ ਟਿਕਾਏ
ਤੇਰੇ ਚਿਹਰੇ ਉੱਤੇ ਅੱਜ ਵੀ , ਓਹਨਾਂ ਦੀਵਿਆਂ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਤੇਰੇ ਲਫ਼ਜ ਨੇ ਲਹੂ ਵਿੱਚ, ਤੇਰਾ ਰਾਗ ਹੈ ਰਗਾਂ ਵਿੱਚ
ਐ ਗਜ਼ਲ ਵਸੇਂ ਤੂੰ ਸਾਹੀਂ, ਤੇਰੇ ਤੋਂ ਕੀ ਲੁਕੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਜੋ ਵੀ ਬਾਤ ਤੂੰ ਕਹੀ ਹੈ, ਸੱਜਰੀ ਹਵਾ ਜਿਹੀ ਹੈ
ਇਹ ਬਹਾਰ ਦਾ ਸੁਨੇਹਾ, ਤੇ ਸਵੇਰਿਆਂ ਦੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਇਹ ਚੰਨ ਦੀ ਚਾਨਣੀ ਵੀ, ਧੁੱਪ ਦਾ ਹੀ ਤਰਜ਼ਮਾ ਹੈ
ਤੇ ਇਹ ਧੁੱਪ ਵੀ ਓੜਕਾਂ ਨੂੰ, ਕਿਸੇ ਬਲ ਰਹੇ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

ਨਫ਼ਰਤ ਦੇ ਤੀਰ ਚਲਦੇ, ਐਪਰ ਨਾ ਮੈਨੂੰ ਖਲਦੇ
ਮੇਰੀ ਆਤਮਾ ਦੁਆਲੇ, ਤੇਰੇ ਪਿਆਰ ਦੀ ਸੰਜੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

# ਖਿਡਾਰਨਾਂ ਨੇ ਭਾਰਤੀ ਖੇਡ ਜਗਤ ਨੂੰ ਦਿੱਤੀ ਨਵੀਂ ਪਛਾਣ

## ਉੱਭਰਦੀਆਂ ਖ਼ਿਡਾਰਨਾਂ ਲਈ ਮਿਸਾਲ ਬਣੀਆਂ ਪੀ.ਟੀ.ਊਸ਼ਾ, ਮੈਰੀਕਾਮ, ਪੀ.ਵੀ.ਸਿੰਧੂ, ਮੀਰਾ ਬਾਈ ਚਾਨੂ, ਹਿਮਾ ਦਾਸ ਤੇ ਸਾਨੀਆ ਮਿਰਜ਼ਾ





ਸਮਾਜ ਵਿੱਚ ਖ਼ਿਡਾਰਨਾਂ ਲਈ ਖੇਡਾਂ ਬਾਰੇ ਕੁਝ ਧਾਰਨਾਵਾਂ ਅਤੇ ਨਿਯਮ ਹਨ ਜੋ ਉਨ੍ਹਾਂ ਦੇ ਕਦਮਾਂ ਨੂੰ ਸੀਮਤ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ ਪਰ ਇਨ੍ਹਾਂ ਔਰਤਾਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਸਮਾਜ ਦੇ ਸਾਹਮਣੇ ਆਪਣੇ ਆਪ ਨੂੰ ਸਾਬਤ ਕੀਤਾ ਹੈ ਅਤੇ ਸਮਾਜ ਦੇ ਉਸ ਵਰਗ ਦੇ ਲੋਕਾਂ ਨੂੰ ਇਹ ਸੋਚਣ ਲਈ ਮਜ਼ਬੂਰ ਕੀਤਾ ਹੈ ਕਿ ਉਨ੍ਹਾਂ ਦੀ ਸਮਝ ਕਿਸ ਹੱਦ ਤੱਕ ਇੱਕ ਸੁਚੱਜੇ ਅਤੇ ਪੜ੍ਹੇ-ਲਿਖੇ ਸਮਾਜ ਨੂੰ ਪਰਿਭਾਸ਼ਤ ਕਰਦੀ ਹੈ। ਹਰ ਮੁਸ਼ਕਿਲ ਨਾਲ ਲੜਦੇ ਹੋਏ ਮੈਰੀਕਾਮ, ਹਿਮਾ ਦਾਸ ਅਤੇ ਮੀਰਾ ਬਾਈ ਚਾਨੂ ਵਰਗੀਆਂ ਕਈ ਖ਼ਿਡਾਰਨਾਂ ਨੇ ਖੇਡਾਂ ਦੀ ਚੋਣ ਆਪਣੀ ਮਰਜ਼ੀ ਨਾਲ ਕੀਤੀ ਅਤੇ ਇਸ ਵਿੱਚ ਹਿੱਸਾ ਲਿਆ। ਭਾਰਤੀ ਮਹਿਲਾ ਪ੍ਰਤੀਨਿਧ ਟੀਮਾਂ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ। ਖੇਡ ਜਗਤ ਵਿੱਚ ਭਾਰਤੀ ਔਰਤਾਂ ਦੀ ਭਾਗੀਦਾਰੀ ਵੱਧ ਰਹੀ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ ਜੋ ਉਹਨਾਂ ਨੂੰ ਸਮਾਜ ਦੇ ਅਲੱਗ-ਥਲੱਗ ਤੋਂ ਮੁਕਤ ਕਰਨ ਵਿੱਚ ਮਦਦ ਕਰਦਾ ਹੈ। ਸਰਕਾਰੀ ਨੀਤੀਆਂ ਖੇਡਾਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਵੀ ਮਦਦ ਕਰਦੀਆਂ ਹਨ। ਹੁਣ ਭਾਰਤ ਵਿੱਚ ਔਰਤਾਂ ਲਈ ਢਾਂਚਾਗਤ ਖੇਡ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ ਹਨ ਜੋ ਔਰਤਾਂ ਨੂੰ ਆਪਣੀ ਸਮਰੱਥਾ ਅਨੁਸਾਰ ਖੇਡਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੰਦੇ ਹਨ। ਭਾਰਤ ਵਿੱਚ ਖੇਡਾਂ ਦੇ ਸਾਧਨਾਂ ਦੀ ਵੰਡ ਔਰਤਾਂ ਲਈ ਵੀ ਵਧੀ ਹੈ, ਜਿਸ ਨਾਲ ਉਨ੍ਹਾਂ ਨੂੰ ਢੁਕਵੇਂ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ।

ਜੇਕਰ ਅਸੀਂ ਇਤਿਹਾਸ ’ਤੇ ਨਜ਼ਰ ਮਾਰੀਏ ਅਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਕੁਝ ਸਮਾਂ ਪਹਿਲਾਂ ਖੇਡਾਂ ਨੂੰ ਇੰਨਾ ਮਹੱਤਵਪੂਰਨ ਨਹੀਂ ਮੰਨਿਆ ਜਾਂਦਾ ਸੀ। ਭਾਰਤ ਤੋਂ ਬਾਹਰ ਸਾਨੂੰ ਬਹੁਤ ਸਾਰੇ ਦੇਸ਼ ਮਿਲਦੇ ਹਨ ਜਿੱਥੇ ਖੇਡਾਂ ਨੂੰ ਸਿੱਖਿਆ ਵਰਗੀਆਂ ਹੋਰ ਚੀਜ਼ਾਂ ਦੇ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ ਅਤੇ ਅਸੀਂ ਉਨ੍ਹਾਂ ਦੇਸ਼ਾਂ ਦੁਆਰਾ ਜਿੱਤੇ ਗਏ ਕਈ ਤਗਮੇ ਦੇ ਰੂਪ ਵਿੱਚ ਨਤੀਜਾ ਦੇਖ ਸਕਦੇ ਹਾਂ। ਜੇਕਰ ਅਸੀਂ ਇਸ ਨੂੰ ਭਾਰਤੀ ਸੰਦਰਭ ਵਿੱਚ ਵੇਖੀਏ ਤਾਂ ਸਾਨੂੰ ਇੱਕ ਵੱਖਰੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿੱਚ ਖੇਡ ਜਗਤ ਵਿੱਚ ਪੁਰਸ਼ਾਂ ਦੀ ਭਾਗੀਦਾਰੀ ਕੁਝ ਹੱਦ ਤੱਕ ਤਸੱਲੀਬਖਸ਼ ਸੀ, ਪਰ ਜੇਕਰ ਔਰਤਾਂ ਦੀ ਭਾਗੀਦਾਰੀ ਦਾ ਮੁਲਾਂਕਣ ਕੀਤਾ ਜਾਵੇ ਤਾਂ ਉਨ੍ਹਾਂ ਦੀ ਭਾਗੀਦਾਰੀ ਵੀ ਤਸੱਲੀਬਖਸ਼ ਨਹੀਂ ਰਹੀ, ਜਿਸ ਦਾ ਨਤੀਜਾ ਹੈ ਕਿ ਵਿਸ਼ਵ ਵਿੱਚ ਖੇਡ ਅੰਕਾਂ ਦੀ ਸੂਚੀ ਵਿੱਚ ਭਾਰਤ ਦਾ ਦਰਜਾ ਲਗਾਤਾਰ ਡਿੱਗਦਾ ਜਾ ਰਿਹਾ ਹੈ। ਪਰ ਬਦਲਦੇ ਸਮੇਂ ਦੇ ਨਾਲ ਔਰਤਾਂ ਦੀ ਵਧਦੀ ਭਾਗੀਦਾਰੀ ਨੇ ਵੀ ਕਈ ਮੈਡਲ ਜਿੱਤ ਕੇ ਭਾਰਤ ਨੂੰ ਦੁਨੀਆ ਭਰ ਵਿੱਚ ਖੇਡਾਂ ਦੇ ਖੇਤਰ ਵਿੱਚ ਇੱਕ ਨਵੀਂ ਪਛਾਣ ਦਿੱਤੀ ਹੈ।

ਮੌਜੂਦਾ ਸਮੇਂ ’ਚ ਭਾਰਤੀ ਖਿਡਾਰਨਾਂ ਖੇਡਾਂ ਦੇ ਵੱਖ-ਵੱਖ ਫ਼ਾਰਮੈਟਾਂ ’ਤੇ ਨਿਸ਼ਾਨਾ ਸਾਧ ਰਹੀਆਂ ਹਨ। ਬਾਕਸਿੰਗ ਹੋਵੇ ਜਾਂ ਵੇਟ ਲਿਫ਼ਟਿੰਗ ਜਾਂ ਟੈਨਿਸ ਜਾਂ ਬੈਡਮਿੰਟਨ ਦੀ ਗੱਲ ਕਰੀਏ ਤਾਂ ਔਰਤਾਂ ਹਰ ਖੇਤਰ ਵਿੱਚ ਉਤਸ਼ਾਹ ਨਾਲ ਹਿੱਸਾ ਲੈ ਰਹੀਆਂ ਹਨ। ਭਾਰਤੀ ਖੇਡ ਜਗਤ ਵਿੱਚ ਕਈ ਅਜਿਹੇ ਨਾਮ ਹਨ ਜਿਨ੍ਹਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਸ਼ਵ ਵਿੱਚ ਇਤਿਹਾਸ ਰਚਿਆ ਹੈ। ਅਸੀਂ ਕਹਿ ਸਕਦੇ ਹਾਂ ਕਿ ਇਸ ਪ੍ਰਾਪਤੀ ਪਿੱਛੇ ਖੇਡਾਂ ਪ੍ਰਤੀ ਔਰਤਾਂ ਦਾ ਉੱਭਰਦਾ ਨਜ਼ਰੀਆ ਅਤੇ ਔਰਤਾਂ ਪ੍ਰਤੀ ਲੋਕਾਂ ਦਾ ਵੱਧ ਰਿਹਾ ਵਿਸ਼ਵਾਸ ਹੈ। ਪੀ.ਟੀ.ਊਸ਼ਾ, ਮੈਰੀਕਾਮ, ਪੀ.ਵੀ.ਸਿੰਧੂ, ਮੀਰਾ ਬਾਈ ਚਾਨੂ, ਹਿਮਾ ਦਾਸ ਜਾਂ ਸਾਨੀਆ ਮਿਰਜ਼ਾ ਦੀ ਮਿਸਾਲ ਲੈ ਲਓ, ਇਨ੍ਹਾਂ ਔਰਤਾਂ ਨੇ ਖੇਡਾਂ ਨੂੰ ਆਪਣੇ ਭਵਿੱਖ ਵਜੋਂ ਚੁਣ ਕੇ ਭਾਰਤ ਨੂੰ ਖੇਡ ਜਗਤ ਵਿੱਚ ਸ਼ਾਨਦਾਰ ਪ੍ਰਾਪਤੀਆਂ ਦਿੱਤੀਆਂ ਹਨ। ਇਨ੍ਹਾਂ ਔਰਤਾਂ ਦੇ ਸੰਘਰਸ਼ ਅਤੇ ਸਫ਼ਰ ਦੀ ਕਹਾਣੀ ਹੋਰਨਾਂ ਖ਼ਿਡਾਰਨਾਂ ਲਈ ਪ੍ਰੇਰਨਾ ਸਰੋਤ ਬਣ ਰਹੀ ਹੈ।

# ਖੇਡਾਂ ਤੇ ਖਿਡਾਰੀ ਬਨਾਮ ਇਨਾਮ-ਸਨਮਾਨ

## ਸ਼ਹੀਦਾਂ ਦੇ ਬੁੱਤਾਂ ਵਾਂਗੂ ਫੁੱਲਾਂ ਦੇ ਹਾਰਾਂ ਜੋਗੇ ਹੀ ਨਾ ਰਹਿ ਜਾਣ ਖਿਡਾਰੀ




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਕਈ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ ਹੈ, ਜਿਸ ਕਾਰਨ ਖਿਡਾਰੀਆਂ ਦਾ ਵੀ ਹੌਂਸਲਾ ਵਧਿਆ ਹੈ ਅਤੇ ਉਭਰਦੇ ਖਿਡਾਰੀਆਂ ਨੂੰ ਵੀ ਆਸ ਬਣ ਗਈ ਹੈ ਕਿ ਜੇ ਉਹ ਖੇਡਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣਗੇ ਤਾਂ ਪੰਜਾਬ ਸਰਕਾਰ ਵੱਲੋਂ ਉਹਨਾਂ ਨੂੰ ਵੀ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਇਹ ਇੱਕ ਹਕੀਕਤ ਹੈ ਕਿ ਖੇਡਾਂ ਵਿੱਚ ਆਪਣਾ ਪਸੀਨਾ ਵਹਾ ਕੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਅਕਸਰ ਖਿਡਾਰੀਆਂ ਨੂੰ ਬਣਦਾ ਮਾਣ ਸਤਿਕਾਰ ਨਹੀਂ ਮਿਲਦਾ, ਜਿਸ ਕਾਰਨ ਉਹ ਖੇਡਾਂ ਤੋਂ ਦੂਰ ਹੋਣ ਲੱਗਦੇ ਹਨ। ਕਈ ਵਾਰ ਤਾਂ ਤਗਮੇ ਜੇਤੂ ਖਿਡਾਰੀ ਸ਼ਹੀਦਾਂ ਦੇ ਬੁੱਤਾਂ ਵਾਂਗੂ ਫੁੱਲਾਂ ਦੇ ਹਾਰਾਂ ਜੋਗੇ ਹੀ ਰਹਿ ਜਾਂਦੇ ਹਨ। ਜੇ ਹੁਣ ਸਰਕਾਰ ਵੱਲੋਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾਣ ਲੱਗਿਆ ਹੈ ਤਾਂ ਇਸ ਨੂੰ ਚੰਗੀ ਪਿਰਤ ਕਿਹਾ ਜਾਵੇਗਾ।

ਜ਼ਿੰਦਗੀ ਵਿੱਚ ਖੇਡਾਂ ਦੀ ਮਹੱਤਤਾ ਇੱਕ ਅਜਿਹੀ ਚੀਜ਼ ਹੈ ਜਿਸ ’ਤੇ ਘੰਟਿਆਂ ਬੱਧੀ ਬਹਿਸ ਕੀਤੀ ਜਾ ਸਕਦੀ ਹੈ। ਕੁਝ ਲੋਕ ਮੰਨਦੇ ਹਨ ਕਿ ਖੇਡਾਂ ਸਮੇਂ ਦੀ ਬਰਬਾਦੀ ਹਨ ਅਤੇ ਸਿਰਫ਼ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਦੇ ਟੀਚਿਆਂ ਤੋਂ ਧਿਆਨ ਹਟਾਉਣ ਲਈ ਕੰਮ ਕਰਦੀਆਂ ਹਨ।

ਦੂਸਰੇ ਮੰਨਦੇ ਹਨ ਕਿ ਖੇਡਾਂ ਜ਼ਿੰਦਗੀ ਦਾ ਅਹਿਮ ਹਿੱਸਾ ਹਨ ਅਤੇ ਲੋਕਾਂ ਨੂੰ ਕੀਮਤੀ ਸਬਕ ਸਿਖਾ ਸਕਦੀਆਂ ਹਨ। ਖੇਡਾਂ ਜੀਵਨ ਵਿੱਚ ਮਹੱਤਵਪੂਰਨ ਹੁੰਦੀਆਂ ਹਨ ਕਿਉਂਕਿ ਉਹ ਲੋਕਾਂ ਨੂੰ ਸਿਖਾਉਂਦੀਆਂ ਹਨ ਕਿ ਇੱਕ ਟੀਮ ਦੇ ਰੂਪ ਵਿੱਚ ਇਕੱਠੇ ਕਿਵੇਂ ਕੰਮ ਕਰਨਾ ਹੈ, ਟੀਚੇ ਕਿਵੇਂ ਨਿਰਧਾਰਤ ਕਰਨੇ ਅਤੇ ਪ੍ਰਾਪਤ ਕਰਨੇ ਹਨ, ਅਤੇ ਨਿਰਾਸ਼ਾ ਨਾਲ ਕਿਵੇਂ ਨਜਿੱਠਣਾ ਹੈ।

ਖੇਡਾਂ ਲੋਕਾਂ ਨੂੰ ਸਰੀਰਕ ਤੌਰ ’ਤੇ ਤੰਦਰੁਸਤ ਅਤੇ ਤੰਦਰੁਸਤ ਰਹਿਣ ਵਿੱਚ ਵੀ ਮਦਦ ਕਰ ਸਕਦੀਆਂ ਹਨ, ਜੋ ਕਿ ਸਮੁੱਚੀ ਚੰਗੀ ਸਿਹਤ ਨੂੰ ਬਣਾਈ ਰੱਖਣ ਲਈ ਮਹੱਤਵਪੂਰਨ ਹੈ। ਖੇਡਾਂ ਸਾਡੇ ਜੀਵਨ ਵਿੱਚ ਇੱਕ ਅਨਿੱਖੜਵਾਂ ਰੋਲ ਅਦਾ ਕਰਦੀਆਂ ਹਨ ਅਤੇ ਫਿਰ ਵੀ ਸਾਡੇ ਵਿੱਚੋਂ ਬਹੁਤ ਸਾਰੇ ਸਾਡੇ ਰੋਜ਼ਾਨਾ ਜੀਵਨ ਵਿੱਚ ਖੇਡਾਂ ਦੀ ਮਹੱਤਤਾ ਦੀ ਪੂਰੀ ਤਰ੍ਹਾਂ ਕਦਰ ਨਹੀਂ ਕਰਦੇ। ਸਰੀਰਕ ਸਿਹਤ ਤੋਂ ਲੈ ਕੇ ਮਾਨਸਿਕ ਸਿਹਤ ਤੱਕ, ਖੇਡਾਂ ਦਾ ਵਿਅਕਤੀਆਂ ਅਤੇ ਸਮਾਜਾਂ ’ਤੇ ਡੂੰਘਾ ਪ੍ਰਭਾਵ ਪੈਂਦਾ ਹੈ।

ਖੇਡਾਂ ਨੂੰ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਦਿੱਤਾ ਗਿਆ ਹੈ। ਉਹ ਸਾਨੂੰ ਇੱਕ ਆਊਟਲੈਟ ਪ੍ਰਦਾਨ ਕਰਦੇ ਹਨ ਤਾਂ ਜੋ ਸਾਡੇ ਕੋਲ ਮੌਜੂਦ ਸਾਰੀ ਪੈਂਟ-ਅੱਪ ਊਰਜਾ ਅਤੇ ਭਾਵਨਾਵਾਂ ਨੂੰ ਛੱਡਿਆ ਜਾ ਸਕੇ। ਸਮਾਜਿਕ ਪਹਿਲੂ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਸਾਨੂੰ ਦੂਜੇ ਲੋਕਾਂ ਨਾਲ ਜੁੜਨ ਦੀ ਆਗਿਆ ਦਿੰਦਾ ਹੈ। ਖੇਡਾਂ ਸਾਨੂੰ ਅਨੁਸ਼ਾਸਨ, ਟੀਮ ਵਰਕ ਅਤੇ ਇੱਕ ਟੀਮ ਦੇ ਰੂਪ ਵਿੱਚ ਮਿਲ ਕੇ ਕੰਮ ਕਰਨਾ ਵੀ ਸਿਖਾਉਂਦੀਆਂ ਹਨ। ਖੇਡਾਂ ਗੁੱਸੇ ਅਤੇ ਨਿਰਾਸ਼ਾ ਨੂੰ ਛੱਡਣ ਦੇ ਨਾਲ-ਨਾਲ ਊਰਜਾ ਵੀ ਪ੍ਰਦਾਨ ਕਰਦੀਆਂ ਹਨ। ਖੇਡਾਂ ਹਰ ਉਮਰ ਦੇ ਵਿਅਕਤੀਆਂ ਲਈ ਜੀਵਨ ਬਦਲਣ ਵਾਲਾ ਅਨੁਭਵ ਹੋ ਸਕਦੀਆਂ ਹਨ। ਉਹ ਨਵੇਂ ਲੋਕਾਂ ਨੂੰ ਮਿਲਣ ਅਤੇ ਨਵੇਂ ਹੁਨਰ ਸਿੱਖਣ ਦਾ ਮੌਕਾ ਪ੍ਰਦਾਨ ਕਰਦੇ ਹਨ। ਸੰਖੇਪ ਵਿੱਚ, ਖੇਡਾਂ ਜੀਵਨ ਵਿੱਚ ਮਹੱਤਵਪੂਰਨ ਹਨ ਕਿਉਂਕਿ ਉਹ ਲੋਕਾਂ ਨੂੰ ਦੋਸਤੀ ਬਣਾਉਣ, ਸਰੀਰਕ ਯੋਗਤਾਵਾਂ ਵਿਕਸਿਤ ਕਰਨ, ਅਤੇ ਇੱਕ ਸਿਹਤਮੰਦ ਤਰੀਕੇ ਨਾਲ ਊਰਜਾ ਛੱਡਣ ਵਿੱਚ ਮਦਦ ਕਰ ਸਕਦੀਆਂ ਹਨ।

ਖੇਡ ਦੀ ਇੱਕ ਕਿਸਮ ਮੁਫ਼ਤ ਖੋਜ ਹੈ, ਜਿਸ ਦੌਰਾਨ ਬੱਚੇ ਆਪਣੇ ਵਾਤਾਵਰਣ ਦੀ ਪੜਚੋਲ ਕਰਦੇ ਹਨ ਅਤੇ ਨਵੀਆਂ ਚੀਜ਼ਾਂ ਨਾਲ ਪ੍ਰਯੋਗ ਕਰਦੇ ਹਨ। ਇਸ ਕਿਸਮ ਦਾ ਖੇਡ ਬੱਚਿਆਂ ਨੂੰ ਉਹਨਾਂ ਦੇ ਆਲੇ ਦੁਆਲੇ ਦੀ ਦੁਨੀਆਂ ਬਾਰੇ ਸਿੱਖਣ ਅਤੇ ਉਹਨਾਂ ਦੀ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਖੇਡ ਦੀ ਇੱਕ ਹੋਰ ਕਿਸਮ ਕਲਪਨਾ ਖੇਡ ਹੈ, ਜੋ ਬੱਚਿਆਂ ਨੂੰ ਆਪਣੀਆਂ ਕਲਪਨਾਵਾਂ ਦੀ ਵਰਤੋਂ ਕਰਨ ਅਤੇ ਕਿਸੇ ਵਿਅਕਤੀ ਜਾਂ ਕੁਝ ਹੋਰ ਹੋਣ ਦਾ ਦਿਖਾਵਾ ਕਰਨ ਦਿੰਦੀ ਹੈ। ਇਸ ਕਿਸਮ ਦੀ ਖੇਡ ਬੱਚਿਆਂ ਨੂੰ ਸਮਾਜਿਕ ਹੁਨਰ ਵਿਕਸਿਤ ਕਰਨ ਅਤੇ ਦੂਜੇ ਲੋਕਾਂ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ।

ਖੇਡਾਂ ਜਾਂ ਕਲਾ ਅਤੇ ਸ਼ਿਲਪਕਾਰੀ ਵਰਗੀਆਂ ਢਾਂਚਾਗਤ ਗਤੀਵਿਧੀਆਂ ਨੂੰ ਵੀ ਖੇਡ ਦੇ ਰੂਪ ਮੰਨਿਆ ਜਾ ਸਕਦਾ ਹੈ। ਇਹ ਗਤੀਵਿਧੀਆਂ ਬੱਚਿਆਂ ਨੂੰ ਨਵੇਂ ਹੁਨਰ ਸਿੱਖਣ ਅਤੇ ਉਹਨਾਂ ਹੁਨਰਾਂ ਦਾ ਅਭਿਆਸ ਕਰਨ ਵਿੱਚ ਮਦਦ ਕਰਦੀਆਂ ਹਨ ਜੋ ਉਹਨਾਂ ਕੋਲ ਪਹਿਲਾਂ ਹੀ ਹਨ। ਉਹ ਸਮਾਜੀਕਰਨ ਅਤੇ ਟੀਮ ਵਰਕ ਦੇ ਮੌਕੇ ਵੀ ਪ੍ਰਦਾਨ ਕਰਦੇ ਹਨ।

(ਬਾਕੀ ਸਫ਼ਾ 31 ’ਤੇ)

# ਕੈਨੇਡਾ ਦੀ ਜੂਨੀਅਰ ਹਾਕੀ ਨੈਸ਼ਨਲ ਟੀਮ ’ਚ ਤਿੰਨ ਸਿੱਖ ਕੁੜੀਆਂ ਦੀ ਚੋਣ

## ਮਾਰਚ -ਅਪ੍ਰੈਲ 2024 ’ਚ ਨੀਦਰਲੈਂਡ ’ਚ ਪੰਜਾਬੀ ਖਿਡਾਰਨਾਂ ਕੌਮਾਂਤਰੀ ਮੈਚ ਖੇਡਣਗੀਆਂ



ਐਬਟਸਫ਼ੋਰਡ/ਡਾ. ਗੁਰਵਿੰਦਰ ਸਿੰਘ: ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਅੰਡਰ-17 ਕੁੜੀਆਂ ਦੀ ਜੂਨੀਅਰ ਨੈਸ਼ਨਲ ਟੀਮ ਵਿੱਚ, ਤਿੰਨ ਸਿੱਖ ਕੁੜੀਆਂ ਦੀ ਚੋਣ ਕੀਤੀ ਗਈ ਹੈ, ਜਿਨਾਂ ’ਚ ਐਬਟਸਫ਼ੋਰਡ ਦੀ ਜੰਮਪਲ ਪੁਨੀਤ ਕੌਰ ਲਿੱਟ, ਸਰੀ ਨਾਲ ਸੰਬੰਧਤ ਅਮਾਨਤ ਕੌਰ ਢਿੱਲੋ ਅਤੇ ਵੈਨਕੂਵਰ ਦੀ ਰੈਨਾ ਕੌਰ ਧਾਲੀਵਾਲ ਸ਼ਾਮਿਲ ਹਨ। ਇਹ ਟੀਮ ਵਿੱਚ ਤਿੰਨ ਪੰਜਾਬੀ ਖਿਡਾਰਨਾਂ ਦੀ ਚੋਣ ’ਤੇ ਪੰਜਾਬੀ ਭਾਈਚਾਰੇ ਸਮੇਤ ਸਮੂਹ ਕੈਨੇਡੀਅਨ ਨੇ ਮਾਣ ਮਹਿਸੂਸ ਕੀਤਾ ਹੈ। ਅਮਾਨਤ ਕੌਰ ਢਿੱਲੋਂ ਕੈਨੇਡਾ ਦੀ ਇੰਡੀਆ ਕਲੱਬ ਦੀ ਖਿਡਾਰਨ ਹੈ। ਇਸ ਤੋਂ ਇਲਾਵਾ ਰੈਨਾ ਕੌਰ ਧਾਲੀਵਾਲ ਵੈਨਕੂਵਰ ਦੇ ਪੋਲਰ ਬੀਅਰਸ ਕਲੱਬ ਨਾਲ ਸਬੰਧਿਤ ਹੈ ਅਤੇ ਪੁਨੀਤ ਕੌਰ ਲਿੱਟ ਐਬਟਸਫ਼ੋਰਡ ਦੀ ਖਿਡਾਰਨ ਹੈ। ਕੈਨੇਡਾ ਦੀ ਨੈਸ਼ਨਲ ਟੀਮ ਅੰਡਰ-17 ਦੀਆਂ ਖਿਡਾਰਨਾਂ ਮਾਰਚ ਅਪ੍ਰੈਲ 2024 ’ਚ ਮੈਚ ਨੀਦਰਲੈਂਡ ਵਿੱਚ ਹਾਕੀ ਖੇਡਣਗੀਆਂ। ਜ਼ਿਕਰਯੋਗ ਹੈ ਕਿ ਪੁਨੀਤ ਕੌਰ ਦਾ ਲਿੱਟ ਪਰਿਵਾਰ ਪਿੰਡ ਬੁਰਜ ਲਿੱਟਾਂ, ਜ਼ਿਲ੍ਹਾ ਲੁਧਿਆਣਾ ਦੇ ਸ. ਭਾਗ ਸਿੰਘ ਲਿੱਟ ਨਾਲ ਸੰਬੰਧਤ ਹੈ। ਕੈਨੇਡਾ ਵੱਸਦੇ ਸੌ ਤੋਂ ਵੱਧ ਪਰਿਵਾਰਾਂ ਦੇ ਮੁਖੀ ਅਤੇ ਸੌ ਸਾਲ ਤੋਂ ਲੰਮਾ ਜੀਵਨ ਗੁਜ਼ਾਰਨ ਵਾਲੇ ਸਵਰਗੀ ਭਾਗ ਸਿੰਘ ਲਿੱਟ ਨੇ ਪਿੰਡ ਵਿੱਚ ਸਕੂਲ ਸਥਾਪਨਾ, ਗੁਰਦੁਆਰਾ ਉਸਾਰੀ ਅਤੇ ਹੋਰ ਸੇਵਾ ਕਾਰਜਾਂ ’ਚ ਵੱਡਮੁੱਲਾ ਯੋਗਦਾਨ ਪਾਇਆ, ਆਪਣੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਿਆ ਅਤੇ ਮਾਨਵਵਾਦੀ ਸੋਚ ਦੀ ਗੁੜ੍ਹਤੀ ਦਿੱਤੀ।

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਮੋਹ ਰੱਖਦਾ ਸੀ

# ਵਰਿੰਦਰ







ਪੰਜਾਬੀ ਸਿਨੇਮੇ ਲਈ ਅੱਸੀ-ਨੱਬੇ ਦਾ ਦੌਰ ਪੂਰੀ ਤਰ੍ਹਾਂ ਵਰਿੰਦਰ ਨੂੰ ਹੀ ਸਮਰਪਿਤ ਸੀ। ਜੇ ਗੱਲ ਕਰੀਏ 'ਸਰਪੰਚ', 'ਬਲਬੀਰੋ ਭਾਬੀ', 'ਨਿੰਮੋ', 'ਜਿਗਰੀ ਯਾਰ', 'ਸਰਦਾਰਾ ਕਰਤਾਰਾ', 'ਯਾਰੀ ਜੱਟ ਦੀ', ਇਨ੍ਹਾਂ ਫ਼ਿਲਮਾਂ ਵਿਚਲਾ 'ਜੀਤਾ', 'ਕਰਮਾ', 'ਸੁੱਚਾ' ਅੱਜ ਵੀ ਦਰਸ਼ਕਾਂ ਦੇ ਮਨਾਂ ਵਿੱਚ ਵਸਿਆ ਹੋਇਆ ਹੈ। ਵਰਿੰਦਰ ਇੱਕ ਅਜਿਹਾ ਅਦਾਕਾਰ ਸੀ ਜਿਸ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਹੁਤ ਨੇੜਿਓਂ ਫ਼ਿਲਮੀ ਪਰਦੇ 'ਤੇ ਉਤਾਰਿਆ। ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ, ਸਮਾਜਿਕ ਕੁਰੀਤੀਆਂ ਨੂੰ ਵਰਿੰਦਰ ਨੇ ਆਪਣੀਆਂ ਫ਼ਿਲਮਾਂ ਦਾ ਹਿੱਸਾ ਬਣਾਇਆ। ਫ਼ਿਲਮ 'ਸਰਪੰਚ' ਰਾਹੀਂ ਉਸ ਨੇ ਨਸ਼ਿਆਂ ਨਾਲ ਉੱਜੜਦੇ ਘਰਾਂ ਦੀ ਦਾਸਤਾਨ ਬਿਆਨ ਕਰਦਿਆਂ ਇਹ ਦਿਖਾਇਆ ਕਿ ਕਿਵੇਂ ਨਸ਼ੇ ਦੇ ਸੌਦਾਗਰ ਆਪਣੀਆਂ ਜੇਬਾਂ ਭਰਨ ਲਈ ਪੰਜਾਬ ਦੀ ਜਵਾਨੀ ਨੂੰ ਖ਼ਤਮ ਕਰਨ ਦੇ ਰਾਹ ਪੈਂਦੇ ਹਨ। ਇਸੇ ਤਰ੍ਹਾਂ ਫ਼ਿਲਮ 'ਨਿੰਮੋ' ਰਾਹੀਂ ਇੱਕ ਗਾਉਣ ਵਾਲੀ ਦੇ ਵਿਅਕਤਿਤਵ ਤੇ ਲੋਕਾਂ ਵਿਚਲੀ ਸ਼ੋਹਰਤ ਨੂੰ ਦੋ ਵੱਖ-ਵੱਖ ਪੱਖਾਂ ਤੋਂ ਪੇਸ਼ ਕੀਤਾ। 'ਬਲਬੀਰੋ ਭਾਬੀ' ਫ਼ਿਲਮ ਰਾਹੀਂ ਉਸ ਨੇ ਪੰਜਾਬੀ ਕਿੱਸਿਆਂ ਦੇ ਲੋਕ ਨਾਇਕ 'ਸੁੱਚਾ ਸੂਰਮੇ' ਨੂੰ ਫ਼ਿਲਮੀ ਪਰਦੇ 'ਤੇ ਉਤਾਰਿਆ। ਫ਼ਿਲਮ 'ਯਾਰੀ ਜੱਟ ਦੀ' ਵਿੱਚ ਇੱਕ ਅਜਿਹੀ ਖ਼ੂਬਸੂਰਤ ਮੁਟਿਆਰ ਦੀ ਕਹਾਣੀ ਨੂੰ ਮੂਲ ਬਣਾਇਆ ਜਿਸ ਦੀ ਮਤਰੇਈ ਮਾਂ ਡਾਲਰਾਂ ਦੇ ਲਾਲਚ ਵਿੱਚ ਆ ਕੇ ਉਸ ਦਾ ਵਿਆਹ ਕੈਨੇਡਾ ਦੇ ਇੱਕ ਬੁੱਢੇ ਨਾਲ ਕਰ ਦਿੰਦੀ ਹੈ।

ਵਰਿੰਦਰ ਦਾ ਜਨਮ 15 ਅਗਸਤ 1948 ਨੂੰ ਪੰਜਾਬ ਦੇ ਫਗਵਾੜਾ ਸ਼ਹਿਰ ਵਿੱਚ ਹੋਇਆ। ਨਾਮੀ ਫ਼ਿਲਮ ਸਟਾਰ ਧਰਮਿੰਦਰ ਤੇ ਵਰਿੰਦਰ ਆਪਸ ਵਿੱਚ ਮਾਮੇ-ਭੂਆ ਦੇ ਪੁੱਤ ਸਨ। ਫ਼ਿਲਮਾਂ ਵਿੱਚ ਆਉਣ ਤੋਂ ਪਹਿਲਾਂ ਵਰਿੰਦਰ ਫਗਵਾੜੇ ਇੱਕ ਪ੍ਰਾਈਵੇਟ ਇੰਡਸਟਰੀ ਵਿੱਚ ਬੁਕਿੰਗ ਕਲਰਕ ਵਜੋਂ ਕੰਮ ਕਰਦਾ ਸੀ। ਆਪਣੇ ਕੰਮ ਦੇ ਸਿਲਸਿਲੇ ਜਦੋਂ ਉਹ ਬੰਬੇ, ਕਲਕੱਤੇ ਜਾਂਦਾ ਤਾਂ ਅਕਸਰ ਧਰਮਿੰਦਰ ਕੋਲ ਠਹਿਰਦਾ। ਫ਼ਿਲਮਾਂ ਦੀ ਚਕਾਚੌਂਧ ਨੇ ਵਰਿੰਦਰ ਨੂੰ ਪ੍ਰਭਾਵਿਤ ਕੀਤਾ ਅਤੇ ਉਸ ਨੇ ਫ਼ਿਲਮਾਂ ਵੱਲ ਆਉਣ ਦਾ ਮਨ ਬਣਾਇਆ। ਵਰਿੰਦਰ ਦੀ ਪਹਿਲੀ ਫ਼ਿਲਮ 'ਤੇਰੀ ਮੇਰੀ ਇੱਕ ਜਿੰਦੜੀ' ਸੀ ਜਿਸ ਵਿੱਚ ਉਸ ਨੇ ਪਹਿਲੀ ਵਾਰ ਬਤੌਰ ਨਾਇਕ ਕੈਮਰੇ ਦਾ ਸਾਹਮਣਾ ਕੀਤਾ। ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਵੱਲੋਂ 'ਲੁਧਿਆਣਾ ਫ਼ਿਲਮਜ਼' ਦੇ ਬੈਨਰ ਹੇਠ ਬਣਾਈ ਇਸ ਫ਼ਿਲਮ ਵਿੱਚ ਧਰਮਿੰਦਰ ਨੇ ਵੀ ਕੰਮ ਕੀਤਾ ਸੀ। ਵਰਿੰਦਰ ਬਹੁਤ ਸੰਗਾਊ ਸੁਭਾਅ ਵਾਲਾ ਸੀ। ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਉਸ ਨੇ ਅਦਾਕਾਰਾ ਮੀਨਾ ਰਾਏ ਨਾਲ ਦ੍ਰਿਸ਼ ਬਹੁਤ ਹੀ ਸੰਗ-ਸੰਗ ਦਿੱਤੇ ਸਨ। ਨਰਿੰਦਰ ਬੀਬਾ ਦੀ ਆਵਾਜ਼ ਵਿੱਚ ਹਿੱਟ ਗਾਣਾ 'ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਦੱਸ ਕੀ ਕਰਾਂ' ਵਰਿੰਦਰ 'ਤੇ ਹੀ ਫ਼ਿਲਮਾਇਆ ਗਿਆ। ਇਸ ਫ਼ਿਲਮ ਤੋਂ ਬਾਅਦ ਉਹ ਪੂਰੀ ਤਰ੍ਹਾਂ ਪੰਜਾਬੀ ਫ਼ਿਲਮਾਂ ਨੂੰ ਸਮਰਪਿਤ ਹੋ ਗਿਆ। ਅਦਾਕਾਰੀ ਦੇ ਨਾਲ-ਨਾਲ ਉਸ ਨੇ ਫ਼ਿਲਮ ਨਿਰਦੇਸ਼ਨ ਵਿੱਚ ਵੀ ਚੰਗਾ ਗਿਆਨ ਹਾਸਲ ਕੀਤਾ।

ਵਰਿੰਦਰ ਆਪਣੀ ਫ਼ਿਲਮ ਦੀ ਕਹਾਣੀ, ਸੰਵਾਦਾਂ, ਲੁਕੇਸ਼ਨਾਂ ਅਤੇ ਗੀਤਾਂ ਦਾ ਖ਼ਾਸ ਧਿਆਨ ਰੱਖਦਾ ਸੀ। ਉਹ ਫ਼ਿਲਮ ਦੇ ਨਾਇਕ ਦੀ ਆਵਾਜ਼ ਨਾਲ ਮਿਲਦੀ-ਆਵਾਜ਼ ਤੋਂ ਹੀ ਗੀਤ ਗਵਾਉਂਦਾ ਸੀ। ਮਹਿੰਦਰ ਕਪੂਰ ਉਸ ਦਾ ਮਨਪਸੰਦ ਗਾਇਕ ਸੀ। ਇਹੋ ਕਾਰਨ ਸੀ ਕਿ ਉਸ ਦੀ ਫ਼ਿਲਮ ਦਾ ਸੰਗੀਤ ਕੋਈ ਨਾਮੀ ਮਿਊਜ਼ਕ ਕੰਪਨੀ ਸਜ-ਧਜ ਕੇ ਰਿਲੀਜ਼ ਕਰਦੀ ਹੁੰਦੀ ਸੀ। ਵਰਿੰਦਰ ਦੀਆਂ ਫ਼ਿਲਮਾਂ ਦੀ ਦਰਸ਼ਕ ਬੇਸਬਰੀ ਨਾਲ ਉਡੀਕ ਕਰਦੇ ਸਨ। ਉਸ ਦੀ ਫ਼ਿਲਮ ਕਈ-ਕਈ ਹਫ਼ਤੇ ਇੱਕੋ ਸਿਨੇਮੇ ਵਿੱਚ ਲੱਗੀ ਰਹਿੰਦੀ ਸੀ। ਦਰਸ਼ਕਾਂ ਦਾ ਜਿਹੜਾ ਪਿਆਰ ਵਰਿੰਦਰ ਦੀਆਂ ਫ਼ਿਲਮਾਂ ਦੇ ਹਿੱਸੇ ਆਇਆ, ਉਹ ਕਿਸੇ ਹੋਰ ਦੇ ਹਿੱਸੇ ਬਹੁਤ ਘੱਟ ਆਇਆ।

ਵਰਿੰਦਰ ਨੇ ਆਪਣੇ 12 ਸਾਲ ਦੇ ਫ਼ਿਲਮੀ ਕੈਰੀਅਰ ਦੌਰਾਨ ਬਤੌਰ ਲੇਖਕ, ਨਿਰਮਾਤਾ-ਨਿਰਦੇਸ਼ਕ ਅਤੇ ਨਾਇਕ ਲਗਪਗ 25 ਫ਼ਿਲਮਾਂ ਪੰਜਾਬੀ ਦਰਸ਼ਕਾਂ ਨੂੰ ਦਿੱਤੀਆਂ। 'ਲੰਬੜਦਾਰਨੀ', 'ਲਾਜੋ', 'ਵੈਰੀ ਜੱਟ', 'ਸੈਦਾ ਜੋਗਣ', 'ਬਟਵਾਰਾ', 'ਬਲਬੀਰੋ ਭਾਬੀ', 'ਰਾਣੋ', 'ਸਰਪੰਚ', 'ਸੰਤੋ-ਬੰਤੋ', 'ਤੇਰੀ ਮੇਰੀ ਇੱਕ ਜਿੰਦੜੀ', 'ਸਰਦਾਰਾ ਕਰਤਾਰਾ', 'ਜਿਗਰੀ ਯਾਰ', 'ਜੱਟ ਸੂਰਮੇ', 'ਕੁਆਰਾ ਮਾਮਾ', 'ਗਿੱਧਾ', 'ਟਾਕਰਾ', 'ਧਰਮਜੀਤ', 'ਯਾਰੀ ਜੱਟ ਦੀ', 'ਜੱਟ ਤੇ ਜ਼ਮੀਨ', 'ਨਿੰਮੋ' ਆਦਿ ਉਸ ਦੀਆਂ ਚਰਚਿਤ ਫ਼ਿਲਮਾਂ ਹਨ। ਉਸ ਨੇ ਦੋ ਹਿੰਦੀ ਫ਼ਿਲਮਾਂ 'ਖੇਲ ਮੁਕੱਦਰ ਕਾ' ਅਤੇ 'ਦੋ ਚਿਹਰੇ' ਵਿੱਚ ਵੀ ਕੰਮ ਕੀਤਾ। ਉਂਜ ਤਾਂ ਵਰਿੰਦਰ ਨਾਲ ਕਈ ਹੀਰੋਇਨਾਂ ਨੇ ਕੰਮ ਕੀਤਾ ਪਰ ਪ੍ਰੀਤੀ ਸਪਰੂ ਨਾਲ ਵਰਿੰਦਰ ਦੀ ਜੋੜੀ ਵਧੇਰੇ ਪ੍ਰਵਾਨ ਚੜ੍ਹੀ।

ਨੌਜਵਾਨ ਫ਼ਿਲਮਕਾਰ ਨਵਤੇਜ ਸੰਧੂ ਦੀ ਵਰਿੰਦਰ ਨਾਲ ਦਿਲੀ ਸਾਂਝ ਰਹੀ। ਨਵਤੇਜ ਦਾ ਕਹਿਣਾ ਹੈ ਕਿ ਵਰਿੰਦਰ ਵਰਗਾ ਪੰਜਾਬ ਦੀ ਮਿੱਟੀ ਨਾਲ ਜੁੜਿਆ ਕਲਾਕਾਰ ਦੁਬਾਰਾ ਪੈਦਾ ਨਹੀਂ ਹੋਣਾ। ਉਸ ਨੇ ਆਪਣੀਆਂ ਫ਼ਿਲਮਾਂ ਵਿੱਚ ਹਮੇਸ਼ਾਂ ਲੋਕਾਂ ਦੀ ਗੱਲ ਕੀਤੀ। ਉਸ ਦੀਆਂ ਫ਼ਿਲਮਾਂ ਵਿੱਚ ਕੋਈ ਬਨਾਉਟੀਪਣ ਨਹੀਂ ਸੀ ਹੁੰਦਾ। ਜੇ ਅੱਜ ਵਰਿੰਦਰ ਜਿਊਂਦਾ ਹੁੰਦਾ ਤਾਂ ਪੰਜਾਬੀ ਸਿਨੇਮਾ ਕਿਤੇ ਦਾ ਕਿਤੇ ਹੁੰਦਾ। ਵਰਿੰਦਰ ਆਪ ਤਾਂ ਚੰਗਾ ਕਲਾਕਾਰ ਹੈ ਹੀ ਸੀ, ਦੂਜੇ ਕਲਾਕਾਰਾਂ ਨੂੰ ਵੀ ਉਹ ਚੰਗੀਆਂ ਗੱਲਾਂ ਦੱਸਦਾ ਸੀ। ਯੋਗਰਾਜ ਸਿੰਘ, ਪ੍ਰੀਤੀ ਸਪਰੂ, ਗੁਰਚਰਨ ਪੋਹਲੀ, ਸਰੂਪ ਪਰਿੰਦਾ, ਮੇਹਰ ਮਿੱਤਲ, ਸੁਖਜਿੰਦਰ ਸ਼ੇਰਾ, ਨਿਰਦੇਸ਼ਕ ਰਵਿੰਦਰ ਰਵੀ, ਮੋਹਨ ਬੱਗੜ ਆਦਿ ਨੇ ਵਰਿੰਦਰ ਦੀਆਂ ਫ਼ਿਲਮਾਂ ਤੋਂ ਹੀ ਆਪਣੇ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ। ਵਰਿੰਦਰ ਅਕਸਰ ਕਹਿੰਦਾ ਹੁੰਦਾ ਸੀ ਕਿ ਪੰਜਾਬ ਮੇਰਾ ਆਪਣਾ ਹੈ। ਮੈਂ ਪੰਜਾਬ ਦੀ ਮਿੱਟੀ ਨਾਲ ਜੁੜਿਆ ਹੋਇਆ ਕਲਾਕਾਰ ਹਾਂ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਅੰਤਾਂ ਦਾ ਮੋਹ ਰੱਖਣ ਵਾਲਾ ਪੰਜਾਬੀ ਸਿਨੇਮੇ ਦਾ ਇਹ ਹੋਣਹਾਰ ਅਦਾਕਾਰ 6 ਦਸੰਬਰ 1988 ਨੂੰ ਪੰਜਾਬ 'ਚ ਚੱਲੇ ਕਾਲੇ ਦੌਰ ਦਾ ਸ਼ਿਕਾਰ ਹੋ ਗਿਆ। ਉਹ ਉਸ ਵਕਤ ਪਿੰਡ ਤਲਵੰਡੀ ਵਿਖੇ ਫ਼ਿਲਮ 'ਜੱਟ ਤੇ ਜ਼ਮੀਨ' ਦੀ ਸ਼ੂਟਿੰਗ ਕਰ ਰਿਹਾ ਸੀ। ਵਰਿੰਦਰ ਦੀ ਮੌਤ ਤੋਂ ਬਾਅਦ ਪੰਜਾਬੀ ਸਿਨੇਮੇ ਵਿੱਚ ਵਿਰਾਨੀ ਛਾ ਗਈ। ਭਾਵੇਂ ਅੱਜ ਪੰਜਾਬੀ ਸਿਨੇਮਾ ਕੌਮਾਂਤਰੀ ਪੱਧਰ 'ਤੇ ਪਛਾਣ ਰੱਖਦਾ ਹੈ ਪਰ ਵਰਿੰਦਰ ਦੀ ਪੰਜਾਬੀ ਸਿਨੇਮੇ ਵਿੱਚ ਪਈ ਘਾਟ ਕਦੇ ਪੂਰੀ ਨਹੀਂ ਹੋ ਸਕਦੀ। ਨਵੇਂ ਫ਼ਿਲਮਕਾਰਾਂ ਨੂੰ ਵਰਿੰਦਰ ਦੀਆਂ ਫ਼ਿਲਮਾਂ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਇਹੋ ਉਸ ਮਹਾਨ ਕਲਾਕਾਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਗੀਤਕਾਰੀ ਅਤੇ ਗਾਇਕੀ ਦਾ ਧਨੀ

# ਦੀਦਾਰ ਸੰਧੂ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794



ਅਰਸ਼ਾਂ ਦੀਆਂ ਕਲਪਨਿਕ ਉਡਾਰੀਆਂ ਲਾ ਕੇ ਉੱਥੋਂ ਦੇ ਦ੍ਰਿਸ਼ ਅਤੇ ਅਖਾਣ, ਮੁਹਾਵਰਿਆਂ ਨੂੰ ਗੀਤਾਂ ਵਿੱਚ ਫਿੱਟ ਕਰਨ ਵਾਲੇ ਗੀਤਕਾਰ ਅਤੇ ਗਾਇਕ ਦੀਦਾਰ ਸੰਧੂ ਦਾ ਜਨਮ 3 ਜੁਲਾਈ 1942 ਨੂੰ ਅਣਵੰਡੇ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ 133 ਵਿੱਚ ਹੋਇਆ। ਦੀਦਾਰ ਸੰਧੂ ਦੇ ਪਿਤਾ ਦਾ ਨਾਮ ਸਮੁੰਦ ਸਿੰਘ ਅਤੇ ਮਾਤਾ ਦਾ ਨਾਮ ਦਾਨ ਕੌਰ ਸੀ।

ਦੋਹਾਂ ਦੇਸ਼ਾਂ ਦੀ ਵੰਡ ਵੇਲੇ ਇਹ ਪ੍ਰੀਵਾਰ ਚੜ੍ਹਦੇ ਪੰਜਾਬ ਵਿੱਚ ਪਿੰਡ ਬੋਤਲ ਵਾਲਾ ਤਹਿਸੀਲ ਜਗਰਾਂਉ ਜ਼ਿਲ੍ਹਾ ਲੁਧਿਆਣਾ ਵਿਖੇ ਆ ਗਿਆ ਪਰ ਕੁੱਝ ਸਮੇਂ ਬਾਅਦ ਪਿੰਡ ਭਰੋਵਾਲ ਖ਼ੁਰਦ ਵਿਖੇ ਜ਼ਮੀਨ ਅਲਾਟ ਹੋਣ ਕਰਕੇ ਪੱਕੇ ਤੌਰ 'ਤੇ ਇਥੇ ਰਹਿਣ ਲੱਗ ਪਏ। ਇਸ ਨੇ ਸਤਵੀਂ ਤੱਕ ਦੀ ਪੜ੍ਹਾਈ ਜਗਰਾਓਂ ਸਕੂਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਬਰਸਾਲ ਹਾਈ ਸਕੂਲ ਤੋਂ ਪਾਸ ਕੀਤੀ।

ਦੀਦਾਰ ਸੰਧੂ ਦਾ ਵਿਆਹ 1966 ਵਿੱਚ ਜਗਰਾਉਂ ਨੇੜੇ ਪਿੰਡ ਗਾਲਿਬ ਦੀ ਅਮਰਜੀਤ ਕੌਰ ਨਾਲ ਹੋਇਆ ਜੋ ਬਹੁਤ ਹੀ ਵਧੀਆ ਸੁਭਾਹ ਦੇ ਸਨ ਘਰ ਦੀ ਜ਼ਿਮੇਵਾਰੀ ਇਹਨਾਂ ਨੇ ਸੰਭਾਲੀ ਅਤੇ ਦੀਦਾਰ ਸੰਧੂ ਨੂੰ ਕੁਦਰਤ ਵੱਲੋਂ ਮਿਲੀ ਗੀਤਕਾਰੀ ਅਤੇ ਗਾਇਕੀ ਦੀ ਕਲਾ ਨੂੰ ਸਰੋਤਿਆਂ ਸਾਹਮਣੇ ਰੱਖਣ ਲਈ ਵਿਹਲਾ ਕਰ ਦਿੱਤਾ।

ਦੀਦਾਰ ਸੰਧੂ ਹੋਰੀ ਪੰਜ ਭਰਾ ਸਨ ਇਹ ਸਭ ਤੋਂ ਛੋਟਾ ਸੀ। ਇਸ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ, ਬੇਟਾ ਜਗਮੋਹਣ ਸੰਧੂ ਜੋ ਵਧੀਆ ਗਾਇਕ ਹੈ ਦੀਦਾਰ ਸੰਧੂ ਦੀ ਗਾਇਕੀ ਨੂੰ ਅੱਗੇ ਤੋਰ ਰਿਹਾ ਹੈ। ਬੇਟੀ ਦੀਪਾਂ ਸੰਧੂ ਕੈਨੇਡਾ ਵਿਖੇ ਰਹਿ ਰਹੀ ਹੈ।

ਦੀਦਾਰ ਸੰਧੂ ਨੇ ਦਸਵੀਂ ਜਮਾਤ ਪਾਸ ਕਰਨ ਮਗਰੋਂ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰ ਲਈ। ਉਥੇ ਹੀ ਮਹੁੰਮਦ ਸਦੀਕ ਨੌਕਰੀ ਕਰਦਾ ਸੀ ਦੀਦਾਰ ਸੰਧੂ ਉਸ ਦੇ ਸੰਪਰਕ ਵਿੱਚ ਆ ਕੇ ਉਸ ਨੂੰ 1962 ਵਿੱਚ ਮਿਲਿਆ। ਦੀਦਾਰ ਸੰਧੂ ਨੇ ਆਪਣੇ ਲਿਖੇ ਗੀਤ ਮਹੁੰਮਦ ਸਦੀਕ ਨੂੰ ਦਿਖਾਏ। ਉਹ ਦੇਖ ਕੇ ਦੰਗ ਰਹਿ ਗਿਆ ਅੱਲੜ੍ਹ ਜਿਹੇ ਮੁੰਡੇ ਨੇ ਇਤਨੇ ਵਧੀਆ ਗੀਤ ਲਿਖੇ ਹਨ। ਉਹ ਗੀਤ ਹਨ 'ਇੱਕ ਤੇਰਾ ਰੰਗ ਮੁਸ਼ਕੀ ਦੂਜਾ ਚਰਖਾ ਗਲੀ ਦੇ ਵਿੱਚ ਡਾਹਿਆ' (ਸੋਲ੍ਹੋ) ਦੂਸਰਾ ਗੀਤ 'ਜਿਹੀ ਤੇਰੀ ਗੁਤ ਦੇਖਲੀ ਜਿਹਾ ਦੇਖਿਆ ਜਰਗ ਦਾ ਮੇਲਾ' (ਸੋਲ੍ਹੋ) ਤੀਸਰਾ ਗੀਤ 'ਗੋਰੇ ਰੰਗ ਤੇ ਬਾਸਕਟ ਕਾਲੀ ਵੇਖ ਜੱਟਾ ਤੈਨੂੰ ਬੜੀ ਸਜਦੀ' (ਦੋਗਾਣਾ ਗੀਤ ਮਹੁੰਮਦ ਸਦੀਕ ਅਤੇ ਸਵਰਨ ਲਤਾ ਦੀ ਆਵਾਜ਼ ਵਿੱਚ) ਇਹ ਤਿੰਨੇ ਗੀਤ 1965-66 ਵਿੱਚ ਰਿਕਾਰਡ ਹੋਏ। ਇਹ ਗੀਤ ਇਤਨੇ ਚੱਲੇ ਇਹਨਾਂ ਨੇ ਦੀਦਾਰ ਸੰਧੂ ਦੀ ਗੀਤਕਾਰੀ ਵਿੱਚ ਵਧੀਆ ਪਛਾਣ ਬਣਾ ਦਿੱਤੀ ਮੁਹੰਮਦ ਸਦੀਕ ਨੇ ਵੀ ਗਾ ਕੇ ਆਪਣਾ ਗਾਇਕੀ ਵਿੱਚ ਕੱਦ ਹੋਰ ਉਚਾ ਕਰ ਲਿਆ।

ਦੀਦਾਰ ਸੰਧੂ ਨੇ ਜਦੋ ਗਾਇਕੀ ਦੇ ਖੇਤਰ ਵਿੱਚ ਪੈਰ ਪਾਇਆ ਤਾਂ ਸਭ ਤੋਂ ਪਹਿਲਾ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾਇਆ।

**ਜੱਟ ਬੜਾ ਬੇਦਰਦੀ ਮੈਂ ਕਿੱਥੇਂ ਜਾਵਾਂ**

ਫਿਰ ਦੀਦਾਰ ਸੰਧੂ ਦੀ ਜੋੜੀ ਸਨੇਹ ਲਤਾ ਨਾਲ ਬਣ ਗਈ ਜੋ ਬਹੁਤ ਮਕਬੂਲ ਹੋਈ। 1975 ਵਿੱਚ ਦੀਦਾਰ ਸੰਧੂ ਦਾ ਸਨੇਹ ਲਤਾ ਨਾਲ ਇੱਕ ਛੇ ਗੀਤਾਂ ਦਾ ਤਵਾ ਆਇਆ ਜਿਸ ਨੇ ਦੀਦਾਰ ਦੀ ਗੀਤਕਾਰੀ ਅਤੇ ਗਾਇਕੀ ਦਾ ਲੋਹਾ ਮੰਨਣ ਲਈ ਸਰੋਤਿਆਂ ਨੂੰ ਮਜਬੂਰ ਕਰ ਦਿੱਤਾ। ਉਸ ਵਿੱਚ 'ਜੋੜੀ ਜਦੋ ਚੁਬਾਰੇ ਚੜ੍ਹਦੀ' ਗੀਤ ਨੇ ਸਾਰੇ ਰਿਕਾਰਡ ਤੋੜ ਦਿੱਤੇ। ਇਹ ਗੀਤ ਅੱਜ ਵੀ ਪੁਰਾਣੀਆਂ ਯਾਦਾਂ ਨੂੰ ਤਾਜਾ ਕਰ ਰਿਹਾ ਹੈ।

ਦੀਦਾਰ ਸੰਧੂ ਦੇ ਮੁਕਤਸਰ, ਬਠਿੰਡਾ ਤੋਂ ਲੈ ਕੇ ਗੰਗਾਨਗਰ ਤੱਕ ਬਹੁਤ ਜਿਆਦਾ ਆਖਾੜੇ ਲਗਦੇ ਸਨ। ਰਸਤੇ ਵਿੱਚ ਕੋਟਕਪੂਰੇ ਦਾ ਰੇਲਵੇ ਫਾਟਕ ਪੈਂਦਾ ਸੀ। ਜੋ ਬਹੁਤਾ ਸਮਾਂ ਬੰਦ ਰਹਿੰਦਾ ਸੀ ਘਰ ਤੋਂ ਉਧਰ ਅਖਾੜਾ ਲਾਉਣ ਜਾਣ ਵਾਸਤੇ ਫਾਟਕ ਬੰਦ ਰਹਿਣ ਦਾ ਸਮਾਂ ਲੈ ਕੇ ਚਲਣਾ ਪੈਂਦਾ ਸੀ ਇਸ ਕਰਕੇ ਦੀਦਾਰ ਸੰਧੂ ਨੂੰ ਉਥੇ ਖੜ੍ਹ ਕੇ ਗੀਤ ਲਿਖਣਾ ਪਿਆ 'ਹੁਣ ਬੰਦ ਪਿਆ ਦਰਵਾਜਾ ਜਿਉਂ ਫਾਟਕ ਕੋਟਕਪੂਰੇ ਦਾ'

1979 ਨੂੰ ਮੁੱਲਾਂਪੁਰ (ਦਾਖਾ)ਮੰਡੀ ਦੀ ਦੁਸਹਿਰਾ ਕਮੇਟੀ ਵਿੱਚ ਦੀਦਾਰ ਸੰਧੂ ਕਮੇਟੀ ਮੈਂਬਰ ਸੀ। ਕਮੇਟੀ ਨੇ ਰਾਮਲੀਲਾ ਨਾ ਲਗਾਉਣ ਦਾ ਫ਼ੈਸਲਾ ਕਰਕੇ ਉਤਨੇ ਦਿਨ ਦੀਦਾਰ ਸੰਧੂ ਦੀ ਰਾਤ ਨੂੰ ਅਖਾੜੇ ਲਗਾਉਣ ਦੀ ਡਿਊਟੀ ਲਗਾ ਦਿੱਤੀ ਉਸ ਟਾਇਮ ਦੀਦਾਰ ਸੰਧੂ ਨਾਲ ਪਰਮਿੰਦਰ ਸੰਧੂ ਸਹਿ ਗਾਇਕਾ ਸੀ।

ਦੀਦਾਰ ਸੰਧੂ ਨੇ ਦਿਨ ਵੇਲੇ ਗੰਗਾਨਗਰ ਵੱਲ ਅਖਾੜਾ ਲਾ ਕੇ ਆਉਣਾ ਰਾਤ ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਰਾਮਲੀਲਾ ਗਰਾਉਂਡ ਵਿੱਚ ਪਿੰਡਾਂ ਤੋਂ ਟਰੈਕਟਰ ਟਰਾਲੀਆਂ ਲੈ ਕੇ ਆਏ ਬੇਹਿਸਾਬ ਲੋਕਾਂ ਦੇ ਇਕੱਠ ਦਾ ਮੰਨੋਰੰਜਨ ਕਰਨਾ।

ਹਰਜਾਪ ਟਿਵਾਣਾ ਵੀ ਦੀਦਾਰ ਸੰਧੂ ਦਾ ਬਹੁਤ ਵਧੀਆ ਮਿੱਤਰ ਅਤੇ ਗੀਤਕਾਰ ਹੋਇਆ ਹੈ। ਇੱਕ ਦਿਨ ਮੇਰੇ ਮਨ ਵਿਚ ਖਿਆਲ ਆਇਆ ਉਸ ਨੂੰ ਮਿਲਿਆ ਜਾਵੇ ਮੈਂ ਉਸ ਨੂੰ ਮਿਲਣ ਵਾਸਤੇ ਨਾਭੇ ਕੋਲ ਜਿੰਦਲਪੁਰ ਪਿੰਡ ਚਲਿਆ ਗਿਆ। ਉਸ ਨੇ ਦੱਸਿਆ ਦੀਦਾਰ ਸੰਧੂ ਕਿਹਾ ਕਰਦਾ ਸੀ ਗੀਤ ਦੀਆਂ ਲਾਈਨਾਂ ਛੋਟੀਆਂ ਹੋਣ ਅਰਥ ਜਿਆਦਾ ਨਿਕਲਦਾ ਹੋਣਾ ਚਾਹੀਦਾ ਹੈ। ਜਿਸ ਤਰਾਂ ਹਰਜਾਪ ਟਿਵਾਣੇ ਦਾ ਲਿਖਿਆ ਗੀਤ-ਥੋੜੇ ਪਿੰਡ ਕਿਹੋ ਜਿਹੀਆਂ ਬੁੜੀਆਂ

ਜੰਮਣ ਮੁੰਡੇ ਛੱਡ ਕੇ ਕੁੜੀਆਂ। ਦੀਦਾਰ ਸੰਧੂ ਨੇ ਹਰਜਾਪ ਟਿਵਾਣੇ ਦੇ ਲਿਖੇ ਪੰਜ ਗੀਤ ਗਾਏ। ਦੀਦਾਰ ਸੰਧੂ ਦੇ ਲਿਖੇ ਗੀਤ ਮਹੁੰਮਦ ਸਦੀਕ, ਰਣਜੀਤ ਕੌਰ, ਰਮੇਸ਼ ਰੰਗੀਲਾ, ਸੰਦੇਸ਼ ਕਪੂਰ, ਕਰਨੈਲ ਗਿੱਲ, ਸਵਰਨ ਲਤਾ, ਪ੍ਰੀਤੀ ਬਾਲਾ,ਬੀਰ ਚੰਦ ਗੋਪੀ, ਨਰਿੰਦਰ ਬੀਬਾ, ਪ੍ਰੋਮੀਲਾ ਪੰਮੀ ਆਦਿ ਨੇ ਗਾਏ ਹਨ।

ਦੀਦਾਰ ਸੰਧੂ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਗਾਇਆ। ਸਨੇਹ ਲਤਾ, ਸੁਰਿੰਦਰ ਕੌਰ, ਕੁਲਦੀਪ ਕੌਰ, ਪਰਮਿੰਦਰ ਸੰਧੂ, ਅਮਰ ਨੂਰੀ, ਬਲਜੀਤ ਬੱਲੀ, ਨਰਿੰਦਰ ਬੀਬਾ, ਸੁਖਵੰਤ ਕੌਰ ਅਤੇ ਸ਼ੁਸ਼ਮਾ ਆਦਿ ਨਾਲ ਗਾਇਆ।

ਦੀਦਾਰ ਸੰਧੂ ਬਿੰਬਾ ਵਿੱਚ ਲਿਖਦਾ ਸੀ ਲਿਖਣ ਵੇਲੇ ਇਸ ਤਰਾਂ ਨਾਲ ਦ੍ਰਿਸ਼ ਪੇਸ਼ ਕਰਦਾ ਸੀ ਸੁਣਨ ਵਾਲੇ ਨੂੰ ਇਸ ਤਰਾਂ ਲਗਦਾ ਜੋ ਹੋ ਰਿਹਾ ਹੈ ਸਾਹਮਣੇ ਹੀ ਹੋ ਰਿਹਾ ਹੈ। ਦੀਦਾਰ ਸੰਧੂ ਫਿਲਮਾਂ ਤੱਕ ਵੀ ਜਾ ਪਹੁੰਚਿਆ ਸੀ ਇਸ ਨੇ ਗਭਰੂ ਪੰਜਾਬ ਦਾ ਫ਼ਿਲਮ ਵਿੱਚ ਅਮਰਨੂਰੀ ਨਾਲ ਬੋਲੀਆਂ ਪਾਈਆਂ ਸਨ।

ਦੀਦਾਰ ਸੰਧੂ 16 ਫ਼ਰਵਰੀ 1991 ਨੂੰ ਇਸ ਦੁਨੀਆਂ 'ਤੇ ਆਪਣੀਆਂ ਪੈੜਾਂ ਪਾ ਕੇ ਅਲਵਿਦਾ ਕਹਿ ਗਿਆ। ਉਨ੍ਹਾਂ ਦਾ ਬੇਟਾ ਜਗਮੋਹਣ ਸੰਧੂ ਹਰ ਸਾਲ 21 ਨਵੰਬਰ ਨੂੰ ਭਰੋਵਾਲ ਖ਼ੁਰਦ ਜ਼ਿਲ੍ਹਾ ਲੁਧਿਆਣਾ ਵਿਖੇ ਆਪਣੇ ਖੇਤਾਂ ਵਿੱਚ ਮੇਲਾ ਲਗਾ ਕੇ ਆਪਣੇ ਪਿਤਾ ਦੀਦਾਰ ਸੰਧੂ ਦੀ ਯਾਦ ਨੂੰ ਤਾਜਾ ਕਰਦਾ ਹੈ। ਇਸ ਮੇਲੇ ਵਿੱਚ ਨਾਮਵਰ ਗਾਇਕ ਅਤੇ ਸਰੋਤੇ ਦੂਰੋਂ ਦੂਰੋਂ ਦੀਦਾਰ ਸੰਧੂ ਦੀ ਗੀਤਕਾਰੀ ਅਤੇ ਗਾਇਕੀ ਨੂੰ ਪਿਆਰ ਕਰਨ ਵਾਲੇ ਪਹੁੰਚਦੇ ਹਨ।

## ਕੀ ਜੰਮੂ-ਕਸ਼ਮੀਰ ਹਾਈ ਕੋਰਟ

ਕਰੇਗੀ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕਿਸੇ ਵੀ ਅਦਾਲਤ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਕੋਈ ਫ਼ੈਸਲਾ ਲੈਣ ਦਾ ਅਧਿਕਾਰ ਨਹੀਂ ਹੈ। ਦੂਜੀ ਗੱਲ ਜਿਸ ਜੱਜ ਨੇ ਇਹ ਫ਼ੈਸਲਾ ਦਿੱਤਾ ਹੈ, ਉਸ ਨੂੰ ਸ਼ਾਇਦ ਸਿੱਖ ਇਤਿਹਾਸ ਦਾ ਗਿਆਨ ਨਹੀਂ ਹੈ ਕਿਉਂਕਿ ਜੇ ਉਸ ਨੂੰ ਗਿਆਨ ਹੁੰਦਾ ਤਾਂ ਉਹ ਕਦੇ ਵੀ ਅਜਿਹਾ ਫ਼ੈਸਲਾ ਨਾ ਲੈਂਦਾ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੀ ਕਾਨੂੰਨੀ ਟੀਮ ਜਲਦੀ ਹੀ ਇਸ ਫ਼ੈਸਲੇ ਨੂੰ ਚੁਣੌਤੀ ਦੇਵੇਗੀ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਕੋਰਟ ਨੂੰ ਇਹ ਤੈਅ ਨਹੀਂ ਕਰਨਾ ਚਾਹੀਦਾ ਕਿ ਕੋਈ ਵਿਅਕਤੀ ਆਪਣਾ ਨਾਮ ਨਾਲ ਸਿੰਘ ਲਿਖ ਸਕਦਾ ਹੈ ਜਾਂ ਨਹੀਂ।

ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ 300 ਸਾਲ ਪਹਿਲਾਂ ਖਾਲਸਾ ਪੰਥ ਅਤੇ ਅੰਮ੍ਰਿਤ ਸੰਚਾਰ ਦੀ ਪਰੰਪਰਾ ਸ਼ੁਰੂ ਕੀਤੀ ਸੀ ਤੇ ਸਿੱਖਾਂ ਨੂੰ ਆਪਣੇ ਨਾਮ ਨਾਲ ਸਿੰਘ ਤੇ ਕੌਰ ਲਿਖਣ ਦਾ ਆਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ, ‘ਸਿੱਖਾਂ ਦੀਆਂ ਧਾਰਮਿਕ ਮਾਨਤਾਵਾਂ ਦੀ ਇਤਿਹਾਸਕ ਤੇ ਦਾਰਸ਼ਨਿਕ ਪਰੰਪਰਾ ਹੈ, ਇਸ ਨੂੰ ਸੰਵਿਧਾਨਕ ਨਜ਼ਰੀਏ ਤੋਂ ਪਰਖਿਆ ਨਹੀਂ ਜਾ ਸਕਦਾ।’

ਸਿੱਖ ਇਤਿਹਾਸਕਾਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਸਿੱਖਾਂ ਦੇ ਨਿੱਜੀ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ। ਇਸ ਹੁਕਮ ਦੇ ਖ਼ਿਲਾਫ਼ ਹਾਈ ਕੋਰਟ ਵਿੱਚ ਨਜ਼ਰਸਾਨੀ ਅਰਜ਼ੀ ਦਾਇਰ ਹੋਣੀ ਚਾਹੀਦੀ ਹੈ ਜਾਂ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਚਾਹੀਦੀ ਹੈ।

ਸਿੱਖ ਵਿਦਵਾਨ ਤੇ ਦਾਰਸ਼ਨਿਕ ਗੁਰਤੇਜ ਸਿੰਘ ਆਈ.ਏ.ਐਸ. ਨੇ ਦੱਸਿਆ ਕਿ ਸਿੱਖ ਰਹਿਤ ਮਰਿਯਾਦਾ ਵਿੱਚ ਪਹਿਲਾਂ ਹੀ ਲਿਖਿਆ ਹੋਇਆ ਹੈ ਕਿ ਸਿੱਖ ਮਰਦ ਨੂੰ ‘ਸਿੰਘ’ ਲਿਖਣਾ ਚਾਹੀਦਾ ਹੈ ਅਤੇ ਇਸਤਰੀ ਆਪਣੇ ਨਾਮ ਨਾਲ ‘ਕੌਰ’ ਲਾਵੇਗੀ। ਸਿੱਖ ਮਾਮਲੇ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਿਤ ‘ਸਿੱਖ ਰਹਿਤ ਮਰਯਾਦਾ’ ਮੁਤਾਬਕ ਚੱਲਦੇ ਹਨ ਅਤੇ ਨਜਿੱਠੇ ਜਾਂਦੇ ਹਨ। ਉਨ੍ਹਾਂ ਸਵਾਲ ਕੀਤਾ, ਵਾਰ-ਵਾਰ ਅਜਿਹੇ ਮਾਮਲੇ ਕਿਉਂ ਚੁੱਕੇ ਜਾ ਰਹੇ ਹਨ ਅਤੇ ਇਸ ਨਾਲ ਕਿਸ ਨੂੰ ਫ਼ਾਇਦਾ ਪਹੁੰਚਾਇਆ ਜਾ ਰਿਹਾ ਹੈ ?”

ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਵਿੱਚ ਲਿਖਿਆ ਗਿਆ ਹੈ ਕਿ ਇੱਕ ਸਿੱਖ ਘਰ ਵਿੱਚ, ਬੱਚੇ ਦੇ ਜਨਮ ਤੋਂ ਬਾਅਦ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਕੜਾਹ ਪ੍ਰਸ਼ਾਦਿ ਨਾਲ ਗੁਰਦੁਆਰੇ ਜਾਣਾ ਚਾਹੀਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿੱਚ ਪਾਠ ਕਰਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਉਪਰੰਤ ਪਵਿੱਤਰ ਹੁਕਮਨਾਮਾ ਲਿਆ ਜਾਵੇ। ਗ੍ਰੰਥੀ ਦੁਆਰਾ ਹੁਕਮਨਾਮੇ ਦੀ ਬਾਣੀ ਦੇ ਪਹਿਲੇ ਅੱਖਰ ਤੋਂ ਸ਼ੁਰੂ ਹੋਣ ਵਾਲਾ ਨਾਮ ਪ੍ਰਸਤਾਵਿਤ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਸਵੀਕਾਰ ਕਰਨ ਤੋਂ ਬਾਅਦ, ਨਾਮ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ ਤੇ ਮੁੰਡੇ ਦੇ ਨਾਮ ਨਾਲ ‘ਸਿੰਘ’ ਅਤੇ ਕੁੜੀ ਦੇ ਨਾਮ ਦੇ ਨਾਲ ‘ਕੌਰ’ ਲਗਾਉਣਾ ਲਾਜ਼ਮੀ ਹੈ।

***

## ਭਾਰਤ ਦੀ ਅਰਥਵਿਵਸਥਾ ਸੰਕਟ ਵਿੱਚ ਫ਼ਸੀ

ਬਾਂਡ ਖਰੀਦਣ। ਇਸ ਤੋਂ ਬਿਨਾਂ ਸਰਕਾਰ ਛੋਟੀਆਂ ਬੱਚਤਾਂ, ਡਾਕਘਰ ਬੱਚਤ ਯੋਜਨਾ ਤੇ ਪ੍ਰਾਵੀਡੈਂਟ ਫ਼ੰਡ ਦਾ ਪੈਸਾ ਵੀ ਵਰਤ ਲੈਂਦੀ ਹੈ।

ਕਿਸੇ ਵੀ ਦੇਸ਼ ਵਿੱਚ ਉਸ ਦੇਸ਼ ਦੇ ਲੋਕਾਂ ਵੱਲੋਂ ਕਰਜ਼ਾ ਕੱਢ ਕੇ ਕੀਤੀ ਗਈ ਸ਼ੁੱਧ ਬੱਚਤ ਉਸ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਭਾਵ ਜੋ ਬੱਚਤ ਕਰਜ਼ੇ ਤੋਂ ਵੱਖਰੀ ਹੁੰਦੀ ਹੈ, ਉਹੀ ਦੇਸ਼ ਦੇ ਕੰਮ ਆਉਂਦੀ ਹੈ । ਇਹ ਬੱਚਤ ਬੈਂਕਾਂ ਵਿੱਚ ਜਮ੍ਹਾਂ ਹੁੰਦੀ ਹੈ। ਇਸੇ ਵਿੱਚੋਂ ਸਰਕਾਰਾਂ ਕਰਜ਼ਾ ਲੈਂਦੀਆਂ ਹਨ। ਇਸ ਬਾਰੇ ਸਭ ਤੋਂ ਹੈਰਾਨ ਕਰਨ ਵਾਲਾ ਸੱਚ ਇਹ ਹੈ ਕਿ ਅੱਜ ਭਾਰਤੀ ਪਰਿਵਾਰਾਂ ਦੀ ਸ਼ੁੱਧ ਬੱਚਤ ਪਿਛਲੇ 50 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਚੁੱਕੀ ਹੈ । ਸਮੁੱਚੇ ਤੌਰ ’ਤੇ ਅੱਜ ਹਰ ਪਰਿਵਾਰ ਜੋ ਬਚਾਅ ਰਿਹਾ ਹੈ, ਉਸ ਤੋਂ ਵੱਧ ਉਹ ਕਰਜ਼ ਵਿੱਚ ਡੁਬਿਆ ਹੋਇਆ ਹੈ।

ਭਾਰਤ ਸਰਕਾਰ ਲਈ ਇਹ ਚੰਗੀ ਗੱਲ ਹੈ ਕਿ ਉਸ ਉੱਪਰ ਵਿਦੇਸ਼ੀ ਕਰਜ਼ੇ ਦਾ ਵੱਡਾ ਬੋਝ ਨਹੀਂ ਪਰ ਹੁਣ ਹਾਲਤ ਇਹ ਹੈ ਸਰਕਾਰ ਵਿਦੇਸ਼ੀ ਬਜ਼ਾਰ ਵਿੱਚ ਬ੍ਰਾਂਡ ਲੈ ਕੇ ਸ਼ਾਮਲ ਹੋਣ ਦੀ ਤਿਆਰੀ ਕਰ ਰਹੀ ਹੈ। ਕਰਜ਼ਾ ਤਾਂ ਕਰਜ਼ਾ ਹੁੰਦਾ ਹੈ, ਭਾਵੇਂ ਉਹ ਦੇਸੀ ਹੋਵੇ ਜਾਂ ਵਿਦੇਸ਼ੀ। ਇਹ ਕੈਂਸਰ ਵਾਂਗ ਕਦੇ ਖ਼ਤਮ ਨਹੀਂ ਹੁੰਦਾ । ਇਹ ਹੋਰ ਵੀ ਖ਼ਤਰਨਾਕ ਸਥਿਤੀ ਹੈ, ਜਦੋਂ ਦੇਸੀ ਕਰਜ਼ੇ ਦੀ ਸਥਿਤੀ ਵਿਸਫ਼ੋਟਕ ਹੋ ਚੁੱਕੀ ਹੈ, ਸਰਕਾਰ ਵਿਦੇਸ਼ੀ ਕਰਜ਼ਾ ਚੁੱਕਣ ਦੇ ਰਾਹ ਪੈ ਗਈ ਹੈ। ਇਹ ਠੀਕ ਹੈ ਕਿ ਸਰਕਾਰਾਂ ਆਪਣੇ ਬੈਂਕਾਂ ਤੋਂ ਪੈਸਾ ਲੈ ਕੇ ਦੀਵਾਲੀਆ ਨਹੀਂ ਹੁੰਦੀਆਂ, ਪਰ ਬੈਂਕਾਂ ਡੁੱਬ ਜਾਂਦੀਆਂ ਹਨ ਤੇ ਲੋਕਾਂ ਦਾ ਪੈਸਾ ਵੀ । ਇਸ ਦਾ ਇੱਕੋ-ਇੱਕ ਹੱਲ ਇਹੋ ਹੈ ਕਿ ਸਰਕਾਰ ਆਪਣੇ ਖਰਚੇ ਘੱਟ ਕਰੇ ਪਰ ਸਰਕਾਰ ਤਾਂ ਧਰਮ ਪ੍ਰਚਾਰ ਵਿੱਚ ਫ਼ਸੀ ਹੋਈ ਹੈ । ਲਾਭਕਾਰੀ ਯੋਜਨਾਵਾਂ ਦੀ ਥਾਂ ਧਾਰਮਿਕ ਅਡੰਬਰਾਂ ਉੱਤੇ ਧਨ ਦੀ ਵਰਖਾ ਕਰ ਰਹੀ ਹੈ। ਆਮ ਲੋਕਾਂ ਦੀ ਆਮਦਨ ਵਧੇ, ਇਸ ਲਈ ਸਰਕਾਰ ਕੋਲ ਕੋਈ ਦਿਸ਼ਾ ਨਕਸ਼ਾ ਨਹੀਂ ਹੈ । ਹੁਣ ਸਰਕਾਰ ਚੋਣਾਂ ਵਿੱਚ ਜਾ ਰਹੀ ਹੈ, ਇਸ ਲਈ ਬੱਚਤ ਦਾ ਸਵਾਲ ਹੀ ਨਹੀਂ। ਅਗਲੀ ਸਰਕਾਰ ਜਦੋਂ ਜੁਲਾਈ ਵਿੱਚ ਬੱਜਟ ਪੇਸ਼ ਕਰੇਗੀ ਤਾਂ ਪਤਾ ਲੱਗੇਗਾ ਕਿ ਅਰਥਵਿਵਸਥਾ ਕਿੱਥੇ ਪੁੱਜ ਚੁੱਕੀ ਹੈ।

***

## ਗੁਰਮੀਤ ਰਾਮ ਰਹੀਮ ’ਤੇ ਸਰਕਾਰ

ਪੰਚਕੂਲਾ ਦੀ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸਾਲ 2017 ਵਿੱਚ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਇਲਾਵਾ ਰਾਮ ਰਹੀਮ ਉਸ ਦੇ ਰਹਿ ਚੁੱਕੇ ਡੇਰਾ ਪ੍ਰਬੰਧਕ ਰਣਜੀਤ ਸਿੰਘ ਅਤੇ ਪੱਤਰਕਾਰ ਛਤਰਪਤੀ ਦੀ ਹੱਤਿਆ ਦੇ ਮਾਮਲੇ ਵਿੱਚ ਵੀ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸੱਚ ਹੈ ਕਿ ਸਜ਼ਾ ਦੇ ਬਾਵਜੂਦ ਵੀ ਸੌਦਾ ਸਾਧ ਦਾ ਨਾਂਹ ਤਾਂ ਉਸ ਦੇ ਭਗਤਾਂ ਵਿੱਚ ਪ੍ਰਭਾਵ ਘੱਟ ਹੋਇਆ ਤੇ ਨਾ ਹੀ ਰਾਜਨੀਤੀ ਵਿੱਚ। ਤੁਹਾਨੂੰ ਯਾਦ ਹੋਣੈ ਕਿ ਜਦੋਂ ਇਸ ਨੂੰ ਸਜ਼ਾ ਹੋਈ ਸੀ ਤਾਂ ਉਸ ਸਮੇਂ ਬਹੁਤ ਜਿਆਦਾ ਹਿੰਸਾ ਭੜਕੀ ਸੀ ਅਤੇ ਕਈ ਲੋਕਾਂ ਦੀ ਜਾਨ ਗਈ ਸੀ ਤੇ ਕਈ ਲੋਕ ਜ਼ਖ਼ਮੀ ਹੋਏ ਸਨ।

ਸੌਦਾ ਸਾਧ ਦਾ ਵਿਵਾਦਾਂ ਦੇ ਨਾਲ ਪੁਰਾਣਾ ਨਾਤਾ ਰਿਹਾ ਹੈ। 1998 ਦੀ ਗੱਲ ਕਰੀਏ ਤਾਂ ਇੱਕ ਬੱਚਾ ਡੇਰੇ ਦੀ ਜੀਪ ਦੇ ਥੱਲੇ ਆ ਕੇ ਮਾਰਿਆ ਗਿਆ ਸੀ ਤੇ ਖ਼ਬਰ ਛਾਪਣ ਵਾਲੇ ਅਖ਼ਬਾਰ ਨੂੰ ਲੋਕਾਂ ਨੇ ਬਹੁਤ ਧਮਕਾਇਆ ਸੀ। ਫਿਰ ਸਾਲ 2002 ਦੇ ਵਿੱਚ ਇੱਕ ਸਾਧਵੀ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦਾ ਮੁੱਦਾ ਉਠਾਇਆ ਸੀ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨਾਂ, ਡੇਰੇ ਦੇ ਚਾਰ ਸੌ ਸਾਧੂਆਂ ਨੂੰ ਨਪੁੰਸਕ ਬਣਾਉਣ ਵਰਗੇ ਦੋਸ਼ ਲੱਗਦੇ ਰਹੇ। ਇਹਨਾਂ ਸਭ ਦੋਸ਼ਾਂ ਦੇ ਬਾਵਜੂਦ ਨੇਤਾ, ਮੰਤਰੀ ਤੇ ਸੰਤਰੀ ਸਾਧ ਦੇ ਦਰਬਾਰ ਦੇ ਵਿੱਚ ਚੋਣਾਂ ਦੇ ਜਿੱਤਣ ਦੇ ਮਕਸਦ ਦੇ ਨਾਲ ਹਾਜ਼ਰੀ ਭਰਦੇ ਰਹੇ। ਦੁੱਖ ਦੀ ਗੱਲ ਇਹ ਹੈ ਕਿ ਅੱਜ ਕੱਲ੍ਹ ਬਹੁਤ ਸਾਰੇ ਮਾਮਲਿਆਂ ਦੇ ਵਿੱਚ ਜਾਂਚ ਦੇ ਨਾਮ ’ਤੇ ਸਾਲੋਂ ਸਾਲ ਦੋਸ਼ੀਆਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ, ਉਹਨਾਂ ਦੀ ਚਾਰਜਸ਼ੀਟ ਦਾਖ਼ਲ ਹੋਵੇ ਜਾਂ ਨਾ ਹੋਵੇ, ਉਹਨਾਂ ਦਾ ਜੇਲ੍ਹ ਤੋਂ ਬਾਹਰ ਨਿਕਲਣਾ ਸੰਭਵ ਨਹੀਂ ਹੈ ਪਰ ਗੁਰਮੀਤ ਰਾਮ ਰਹੀਮ ਵਰਗੇ ਅਪਰਾਧੀਆਂ ਨੂੰ, ਜਿਨ੍ਹਾਂ ਨੂੰ ਅਦਾਲਤ ਸਜ਼ਾ ਸੁਣਾ ਚੁੱਕੀ ਹੈ, ਖੁੱਲ੍ਹੇ ਆਮ ਬਾਹਰ ਨਿਕਲ ਆਉਂਦੇ ਨੇ।

***

## ‘ਆਪ’ ਸਰਕਾਰ ਬੇਅਦਬੀ ਕੇਸਾਂ ਵਿੱਚ

ਐਫ਼.ਆਈ.ਆਰ. ਨੰ. 117 ਸੰਬੰਧੀ ਚਲਾਨ 20.7.2021 ਅਤੇ ਅੰਗ ਖਿੰਡਾਉਣ ਦੀ ਘਟਨਾ ਸੰਬੰਧੀ ਐਫ਼. ਆਈ. ਆਰ ਨੰ. 128 ਵਿੱਚ ਚਲਾਨ 28.9.21 ਨੂੰ ਪੇਸ਼ ਕੀਤਾ ਗਿਆ ਸੀ। ਵਿਸ਼ੇਸ਼ ਜਾਂਚ ਟੀਮ ਵੱਲੋਂ ਮਈ 2022 ਦੌਰਾਨ ਰਾਜ ਦੇ ਗ੍ਰਹਿ ਵਿਭਾਗ ਤੋਂ ਸੱਤ ਕਥਿਤ ਦੋਸ਼ੀਆਂ ਡੇਰਾ ਮੁਖੀ ਰਾਮ ਰਹੀਮ, ਸ਼ਕਤੀ ਸਿੰਘ, ਨਿਸ਼ਾਨ ਸਿੰਘ, ਸੁਖਜਿੰਦਰ ਸੰਨ੍ਹੀ, ਰਣਦੀਪ ਨੀਲਾ, ਬਲਜੀਤ ਸਿੰਘ ਤੇ ਰਣਜੀਤ ਸਿੰਘ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸੀ.ਆਰ.ਪੀ.ਸੀ. ਦੀ ਧਾਰਾ 295-ਏ ਵਿੱਚ ਪ੍ਰਵਾਨਗੀ ਲਈ ਲਿਖਿਆ ਗਿਆ ਜੋ ਸੀ.ਆਰ.ਪੀ.ਸੀ. ਦੀ ਧਾਰਾ 196 ਤਹਿਤ ਜ਼ਰੂਰੀ ਹੁੰਦੀ ਹੈ। ਗ੍ਰਹਿ ਵਿਭਾਗ ਦੇ ਮੁਖੀ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਹੀ ਹਨ, ਲੇਕਿਨ ਜਾਣਕਾਰੀ ਅਨੁਸਾਰ ਸਰਕਾਰ ਵਲੋਂ ਪਹਿਲਾਂ ਇਹ ਕੇਸ ਐਡਵੋਕੇਟ ਜਨਰਲ ਵਿਨੋਦ ਘਈ ਦੀ ਰਾਏ ਲਈ ਭੇਜਿਆ ਗਿਆ, ਜੋ ਕਿ ਡੇਰਾ ਮੁਖੀ ਦੇ ਬਹੁਤ ਕੇਸਾਂ ਵਿੱਚ ਖ਼ੁਦ ਹੀ ਵਕੀਲ ਰਹਿ ਚੁੱਕੇ ਸਨ। ਵਿਨੋਦ ਘਈ ਵੱਲੋਂ ਇਸ ਕਾਰਨ ਕੋਈ ਰਾਏ ਦੇਣ ਤੋਂ ਬਿਨਾਂ ਹੀ ਇਹ ਕੇਸ ਇਹ ਕਹਿ ਕੇ ਵਾਪਸ ਭੇਜ ਦਿੱਤਾ ਗਿਆ ਕਿ ਡੇਰਾ ਮੁਖੀ ਦੇ ਕੇਸ ਉਹ ਖ਼ੁਦ ਲੜ ਰਹੇ ਹਨ। ਲੇਕਿਨ ਸਰਕਾਰ ਨੇ ਡੇਰਾ ਮੁਖੀ ਨੂੰ ਛੱਡ ਬਾਕੀ ਸੱਤ ਕਥਿਤ ਦੋਸ਼ੀਆਂ ਵਿਰੁੱਧ 295-ਏ ਵਿੱਚ ਕੇਸ ਚਲਾਉਣ ਲਈ ਪ੍ਰਵਾਨਗੀ ਜਾਰੀ ਕਰ ਦਿੱਤੀ। ਵਰਨਣਯੋਗ ਹੈ ਕਿ ਇਸ ਕੇਸ ਵਿੱਚ ਤਿੰਨ ਵਿਅਕਤੀ ਸੰਦੀਪ ਬਰੇਟਾ, ਹਰਸ਼ ਧੂਰੀ ਤੇ ਪ੍ਰਦੀਪ ਕਲੇਰ ਜਿਨ੍ਹਾਂ ਨੂੰ ਮੁਖ ਸਾਜ਼ਿਸ਼ਘਾੜਾ ਤੇ ਦੋਸ਼ੀ ਦੱਸਿਆ ਜਾ ਰਿਹਾ, ਅਜੇ ਤੱਕ ਭਗੌੜੇ ਹਨ ਅਤੇ ਗ੍ਰਿਫ਼ਤਾਰ ਨਹੀਂ ਕੀਤੇ ਗਏ। ਇਸ ਤਰ੍ਹਾਂ ਦੋ ਹੋਰ ਕਥਿਤ ਦੋਸ਼ੀਆਂ ਮਹਿੰਦਰਪਾਲ ਬਿੱਟੂ ਅਤੇ ਪ੍ਰਦੀਪ ਕਟਾਰੀਆ ਦੀ ਮੌਤ ਹੋ ਚੁੱਕੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਲੇਕਿਨ ਡੇਰਾ ਮੁਖੀ ਰਾਮ ਰਹੀਮ ਦੀ ਪ੍ਰਵਾਨਗੀ ਸੰਬੰਧੀ ਸਰਕਾਰ ਪਹਿਲਾਂ ਤਾਂ ਕੁਝ ਮਹੀਨੇ ਇਤਰਾਜ਼ ਲਗਾ ਫਾਈਲ ਵਾਪਸ ਸਿੱਟ ਨੂੰ ਭੇਜਦੀ ਰਹੀ, ਲੇਕਿਨ ਮਗਰਲੇ ਕੋਈ ਇੱਕ ਸਾਲ ਤੋਂ ਸਰਕਾਰ ਹੁਣ ਇਸ ਮੁੱਦੇ ’ਤੇ ਖਾਮੋਸ਼ ਹੀ ਹੋ ਗਈ ਹੈ ਅਤੇ ਨਾ ਹੀ ਇਸ ਸੰਬੰਧੀ ਕਿਸੇ ਨੂੰ ਕੋਈ ਜਾਣਕਾਰੀ ਹੀ ਦਿੱਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਪ੍ਰਵਾਨਗੀ ਦੀ ਫ਼ਾਈਲ ਨੂੰ ਲਟਕਾਈ ਰੱਖਣ ਲਈ ਇੱਕ ਤੋਂ ਬਾਅਦ ਦੂਸਰੇ ਵਕੀਲ ਕੋਲ ਰਾਏ ਲੈਣ ਲਈ ਘੁਮਾਇਆ ਜਾ ਰਿਹਾ ਹੈ। ਗ੍ਰਹਿ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਅਜਿਹਾ ਉਪਰੋਂ ਹੁਕਮਾਂ ਕਾਰਨ ਹੋ ਰਿਹਾ ਹੈ, ਲੇਕਿਨ ਇਸ ਤੋਂ ਵੱਧ ਕੋਈ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹੈ। ਲੇਕਿਨ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਜਿਨ੍ਹਾਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਰਟੀ ਵਿੱਚ ਸ਼ਾਮਿਲ ਕਰਨ ਮੌਕੇ ਕਿਹਾ ਸੀ ਕਿ ਬੇਅਦਬੀ ਦੀਆਂ ਇਨ੍ਹਾਂ ਘਟਨਾਵਾਂ ਨੇ ਪੰਜਾਬ ਦੇ ਲੋਕਾਂ ਦੇ ਮਨਾਂ ’ਤੇ ਵੱਡਾ ਪ੍ਰਭਾਵ ਪਾਇਆ ਹੈ। ਲੇਕਿਨ ਇਨ੍ਹਾਂ ਘਟਨਾਵਾਂ ਦਾ ਮੁੱਖ ਸਾਜ਼ਿਸ਼ਘਾੜਾ ਕੌਣ ਹੈ, ਸਾਰੇ ਪੰਜਾਬ ਨੂੰ ਪਤਾ ਹੈ ਦੱਸਣ ਦੀ ਲੋੜ ਨਹੀਂ ਅਤੇ ਕੁੰਵਰ ਵਿਜੇ ਪ੍ਰਤਾਪ ਦੀ ਰਿਪੋਰਟ ਅਗਰ ਚਰਨਜੀਤ ਸਿੰਘ ਚੰਨ੍ਹੀ (ਉਸ ਸਮੇਂ ਦੇ ਮੁੱਖ ਮੰਤਰੀ) ਦੇਖ ਲੈਣ ਤਾਂ ਦੋਸ਼ੀ 24 ਘੰਟੇ ਵਿੱਚ ਗ੍ਰਿਫ਼ਤਾਰ ਹੋ ਜਾਣਗੇ, ਜਿਸ ਨਾਲ ਸਾਰੇ ਪੰਜਾਬੀਆਂ ਦੀ ਆਤਮਾ ਨੂੰ ਵੱਡਾ ਸਕੂਨ ਮਿਲੇਗਾ। ਲੇਕਿਨ ਕੁੰਵਰ ਵਿਜੇ ਪ੍ਰਤਾਪ ਸਿੰਘ ਜੋ ਹੁਣ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ, ਖ਼ੁਦ ਹੀ ਕਹਿ ਰਹੇ ਹਨ ਕਿ ਇਸ ਮਾਮਲੇ ਵਿੱਚ ਇਨਸਾਫ਼ ਨਹੀਂ ਮਿਲਣਾ ਅਤੇ ਹੁਣ ਇਨਸਾਫ਼ ਗੁਰੂ ਸਾਹਿਬਾਨ ਖ਼ੁਦ ਹੀ ਦੇਣਗੇ।

***

## ਅਯੁੱਧਿਆ ਵਿੱਚ ਰਾਮ ਲੱਲਾ ਬਿਰਾਜਮਾਨ

ਸਾਡੀ ਤਪੱਸਿਆ ’ਚ ਕੋਈ ਕਮੀ ਰਹਿ ਗਈ ਹੋਵੇਗੀ ਕਿਉਂਕਿ ਅਸੀਂ ਸਦੀਆਂ ਤੱਕ ਮੰਦਰ ਦੀ ਉਸਾਰੀ ਨਹੀਂ ਕਰ ਸਕੇ ਸੀ ਪਰ ਅੱਜ ਉਹ ਕਮੀ ਪੂਰੀ ਹੋ ਗਈ ਹੈ।’

ਪ੍ਰਾਣ ਪ੍ਰਤਿਸ਼ਠਾ ਮਗਰੋਂ ਸਾਰੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ, ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਤੀਰਥ ਖੇਤਰ ਟਰੱਸਟ ਦੇ ਖਜ਼ਾਨਚੀ ਗੋਵਿੰਦ ਦੇਵ ਗਿਰੀ ਮਹਾਰਾਜ, ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ, ਸੰਘ ਮੁਖੀ ਮੋਹਨ ਭਾਗਵਤ ਨੇ ਸ੍ਰੀ ਰਾਮ ਜਨਮ ਭੂਮੀ ’ਤੇ ਲੋਕਾਂ ਨੂੰ ਸੰਬੋਧਨ ਕੀਤਾ। ਸਵਾਮੀ ਗੋਵਿੰਦ ਦੇਵ ਗਿਰੀ ਜੀ ਮਹਾਰਾਜ ਦੇ ਹੱਥਾਂ ਤੋਂ ਚਰਨਾਮ੍ਰਿਤ ਗ੍ਰਹਿਣ ਕਰਕੇ ਮੋਦੀ ਨੇ 11 ਦਿਨਾਂ ਦਾ ਆਪਣਾ ਵਰਤ ਤੋੜ ਦਿੱਤਾ।

ਭਾਜਪਾ ਪ੍ਰਧਾਨ ਜੇ ਪੀ ਨੱਢਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਭਾਜਪਾ ਦੇ ਹੋਰ ਆਗੂਆਂ ਨੇ ਸਮਾਗਮ ਦਾ ਸਿੱਧਾ ਪ੍ਰਸਾਰਣ ਦੇਖਿਆ।

ਵਿਰੋਧੀ ਧਿਰ ਦੇ ਆਗੂ ਸਮਾਗਮ ਨੂੰ ਸੰਘ ਅਤੇ ਭਾਜਪਾ ਦਾ ਪ੍ਰੋਗਰਾਮ ਦੱਸ ਕੇ ਇਸ ਤੋਂ ਲਾਂਭੇ ਰਹੇ। ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ,ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਿੰਦੂ ਭਾਈਚਾਰੇ ਨੂੰ ਵਧਾਈ ਦਿਤੀ ,ਪਰ ਆਪ ਨਾ ਪਹੁੰਚੇ। ਯਾਦ ਰਹੇ ਕਿ ਜਥੇਦਾਰ ਸਾਹਿਬਾਨ ਤੋਂ ਇਲਾਵਾ ਵੱਖ-ਵੱਖ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਮੁਖੀਆਂ ਨੂੰ ਵੀ ਇਸ ਸਬੰਧੀ ਸੱਦਾ ਪੱਤਰ ਦਿੱਤੇ ਗਏ ਸਨ। ਇਸ ਸਬੰਧ ਵਿੱਚ ਪਹਿਲਾਂ ਪੱਤਰ ਭੇਜੇ ਗਏ ਸਨ ਅਤੇ ਬਾਅਦ ਵਿੱਚ ਰਾਸ਼ਟਰੀ ਸਿੱਖ ਸੰਗਤ ਤੇ ਨੁਮਾਇੰਦਿਆਂ ਵੱਲੋਂ ਵੱਖ-ਵੱਖ ਧਾਰਮਿਕ ਆਗੂਆਂ ਦੇ ਦਫਤਰਾਂ ਵਿੱਚ ਜਾ ਕੇ ਨਿੱਜੀ ਤੌਰ ’ਤੇ ਸੱਦਾ ਪੱਤਰ ਦਿੱਤੇ ਗਏ । ਹਿਮਾਚਲ ਪ੍ਰਦੇਸ਼ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ, ਜੋ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਿਭਾ ਸਿੰਘ ਦੇ ਪੁੱਤਰ ਹਨ, ਵੀ ਇਸ ਸਮਾਗਮ ’ਚ ਹਾਜ਼ਰ ਸਨ। ਮੈਸੂਰ ਆਧਾਰਿਤ ਬੁੱਤਘਾੜੇ ਅਰੁਣ ਯੋਗੀਰਾਜ ਨੇ ਸ਼ਿਆਮ ਰੰਗੇ ਪੱਥਰ ਨਾਲ ਭਗਵਾਨ ਰਾਮ ਦੇ ਪੰਜ ਵਰ੍ਹਿਆਂ ਦੇ ਬਾਲ ਰੂਪ ਨੂੰ ਨਵੀਂ ਮੂਰਤੀ ’ਚ ਦਰਸਾਇਆ ਸੀ। ਮੂਰਤੀ ਨੂੰ ਪੀਲੇ ਰੰਗ ਦੇ ਵਸਤਰ ਅਤੇ ਨਗਾਂ ਨਾਲ ਜੜੇ ਜ਼ੇਵਰਾਤਾਂ ਤੇ ਵੱਖ ਵੱਖ ਰੰਗਾਂ ਦੇ ਫੁੱਲਾਂ ਨਾਲ ਸਜਾਇਆ ਹੋਇਆ ਸੀ। ਸਮਾਗਮ ਦੌਰਾਨ ਵਜਾਈ ਗਈ ‘ਮੰਗਲ ਧਵਨੀ’ ’ਚ ਦੇਸ਼ ਦੇ ਵੱਖ ਵੱਖ ਹਿੱਸਿਆਂ ਦੇ 50 ਰਵਾਇਤੀ ਸਾਜ਼ਾਂ ਦੀ ਵਰਤੋਂ ਕੀਤੀ ਗਈ।

***

## ਮਾਇਆਵਤੀ ਦੀ ਸਿਆਸੀ ਮਾਇਆ

ਉੱਤਰ ਪ੍ਰਦੇਸ਼ ਦੇ ਵਿੱਚ, 1989 ਵਿੱਚ ਵਿਧਾਨ ਸਭਾ ਚੋਣਾਂ ਪਹਿਲੀ ਵਾਰ ਬਸਪਾ ਲੜੀ ਸੀ ਤੇ 13 ਵਿਧਾਇਕ ਜਿੱਤਣ ਦੇ ਵਿੱਚ ਸਫ਼ਲ ਹੋਏ ਸਨ। ਰਾਮ ਮੰਦਰ ਅੰਦੋਲਨ ਦੀ ਲਹਿਰ ਦੇ ਵਿੱਚ ਹੋਏ 1991 ਵਿਧਾਨ ਸਭਾ ਚੋਣਾਂ ਦੇ ਵਿੱਚ ਪਾਰਟੀ ਦੀ ਇੱਕ ਸੀਟ ਘੱਟ ਗਈ ਤੇ ਉਸਦੇ 12 ਵਿਧਾਇਕ ਜਿੱਤੇ,ਤੇ ਕਾਂਸੀ ਰਾਮ ਨੇ ਆਪਣੀ ਰਣਨੀਤੀ ਵਿੱਚ ਬਦਲਾਓ ਕੀਤਾ ਤੇ 1993 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਮਾਜਵਾਦੀ ਪਾਰਟੀ ਦੇ ਨਾਲ ਹੱਥ ਮਿਲਾਇਆ। ਅਸਰ ਕਾਫ਼ੀ ਵਧੀਆ ਰਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਵਿੱਚ ਬਸਪਾ ਦੇ 67 ਵਿਧਾਇਕ ਜਿੱਤਣ ਵਿੱਚ ਸਫ਼ਲ ਰਹੇ ਤੇ ਬਸਪਾ ਪਹਿਲੀ ਵਾਰ ਸੱਤਾ ਦੀ ਹਿੱਸੇਦਾਰ ਬਣੀ ਪਰ 1995 ਦੇ ਵਿੱਚ ਗੈਸਟ ਹਾਊਸ ਕਾਂਡ ਦੇ ਕਾਰਨ ਇਹ ਗਠਜੋੜ ਟੁੱਟ ਗਿਆ। ਇਸ ਤੋਂ ਬਾਅਦ 1996 ਦੌਰਾਨ ਵਿਧਾਨ ਸਭਾ ਚੋਣਾਂ ਦੇ ਵਿੱਚ 67 ਵਿਧਾਇਕ ਚੁਣ ਕੇ ਆਏ ਤੇ ਮਾਇਆਵਤੀ ਭਾਜਪਾ ਦੇ ਸਹਿਯੋਗ ਨਾਲ ਮੁੱਖ ਮੰਤਰੀ ਬਣੀ।

ਹਾਲ ਦੀ ਘੜੀ ਕੁਝ ਵੀ ਹੋਵੇ ਸੱਚ ਤਾਂ ਇਹ ਹੈ ਕਿ ਮਾਇਆਵਤੀ ਆਪਣੀ ਪਾਰਟੀ ਦੀ ਸ਼ਾਖ਼ ਬਚਾਉਣ ਵਿੱਚ ਰੁੱਝੀ ਹੋਈ ਹੈ, ਇਹ ਗੱਲ ਅਸੀਂ ਇਸ ਕਰਕੇ ਕਹਿ ਰਹੇ ਹਾਂ ਕਿਉਂਕਿ ਉਸ ਨੇ ਇਸ ਗੱਲ ਦਾ ਸੰਕੇਤ ਦਿੱਤਾ ਹੈ ਕਿ ਚੋਣਾਂ ਤੋਂ ਬਾਅਦ ਉਹ ਵਿਚਾਰ ਕਰੇਗੀ ਕਿ ਉਸ ਨੇ ਕਿਸ ਪਾਰਟੀ ਨੂੰ ਆਪਣਾ ਸਮਰਥਨ ਦੇਣਾ ਹੈ।

***

## ਪੰਨੂ ਖ਼ਿਲਾਫ਼ ਸਾਜਿਸ਼ ਰੱਚਣ ਵਾਲਾ

ਤੌਰ ’ਤੇ ਭਾਰਤ ਸਰਕਾਰ ਦੀ ਫੰਡਿੰਗ ਵਾਲਾ ‘ਕੰਮ’ ਸੀ। ਹਾਲਾਂਕਿ ਹਾਈ ਕੋਰਟ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ। ਜੱਜ ਵਲਾਦੀਮੀਰ ਕਰਾਲ ਮੁਤਾਬਕ ਇਸ ਨੂੰ ਰਾਜਨੀਤਕ ਮਾਮਲੇ ਵਜੋਂ ਨਹੀਂ ਦੇਖਿਆ ਜਾ ਸਕਦਾ। ਯਾਦ ਰਹੇ ਕਿ ਨਿਖਿਲ ਗੁਪਤਾ ਦੇ ਵਕੀਲ ਨੇ ਨਿਊਯਾਰਕ ਕੋਰਟ ਵਿੱਚ ਪਟੀਸ਼ਨ ਪਾਈ ਸੀ ਕਿ ਪੁਲਿਸ ਉਨ੍ਹਾਂ ਨੂੰ ਸਬੂਤ ਦੇਵੇ,ਪਰ ਏਜੰਸੀ ਨੇ ਸਾਫ ਮਨਾ ਕਰ ਦਿੱਤਾ । ਉਨ੍ਹਾਂ ਨੇ ਕਿਹਾ ਸੀ ਜਦੋਂ ਤੱਕ ਨਿਖਿਲ ਗੁਪਤਾ ਦੀ ਸਪੁਰਦਗੀ ਸਾਨੂੰ ਨਹੀਂ ਹੁੰਦੀ ਹੈ ਉਦੋਂ ਤੱਕ ਅਸੀਂ ਸਬੂਤ ਨਸ਼ਰ ਨਹੀਂ ਕਰ ਸਕਦੇ ਹਾਂ ਜਿਸ ਨੂੰ ਅਦਾਲਤ ਨੇ ਮਨਜ਼ੂਰ ਕੀਤਾ ਸੀ ਅਤੇ ਨਿਖਿਲ ਗੁਪਤਾ ਦੇ ਵਕੀਲ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ।

***

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਵਾਤਾਵਰਨ ਪ੍ਰਣਾਲੀਆਂ ਲਈ

ਕੈਲੀਫ਼ੋਰਨੀਆ ਵਰਗੇ ਖੇਤਰਾਂ ਵਿੱਚ ਗਰਮੀਆਂ ਦੌਰਾਨ ਪਾਣੀ ਦੀ ਸਮੱਸਿਆ ਨਾਲ ਨਜਿੱਠਣ ਲਈ ਹੜ੍ਹਾਂ ਦੇ ਪਾਣੀ ਨੂੰ ਸਟੋਰ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਭੰਡਾਰ ਨੂੰ ਭਰਿਆ ਜਾ ਸਕੇ।

ਹਾਲਾਂਕਿ, ਗਲੋਬਲ ਤਾਪਮਾਨ ਵਿੱਚ ਲਗਾਤਾਰ ਵਾਧੇ ਕਾਰਨ, ਦੁਨੀਆਂ ਦੇ ਕੁਝ ਹਿੱਸਿਆਂ ਵਿੱਚ ਅਚਾਨਕ ਬਾਰਿਸ਼ ਅਤੇ ਅਚਾਨਕ ਹੜ੍ਹ ਆ ਰਹੇ ਹਨ। ਇਹ ਹੜ੍ਹ ਉਥੇ ਵਿਨਾਸ਼ਕਾਰੀ ਸਾਬਤ ਹੋ ਰਿਹਾ ਹੈ। ਡਾਲਟਨ ਨੇ ਕਿਹਾ, ਅਸੀਂ ਦੇਖ ਰਹੇ ਹਾਂ ਕਿ ਬਾਰਸ਼ ਦੇ ਪੈਟਰਨ ਵਿੱਚ ਬਦਲਾਅ ਕਾਰਨ ਹੜ੍ਹ ਜ਼ਿਆਦਾ ਵਿਨਾਸ਼ਕਾਰੀ ਸਾਬਤ ਹੋ ਰਹੇ ਹਨ ਅਤੇ ਹੜ੍ਹਾਂ ਦੀ ਸਥਿਤੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ। ਇਸ ਨਾਲ ਜੈਵ ਵਿਭਿੰਨਤਾ 'ਤੇ ਵੀ ਭਾਰੀ ਅਸਰ ਪੈ ਰਿਹਾ ਹੈ।

ਜੰਗਲੀ ਜੀਵਾਂ 'ਤੇ ਹੜ੍ਹਾਂ ਦਾ ਅਸਰ ਸਾਫ਼ ਦਿਖਾਈ ਦੇ ਰਿਹਾ ਹੈ। ਕੁਝ ਜੰਗਲੀ ਜੀਵ ਆਪਣੇ ਆਪ ਨੂੰ ਤੇਜ਼ੀ ਨਾਲ ਵਧ ਰਹੇ ਪਾਣੀ ਤੋਂ ਬਚਾਉਣ ਵਿੱਚ ਅਸਮਰੱਥ ਹਨ। ਉਦਾਹਰਨ ਲਈ, ਜਦੋਂ ਉੱਤਰ-ਪੂਰਬੀ ਭਾਰਤ ਵਿੱਚ ਕਾਜ਼ੀਰੰਗਾ ਨੈਸ਼ਨਲ ਪਾਰਕ 2012 ਵਿੱਚ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ ਸੀ, ਤਾਂ ਖ਼ਤਰੇ ਵਿੱਚ ਪੈ ਰਹੇ ਇੱਕ ਸਿੰਗ ਵਾਲੇ ਗੈਂਡੇ ਸਮੇਤ ਸੈਂਕੜੇ ਜਾਨਵਰ ਮਾਰੇ ਗਏ ਸਨ।

ਹੇਨਰਿਕ ਬੌਲ ਫ਼ਾਊਂਡੇਸ਼ਨ ਦੇ ਪ੍ਰਧਾਨ ਇਮੇ ਸ਼ੋਲਟਜ਼ ਨੇ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ, 'ਜਲਵਾਯੂ ਸੰਕਟ ਦਾ ਸਾਹਮਣਾ ਕਰਨ ਲਈ, ਸਾਨੂੰ ਸਿਹਤਮੰਦ ਮਿੱਟੀ ਦੀ ਲੋੜ ਹੈ। ਜਦੋਂ ਮਿੱਟੀ ਸਿਹਤਮੰਦ ਹੁੰਦੀ ਹੈ, ਤਾਂ ਇਹ ਪ੍ਰਤੀ ਹੈਕਟੇਅਰ 3,750 ਟਨ ਪਾਣੀ ਪੈਦਾ ਕਰ ਸਕਦੀ ਹੈ ਅਤੇ ਇਸ ਪਾਣੀ ਨੂੰ ਛੱਡ ਸਕਦੀ ਹੈ। ਲੋੜ ਦੇ ਸਮੇਂ ਇਸ ਪਾਣੀ ਨੂੰ ਵਰਤਿਆ ਜਾ ਸਕਦਾ ਹੈ।'

****

## ਖੇਡਾਂ ਤੇ ਖਿਡਾਰੀ ਬਨਾਮ

ਇੱਥੇ ਬਹੁਤ ਸਾਰੀਆਂ ਇਨਡੋਰ ਗੇਮਾਂ ਹਨ ਜਿਨ੍ਹਾਂ ਦਾ ਹਰ ਉਮਰ ਦੇ ਲੋਕ ਆਨੰਦ ਲੈ ਸਕਦੇ ਹਨ। ਕੁਝ ਪ੍ਰਸਿੱਧ ਇਨਡੋਰ ਗੇਮਾਂ ਵਿੱਚ ਕਾਰਡ, ਲੂਡੋ, ਕੈਰਮ ਸੱਪ, ਪਹੇਲੀਆਂ, ਬੋਰਡ ਗੇਮਾਂ ਅਤੇ ਵੀਡੀਓ ਗੇਮਾਂ ਆਦਿ ਸ਼ਾਮਲ ਹਨ। ਪਹੇਲੀਆਂ ਮਨ ਨੂੰ ਸਰਗਰਮ ਰੱਖਣ ਦਾ ਵਧੀਆ ਤਰੀਕਾ ਹੈ। ਉਹ ਸਮੱਸਿਆ ਹੱਲ ਕਰਨ ਦੇ ਹੁਨਰ ਅਤੇ ਯਾਦਦਾਸ਼ਤ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੇ ਹਨ। ਕ੍ਰਾਸਵਰਡਸ ਅਤੇ ਸ਼ਬਦ ਖੋਜਾਂ ਸਮੇਤ ਬਹੁਤ ਸਾਰੀਆਂ ਵੱਖ-ਵੱਖ ਕਿਸਮਾਂ ਦੀਆਂ ਪਹੇਲੀਆਂ ਹਨ।

ਬੋਰਡ ਗੇਮਾਂ ਇੱਕ ਹੋਰ ਪ੍ਰਸਿੱਧ ਇਨਡੋਰ ਗਤੀਵਿਧੀ ਹਨ। ਇਹ ਗੇਮਾਂ ਰਣਨੀਤਕ ਸੋਚ ਦੇ ਹੁਨਰ ਅਤੇ ਸਮਾਜਿਕ ਹੁਨਰ ਨੂੰ ਵਿਕਸਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਕੁਝ ਪ੍ਰਸਿੱਧ ਬੋਰਡ ਗੇਮਾਂ ਵਿੱਚ ਸ਼ਤਰੰਜ, ਚੈਕਰਸ ਅਤੇ ਸਕ੍ਰੈਬਲ ਸ਼ਾਮਲ ਹਨ।

ਵੀਡੀਓ ਗੇਮਾਂ ਘਰ ਦੇ ਅੰਦਰ ਕੁਝ ਸਮਾਂ ਬਿਤਾਉਣ ਦਾ ਇੱਕ ਹੋਰ ਵਧੀਆ ਤਰੀਕਾ ਹੈ। ਉਹ ਹੱਥ-ਅੱਖਾਂ ਦੇ ਤਾਲਮੇਲ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੇ ਹਨ।

ਖੇਡਾਂ ਅਮਰੀਕਾ ਵਿੱਚ ਵੱਡਾ ਕਾਰੋਬਾਰ ਹਨ। ਬਾਹਰੀ ਖੇਡਾਂ ਅਮਰੀਕਾ ਵਿੱਚ ਵੱਡਾ ਕਾਰੋਬਾਰ ਹਨ ਅਤੇ ਇਸਦੇ ਬਹੁਤ ਸਾਰੇ ਕਾਰਨ ਹਨ। ਇਕ ਗੱਲ ਤਾਂ ਇਹ ਹੈ ਕਿ ਉਹ ਰੋਜ਼ਮੱਰਾ ਦੀ ਜ਼ਿੰਦਗੀ ਦੇ ਤਣਾਅ ਤੋਂ ਰਾਹਤ ਪ੍ਰਦਾਨ ਕਰਦੇ ਹਨ। ਉਹ ਕੁਝ ਕਸਰਤ ਕਰਨ ਅਤੇ ਕੁਦਰਤ ਦਾ ਆਨੰਦ ਲੈਣ ਦਾ ਮੌਕਾ ਵੀ ਪ੍ਰਦਾਨ ਕਰਦੇ ਹਨ। ਹੋਰ ਕੀ ਹੈ, ਉਹ ਹਰ ਉਮਰ ਅਤੇ ਕਾਬਲੀਅਤ ਦੇ ਲੋਕ ਦੁਆਰਾ ਆਨੰਦ ਲਿਆ ਜਾ ਸਕਦਾ ਹੈ। ਕ੍ਰਿਕਟ, ਫ਼ੁੱਟਬਾਲ, ਹਾਕੀ, ਬੈਡਮਿੰਟਨ, ਟੈਨਿਸ, ਵਾਲੀਬਾਲ, ਫ਼ਿਸ਼ਿੰਗ, ਕੈਂਪਿੰਗ, ਹਾਈਕਿੰਗ, ਬਾਈਕਿੰਗ, ਸਕੀਇੰਗ ਅਤੇ ਸਨੋਬੋਰਡਿੰਗ ਸਮੇਤ ਚੁਣਨ ਲਈ ਹਰ ਤਰ੍ਹਾਂ ਦੀਆਂ ਬਾਹਰੀ ਖੇਡਾਂ ਹਨ।

ਖੇਡਾਂ ਦੇ ਬਹੁਤ ਸਾਰੇ ਫ਼ਾਇਦੇ ਹਨ। ਖੇਡਾਂ ਲੋਕਾਂ ਨੂੰ ਸਰੀਰਕ ਤੌਰ 'ਤੇ ਕਿਰਿਆਸ਼ੀਲ ਰਹਿਣ ਵਿੱਚ ਮਦਦ ਕਰ ਸਕਦੀਆਂ ਹਨ, ਜੋ ਕਿ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ ਅਤੇ ਦਿਲ ਦੀ ਬਿਮਾਰੀ, ਸਟ੍ਰੋਕ ਅਤੇ ਸ਼ੂਗਰ ਵਰਗੀਆਂ ਸਿਹਤ ਸਮੱਸਿਆਵਾਂ ਨੂੰ ਰੋਕਣ ਲਈ ਮਹੱਤਵਪੂਰਨ ਹੈ। ਖੇਡਾਂ ਲੋਕਾਂ ਨੂੰ ਟੀਮ ਵਰਕ ਦੇ ਹੁਨਰ ਵਿਕਸਿਤ ਕਰਨ ਅਤੇ ਦੂਜਿਆਂ ਨਾਲ ਰਿਸ਼ਤੇ ਬਣਾਉਣ ਵਿੱਚ ਵੀ ਮਦਦ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਖੇਡਾਂ ਲੋਕਾਂ ਨੂੰ ਤਣਾਅ ਤੋਂ ਛੁਟਕਾਰਾ ਪਾਉਣ ਅਤੇ ਉਨ੍ਹਾਂ ਦੇ ਮੂਡ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੀਆਂ ਹਨ।

ਖੇਡਾਂ ਵਿੱਚ ਭਾਗ ਲੈਣ ਦਾ ਮੁੱਖ ਲਾਭ ਸਰੀਰਕ ਸਿਹਤ ਵਿੱਚ ਸੁਧਾਰ ਹੁੰਦਾ ਹੈ। ਸਮੁੱਚੀ ਸਿਹਤ ਨੂੰ ਬਣਾਈ ਰੱਖਣ ਲਈ ਕਸਰਤ ਜ਼ਰੂਰੀ ਹੈ ਅਤੇ ਖੇਡਾਂ ਲੋੜੀਂਦੀ ਕਸਰਤ ਕਰਨ ਦਾ ਇੱਕ ਮਜ਼ੇਦਾਰ ਤਰੀਕਾ ਪ੍ਰਦਾਨ ਕਰਦੀਆਂ ਹਨ। ਖੇਡਾਂ ਖੇਡਣ ਨਾਲ ਤਾਕਤ, ਚੁਸਤੀ, ਤਾਲਮੇਲ ਅਤੇ ਸੰਤੁਲਨ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ। ਖੇਡਾਂ ਬੱਚਿਆਂ ਦੇ ਜੀਵਨ ਦਾ ਅਹਿਮ ਹਿੱਸਾ ਹਨ। ਇਹ ਉਹਨਾਂ ਨੂੰ ਆਪਣੇ ਆਲੇ ਦੁਆਲੇ ਦੀ ਦੁਨੀਆ ਦੀ ਪੜਚੋਲ ਕਰਨ ਅਤੇ ਨਵੀਆਂ ਚੀਜ਼ਾਂ ਸਿੱਖਣ ਦੀ ਆਗਿਆ ਦਿੰਦਾ ਹੈ। ਖੇਡਣਾ ਬੱਚਿਆਂ ਦੇ ਸਰੀਰਕ, ਭਾਵਨਾਤਮਕ ਅਤੇ ਸਮਾਜਿਕ ਹੁਨਰ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਇਹ ਉਹਨਾਂ ਨੂੰ ਇਹ ਸਿੱਖਣ ਵਿੱਚ ਵੀ ਮਦਦ ਕਰਦਾ ਹੈ ਕਿ ਦੂਜਿਆਂ ਨਾਲ ਕਿਵੇਂ ਗੱਲਬਾਤ ਕਰਨੀ ਹੈ।

ਖੇਡਣਾ ਸਾਡੀ ਸਮੁੱਚੀ ਸਿਹਤ ਅਤੇ ਤੰਦਰੁਸਤੀ ਲਈ ਮਹੱਤਵਪੂਰਨ ਹੈ। ਜਦੋਂ ਅਸੀਂ ਖੇਡਦੇ ਹਾਂ, ਤਾਂ ਸਾਡਾ ਦਿਮਾਗ ਰਸਾਇਣ ਛੱਡਦਾ ਹੈ ਜੋ ਸਾਨੂੰ ਖੁਸ਼ ਕਰਦੇ ਹਨ। ਇਨ੍ਹਾਂ ਰਸਾਇਣਾਂ ਨੂੰ ਐਂਡੋਰਫ਼ਿਨ ਕਿਹਾ ਜਾਂਦਾ ਹੈ। ਐਂਡੋਰਫ਼ਿਨ ਸਾਡੇ ਮੂਡ ਨੂੰ ਬਿਹਤਰ ਬਣਾਉਣ ਅਤੇ ਸਾਨੂੰ ਚੰਗਾ ਮਹਿਸੂਸ ਕਰਨ ਵਿੱਚ ਮਦਦ ਕਰਦੇ ਹਨ। ਖੇਡਣ ਨਾਲ ਸਾਨੂੰ ਆਰਾਮ ਕਰਨ ਅਤੇ ਤਣਾਅ ਨੂੰ ਦੂਰ ਕਰਨ ਵਿੱਚ ਵੀ ਮਦਦ ਮਿਲ ਸਕਦੀ ਹੈ। ਖੇਡਣਾ ਸਾਡੇ ਤੰਦਰੁਸਤੀ ਦੇ ਪੱਧਰਾਂ ਵਿੱਚ ਸੁਧਾਰ ਕਰਕੇ ਅਤੇ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ ਵਿੱਚ ਸਾਡੀ ਮਦਦ ਕਰਕੇ ਸਰੀਰਕ ਤੌਰ 'ਤੇ ਸਿਹਤਮੰਦ ਰਹਿਣ ਵਿੱਚ ਵੀ ਮਦਦ ਕਰ ਸਕਦਾ ਹੈ।

***

## ਸਿਹਤ ਲਈ ਬੇਹੱਦ

ਜਿਸ ਤਰ੍ਹਾਂ ਪ੍ਰੋਸੈਸਡ ਖਾਣੇ ਦਾ ਕਾਰੋਬਾਰ ਕਰਨ ਵਾਲੇ ਕਹਿੰਦੇ ਹਨ ਕਿ ਉਹ ਮਨਜ਼ੂਰਸ਼ੁਦਾ ਪ੍ਰੀਜ਼ਰਵੇਟਿਵ, ਐਸਿਡ, ਰੰਗ ਜਾਂ ਹੋਰ ਸਾਮਾਨ ਵਰਤਦੇ ਹਨ। ਗੱਲ ਕੀ ਸਾਡਾ ਰਹਿਣ-ਸਹਿਣ ਬਦਲ ਚੁੱਕਾ ਹੈ। ਅਸੀਂ ਦਿਖਾਵਾ ਕਰਦੇ ਹਾਂ ਕੁਦਰਤੀ ਅਤੇ ਆਰਗੈਨਿਕ ਦਾ, ਪਰ ਅਸੀਂ ਕਿੰਨੇ ਡੰਗ ਘਰ ਦੀ ਰੋਟੀ ਖਾਂਦੇ ਹਾਂ ਅਤੇ ਵਿਚਾਲੇ ਹੋਰ ਕੋਈ ਸਨੈਕ ਨਹੀਂ ਖਾਂਦੇ। ਜਿੰਨੇ ਵੱਡੇ ਸ਼ਹਿਰ, ਬਾਹਰ ਦਾ ਖਾਣਾ-ਪੀਣਾ ਓਨਾ ਹੀ ਜ਼ਿਆਦਾ। ਦੂਜਾ ਹੈ ਦੋਵੇਂ ਜੀਅ ਨੌਕਰੀਆਂ ਕਰਦੇ ਹਨ, ਘਰ ਰੋਟੀ ਨਹੀਂ ਬਣਦੀ, ਬਾਹਰੋਂ ਹੀ ਆਉਂਦੀ ਹੈ, ਜਿਸ 'ਚ ਕੋਈ ਨਾ ਕੋਈ ਰਸਾਇਣ ਹੁੰਦਾ ਹੀ ਹੈ, ਜਿਸ ਤਰ੍ਹਾਂ ਬਾਹਰ ਦਾ ਖਾਣ-ਪੀਣ ਵਧਿਆ ਉਸੇ ਤਰ੍ਹਾਂ ਬਿਮਾਰੀਆਂ। ਇਸ ਗੱਲ ਦੀ ਘੋਖ ਕਰਨੀ ਬਣਦੀ ਹੈ ਕਿ ਵੱਧ ਰਹੀਆਂ ਬਿਮਾਰੀਆਂ ਲਈ ਕੌਣ ਜ਼ਿੰਮੇਵਾਰ ਹਨ। ਕਿਸਾਨ, ਪ੍ਰੋਸੈਸਡ ਫ਼ੂਡ ਇੰਡਸਟਰੀ, ਸਾਡੇ ਡਾਕਟਰ ਜੋ ਐਂਟੀਬਾਇਓਟਿਕ ਅਤੇ ਕਈ-ਕਈ ਦਵਾਈਆਂ ਦੇ ਮਿਸ਼ਰਣਾਂ ਦੀ ਸਿਫ਼ਾਰਿਸ਼ ਕਰਦੇ ਹਨ। ਮਿਊਂਸਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਜੋ ਗੰਦਾ ਪਾਣੀ ਦਰਿਆਵਾਂ 'ਚ ਪਾਈ ਜਾਂਦੇ ਹਨ, ਜੋ ਅੱਗੇ ਪੀਣ ਲਈ ਵਰਤਿਆ ਜਾਂਦਾ ਹੈ ਜਾਂ ਉਹ ਇੰਡਸਟਰੀ ਜੋ ਗੰਦਾ ਪਾਣੀ ਧਰਤੀ ਹੇਠਲੇ ਪਾਣੀ 'ਚ ਪਾ ਕੇ ਪਲੀਤ ਕਰੀ ਜਾਂਦੀ ਹੈ ਜਾਂ ਸਮੇਂ ਦੀਆਂ ਸਰਕਾਰਾਂ ਜਿਨ੍ਹਾਂ ਦੀ ਜ਼ਿੰਮੇਵਾਰੀ ਇਨ੍ਹਾਂ ਨੂੰ ਚੈੱਕ ਕਰਨ ਦੀ ਜਾਂ ਲੋਕ ਆਪ ਜਿਹੜੇ ਆਪਣੇ ਨਿੱਜੀ ਫ਼ਾਇਦੇ ਖ਼ਾਤਰ ਉਪਰੋਕਤ ਸਭ ਕੁੱਝ ਕਰਨ ਅਤੇ ਜਰਨ 'ਚ ਸਹਾਈ ਹੁੰਦੇ ਹਨ।

***

## ਲਹਿੰਦੇ ਪੰਜਾਬ ਦਾ ਅਵਾਮ

ਜਿਸ ਕਰਕੇ ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸ ਨੇ ਪੰਜਾਬੀਆ ਨੂੰ ਹਲੂਣਾ ਦਿੱਤਾ ਹੈ। ਜਿਸ ਕਰਕੇ ਨੌਜਵਾਨ ਪੀੜੀ ਰਾਜਨੀਤਕ ਤੱਕ ਪਹੁੰਚ ਕਰਨ ਲੱਗ ਪਈ ਹੈ। ਇਸ ਨੂੰ ਸਕੂਲ ਸਲੇਬਸ ਦਾ ਹਿੱਸਾ ਬਣਾਉਣ ਲਈ ਜਦੋਜਹਿਦ ਸ਼ੁਰੂ ਕਰ ਦਿੱਤੀ ਹੈ।

ਜਿਕਰਯੋਗ ਹੈ ਜਿਹੜੇ ਟੀ ਵੀ ਚੈਨਲ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਕੰਨੀ ਕਤਰਾਉਂਦੇ ਸਨ। ਅੱਜ ਉਹ ਅਪਨੇ ਟੀ ਵੀ ਮਾਧਿਅਮ ਰਾਹੀਂ ਇਸ ਨੂੰ ਲਾਗੂ ਕਰਵਾਉਣ ਲਈ ਪਹਿਰਾ ਦੇਣ ਲੱਗ ਪਏ ਹਨ। ਯੂਨੀਵਰਸਟੀਆਂ ਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ। ਪੰਜਾਬੀ ਬਗੈਰ ਪੰਜਾਬੀਆਂ ਦੀ ਗੈਰਤ ਦਾ ਮੁੱਲ ਨਹੀ ਪੈ ਸਕਦਾ। ਪੰਜਾਬੀ ਬਗੈਰ ਲਹਿੰਦੇ ਪੰਜਾਬ ਦੀ ਹੋਂਦ ਅਲੋਪ ਹੋ ਜਾਵੇਗੀ। ਪੰਜਾਬੀਅਤ ਦਾ ਬੋਲ-ਬਾਲਾ ਖਤਮ ਹੋ ਜਾਵੇਗਾ। ਸੂਰਬੀਰਤਾ ਦਾ ਜੋਸ਼ ਸਵਾਲੀਆ ਚਿੰਨ ਬਣ ਜਾਵੇਗਾ। ਜਿਸ ਲਈ ਪੰਜਾਬੀ ਬੋਲੀ ਨੂੰ ਦਰਜਾ ਦਿਵਾਉਣ ਅਣਖ ਦਾ ਸਵਾਲ ਬਣ ਗਿਆ ਹੈ। ਜਿਸ ਲਈ ਲਹਿੰਦੇ ਪੰਜਾਬ ਦਾ ਵਸਨੀਕ ਉੱਠ ਖੜਾ ਹੋਇਆ ਹੈ। ਉਹ ਇਸ ਪੰਜਾਬੀ ਭਾਸ਼ਾ ਦੇ ਰੁਤਬੇ ਨੂੰ ਬਹਾਲ ਕਰਨ ਲਈ ਦਿਨ ਰਾਤ ਇੱਕ ਕਰਨ ਲਈ ਅਗੇ ਆ ਰਿਹਾ ਹੈ। ਜਿਸ ਦੇ ਇਵਜ਼ਾਨੇ ਪੰਜਾਬੀ ਭਾਸ਼ਾ ਡੇ ਵਾਲੇ ਦਿਨ ਭਾਰੀ ਇਕੱਠ ਨੂੰ ਨਕਾਰਿਆ ਨਹੀ ਜਾ ਸਕਦਾ ਹੈ। ਹਰ ਉਹ ਵਿਅਕਤੀ ਜੋ ਪੰਜਾਬੀ ਦਾ ਖ਼ੈਰ-ਖਵਾਹ ਹੈ। ਉਹ ਇਸ ਦਿਨ ਇਕੱਠ ਵਿੱਚ ਸ਼ਾਮਲ ਹੋ ਕੇ ਪੰਜਾਬੀ ਬੋਲੀ ਨੂੰ ਦਰਜਾ ਦਿਵਾਉਣ ਲਈ ਅਪਨਾ ਯੋਗਦਾਨ ਪਾਵੇਗਾ। ਲਹਿੰਦੇ ਪੰਜਾਬ ਦਾ ਅਵਾਮ ਇਹ ਸਾਬਤ ਕਰੇਗਾ ਕਿ ਪੰਜਾਬੀ ਬਗੈਰ ਲਹਿੰਦਾ ਪੰਜਾਬ ਲਵਾਰਿਸ ਹੈ। ਇਸ ਦੇ ਤਿਉਹਾਰ ਨੀਰਸ ਹਨ। ਇਸ ਵਿਚ ਵਸਦੇ ਲੋਕ ਪੰਜਾਬੀ ਬਗੈਰ ਅਪਾਹਜ ਮਹਿਸੂਸ ਕਰਦੇ ਹਨ। ਲਹਿੰਦੇ ਪੰਜਾਬ ਦੀ ਬਹਾਦਰੀ ਨੂੰ ਕਾਇਮ ਰੱਖਣਾ ਹੈ। ਅਮੀਰ ਵਿਰਸੇ ਨੂੰ ਬਚਾ ਕੇ ਰੱਖਣਾ ਹੈ, ਤਾਂ ਪੰਜਾਬੀ ਨੂੰ ਪ੍ਰਾਇਮਰੀ ਸਿੱਖਿਆ ਦਾ ਹਿੱਸਾ ਬਣਾਉਣਾ ਹਕੂਮਤ ਦਾ ਫ਼ਰਜ਼ ਹੈ। ਜਿਸ ਦੀ ਪਹਿਚਾਣ ਕਰਵਾਉਣ ਲਈ ਲਹਿੰਦੇ ਪੰਜਾਬ ਦਾ ਹਰ ਪੰਜਾਬੀ ਸਰਕਾਰ ਤੱਕ ਪਹੁੰਚ ਕਰੇਗਾ। ਕਿਉਂਕਿ ਹਰ ਪੰਜਾਬੀ ਫ਼ਿਕਰਮੰਦ ਹੋ ਗਿਆ ਹੈ ਕਿ ਪੰਜਾਬ, ਪੰਜਾਬੀਅਤ, ਪੰਜਾਬੀ ਵਿਰਸੇ ਤੇ ਪੰਜਾਬੀ ਲੋਕ ਨਾਚ ਤਾਂ ਹੀ ਜੀਵਤ ਰਹਿ ਸਕਦੇ ਹਨ, ਜੇਕਰ ਪੰਜਾਬੀ ਭਾਸ਼ਾ ਲਹਿੰਦੇ ਪੰਜਾਬ ਦੀ ਸਕੂਲੀ ਭਾਸ਼ਾ ਬਣ ਕੇ ਉੱਭਰੇਗੀ। ਫ਼ੈਸਲਾ ਲਹਿੰਦੇ ਪੰਜਾਬ ਦੇ ਅਵਾਮ ਦਾ ਫਰਜ ਤੇ ਜਿਮੇਵਾਰੀ ਬਣ ਗਈ ਹੈ। ਜੋ ਇਸ ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸ ਨੇ ਹਰੇਕ ਦੇ ਜ਼ਿਹਨ ਵਿੱਚ ਬਿਠਾ ਦਿੱਤਾ ਹੈ। ਪੰਜਾਬੀਓ ਫ਼ਿਕਰਾਂ ਦੀ ਘੜੀ ਦਾ ਉਲਾਂਭਾ ਉਤਾਰੋ ਤੇ ਪੰਜਾਬੀ ਨੂੰ ਬਣਦਾ ਰੁਤਬਾ ਦਿਵਾਉ।

ਆਸ ਹੈ ਕਿ ਇਸ ਸਾਲ ਪੰਜਾਬੀ ਭਾਸ਼ਾ ਦੇ ਦਰਜੇ ਸਬੰਧੀ ਕੋਈ ਠੋਸ ਫ਼ੈਸਲਾ ਜ਼ਰੂਰ ਆਵੇਗਾ। ਜੋ ਕਿ ਅੰਤਰ-ਰਾਸ਼ਟਰੀ ਪੰਜਾਬੀ ਕਾਨਫ਼ਰੰਸ ਕਰਨ ਦਾ ਮੰਤਵ ਸੀ। ਜਿਸ ਨੂੰ ਅਹਿਮਦ ਰਜ਼ਾ ਮੱਟੂ ਨੇ ਅਪਨੀ ਟੀਮ ਦੇ ਸਹਿਯੋਗ ਨਾਲ ਸਫ਼ਲਤਾ ਪੂਰਨ ਕਰਵਾਕੇ ਪੰਜਾਬੀ ਭਾਸ਼ਾ ਦੇ ਲਾਗੂ ਕਰਵਾਉਣ ਦੇ ਦਰਵਾਜੇ ਖੋਲ ਦਿੱਤੇ ਹਨ। ਜਿਸ ਨੇ ਹਰ ਕੋਈ ਲਹਿੰਦੇ ਪੰਜਾਬ ਵਿੱਚ ਰਹਿੰਦਾ ਫ਼ਿਕਰਮੰਦ ਬਣਾ ਦਿੱਤਾ ਹੈ।

***

## ਸਿਆਸੀ ਪਾਰਟੀਆਂ ਬਣ

ਇਸ ਤੋਂ ਇਲਾਵਾ ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 29 ਦੇ ਅਧੀਨ ਭਾਰਤ ਦੇ ਚੋਣ ਕਮਿਸ਼ਨ ਕੋਲ ਰਜਿਸਟਰਡ ਹੋ ਕੇ ਮਾਨਤਾ ਪ੍ਰਾਪਤ ਪਾਰਟੀ ਦੇ ਨਾਲ-ਨਾਲ ਪਬਲਿਕ ਅਥਾਰਟੀ ਵੀ ਬਣ ਜਾਂਦੀਆਂ ਹਨ। ਚੋਣਾਂ ਸਬੰਧੀ ਖ਼ਰਚਿਆਂ ਦਾ ਹਿਸਾਬ ਉਹ ਭਾਰਤ ਦੇ ਚੋਣ ਕਮਿਸ਼ਨ ਨੂੰ ਰਿਪੋਰਟ ਕਰਨ ਲਈ ਅਤੇ ਇਨਕਮ ਟੈਕਸ ਕਾਨੂੰਨ ਅਧੀਨ ਪਾਰਟੀ ਦੀ ਆਮਦਨ ਬਾਰੇ ਹਰੇਕ ਸਾਲ ਆਮਦਨ ਕਰ ਅਥਾਰਟੀਜ਼ ਨੂੰ ਦੱਸਣ ਲਈ ਪਾਬੰਦ ਹਨ ਪਰ ਇਸ ਦੇ ਬਾਵਜੂਦ ਰਾਜਨੀਤਕ ਪਾਰਟੀਆਂ ਇੱਕ ਪਬਲਿਕ ਅਥਾਰਟੀ ਵਜੋਂ ਵਿਚਰਨ ਲਈ ਆਨਾਕਾਨੀ ਕਰ ਰਹੀਆਂ ਹਨ। ਕਾਰਨ ਸਪਸ਼ਟ ਹਨ ਕਿ ਉਨ੍ਹਾਂ 'ਚੋਂ ਜ਼ਿਆਦਾਤਰ ਤਾਂ ਪਰਿਵਾਰਵਾਦ ਅਤੇ ਪਾਰਟੀ ਸੁਪਰੀਮੋ ਦੀ ਤਾਨਾਸ਼ਾਹੀ ਅਧੀਨ ਹੀ ਚੱਲਦੀਆਂ ਹਨ। ਚੋਣਾਂ ਜਿੱਤਣ ਲਈ ਅਪਰਾਧਕ ਅਤੇ ਗੰਭੀਰ ਅਪਰਾਧਕ ਅਕਸ ਵਾਲੇ ਉਮੀਦਵਾਰਾਂ ਨੂੰ ਚੋਣਾਂ 'ਚ ਉਮੀਦਵਾਰ ਨਾਮਜ਼ਦ ਕਰਦੀਆਂ ਹਨ। ਸੰਨ 2004 ਵਾਲੀ ਲੋਕ ਸਭਾ ਵਿਚ 23%, 2009 ਵਿਚ 28%, 2014 ਵਿਚ 34% ਅਤੇ 2019 ਵਿੱਚ 43% ਮੈਂਬਰਾਂ ਵਿਰੁੱਧ ਅਦਾਲਤਾਂ ਵਿੱਚ ਅਪਰਾਧਕ ਮਾਮਲੇ ਚੱਲ ਰਹੇ ਸਨ।

ਵਿਧਾਨ ਸਭਾਵਾਂ ਦੇ ਕੁੱਲ ਮੌਜੂਦਾ 4088 ਵਿਧਾਇਕਾਂ ਵਿੱਚੋਂ 1774 ਵਿਰੁੱਧ ਅਪਰਾਧਕ ਮਾਮਲੇ ਲੰਬਿਤ ਹਨ। ਤ੍ਰਾਸਦੀ ਇਹ ਹੈ ਕਿ ਭਾਰਤ ਲੋਕਤੰਤਰੀ ਤਾਨਾਸ਼ਾਹੀ ਵੱਲ ਅਤੇ ਰਾਜਨੀਤਕ ਪਾਰਟੀਆਂ ਵਪਾਰਕ ਘਰਾਣਿਆਂ ਵੱਲ ਵਧ ਰਹੀਆਂ ਹਨ। ਸਿਆਸੀ ਪਾਰਟੀਆਂ ਉੱਤੇ ਪਰਿਵਾਰਵਾਦ, ਦੌਲਤਵਾਦ, ਅਪਰਾਧਵਾਦ ਅਤੇ ਪਾਰਟੀ ਸੁਪਰੀਮੋ ਦਾ ਗਲਬਾ ਵਧਦਾ ਜਾ ਰਿਹਾ ਹੈ। ਕਦੇ ਰਾਜਨੀਤਕ ਪਾਰਟੀਆਂ ਲੋਕਤੰਤਰੀ ਕਦਰਾਂ-ਕੀਮਤਾਂ ਤੇ ਸਮਾਜ ਸੇਵਾ ਭਾਵਨਾ ਕਰ ਕੇ ਜਾਣੀਆਂ ਜਾਂਦੀਆਂ ਸਨ ਪਰ ਅੱਜ-ਕੱਲ੍ਹ ਉਹ ਵਪਾਰਕ ਘਰਾਣੇ ਵਾਂਗ ਵਿਚਰ ਰਹੀਆਂ ਹਨ।

ਸਿਆਸੀ ਪਾਰਟੀਆਂ ਭਾਵੇਂ ਇੱਕ-ਦੂਜੀ 'ਤੇ ਪਰਿਵਾਰਵਾਦ ਭਾਰੂ ਹੋਣ ਦਾ ਦੋਸ਼ ਲਾਉਂਦੀਆਂ ਰਹਿੰਦੀਆਂ ਹਨ ਪਰ ਇਸ ਮਰਜ਼ ਤੋਂ ਦੇਸ਼ ਦੀ ਕੋਈ ਵੀ ਸਿਆਸੀ ਪਾਰਟੀ ਬਚੀ ਹੋਈ ਨਹੀਂ ਹੈ। ਹਰੇਕ ਪਾਰਟੀ 'ਚ ਉੱਪਰ ਤੋਂ ਹੇਠਾਂ ਤੱਕ ਸਾਰੇ ਵੱਡੇ ਤੇ ਛੋਟੇ ਆਗੂ ਆਪਣੀ ਅਗਲੀ ਪੀੜ੍ਹੀ ਨੂੰ ਆਪਣਾ ਸਿਆਸੀ ਜਾਨਸ਼ੀਨ ਬਣਾਉਣ ਲਈ ਤਾਂਘਦੇ ਰਹਿੰਦੇ ਹਨ। ਇਸ ਨੂੰ ਮਨੁੱਖ ਦੀ ਸੁਭਾਵਕ ਪ੍ਰਵਿਰਤੀ ਆਖ ਲਓ ਭਾਵੇਂ ਕਮਜ਼ੋਰੀ ਕਿ ਉਹ ਆਪਣੀ ਮਿਹਨਤ ਨਾਲ ਬਣਾਈ ਸਿਆਸੀ ਜਗ੍ਹਾ ਕਿਸੇ ਆਪਣੇ ਨੂੰ ਹੀ ਦੇਣਾ ਚਾਹੁੰਦਾ ਹੈ, ਹੋਰ ਕਿਸੇ ਨੂੰ ਨਹੀਂ। ਇਸੇ ਲਈ ਕੋਈ ਵੀ ਪਾਰਟੀ ਪਰਿਵਾਰਵਾਦ ਤੋਂ ਬਚ ਨਹੀਂ ਸਕਦੀ।

***

## ਪੰਜਾਬ 'ਚ ਕਾਂਗਰਸੀ

ਭਵਿੱਖ ਵਿੱਚ ਹੱਥ ਮਿਲਾਉਣ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਦੋਵਾਂ ਧਿਰਾਂ ਦੇ ਵੱਡੇ ਆਗੂਆਂ ਦਾ ਇੱਕ-ਦੂਜੇ ਪ੍ਰਤੀ ਰਵੱਈਆ ਨਰਮ ਪੈਣ ਦੀ ਬਜਾਏ ਭਖਦਾ ਹੀ ਜਾ ਰਿਹਾ ਹੈ। ਜਦਕਿ ਇਨ੍ਹਾਂ ਸੰਭਾਵਨਾਵਾਂ ਦੇ ਚੱਲਦਿਆਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਲਾਵਾ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਆਪੋ-ਆਪਣੇ ਵਰਕਰਾਂ ਨੂੰ ਸੂਬੇ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਇਕੱਲਿਆਂ ਚੋਣਾਂ ਲੜਨ ਦੇ ਸੰਕੇਤ ਦਿੰਦੇ ਹੋਏ ਤਿਆਰੀਆਂ ਖਿੱਚ ਕੇ ਰੱਖਣ ਲਈ ਕਿਹਾ ਜਾ ਰਿਹਾ ਹੈ। ਇਸ ਮਾਮਲੇ 'ਚ ਅਜੇ ਤੱਕ ਦੜ੍ਹ ਵੱਟੀ ਬੈਠੇ ਪੰਜਾਬ ਤੋਂ ਆਲ-ਇੰਡੀਆ ਕਾਂਗਰਸ ਕਮੇਟੀ ਦੇ ਇਕੋ-ਇਕ ਮੈਂਬਰ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਰਾਇ ਵੀ ਅਹਿਮ ਮੰਨੀ ਜਾਵੇਗੀ, ਜਦਕਿ ਉਹ ਵੀ ਪੰਜਾਬ ਸਰਕਾਰ ਦੇ ਨਿਸ਼ਾਨੇ 'ਤੇ ਰਹਿੰਦਿਆਂ ਵਿਜੀਲੈਂਸ ਦੀ ਹਾਜ਼ਰੀ ਭਰ ਚੁੱਕੇ ਹਨ।

## ਕੇਜਰੀਵਾਲ ਦੀਆਂ ਸਿਆਸੀ

ਰਾਜ ਦੀਆਂ ਸਾਰੀਆਂ ਹੀ ਪ੍ਰਮੁੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਵੀ ਉਨ੍ਹਾਂ ਦੀ ਜ਼ੋਰਦਾਰ ਆਲੋਚਨਾ ਕੀਤੀ ਜਾਂਦੀ ਰਹੀ ਹੈ ਪਰ ਇਸ ਸਭ ਨੂੰ ਦਰਕਿਨਾਰ ਕਰਦਿਆਂ ਭਗਵੰਤ ਮਾਨ ਨੇ ਇੱਕ ਵਾਰ ਫਿਰ ਸਰਕਾਰੀ ਖਰਚੇ 'ਤੇ ਅਰਵਿੰਦ ਕੇਜਰੀਵਾਲ ਨੂੰ ਕੌਮੀ ਪੱਧਰ 'ਤੇ ਚਮਕਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ ਤੇ ਜੇਕਰ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਜਾਵੇਗੀ।

***

## ਸ਼ਾਹੀ ਵਿਆਹ ਕਰਨ ਵਾਲੇ

ਸਰਕਾਰ ਬਣਨ ਤੋਂ ਬਾਅਦ ਗੈਂਗਸਟਰ ਵਿਰੋਧੀ ਟਾਸਕ ਫ਼ੋਰਸ (ਏਜੀਟੀਐੱਫ਼) ਦਾ ਗਠਨ ਕੀਤਾ ਗਿਆ ਸੀ। ਏਜੀਟੀਐੱਫ਼ ਦੀਆਂ ਕਾਰਵਾਈਆਂ ਕਾਰਨ ਪੁਲਿਸ ਮੁਕਾਬਲਿਆਂ ਦੌਰਾਨ ਗੈਂਗਸਟਰ ਮਾਰੇ ਵੀ ਗਏ ਅਤੇ ਵੱਡੀ ਪੱਧਰ 'ਤੇ ਗ੍ਰਿਫ਼ਤਾਰ ਵੀ ਕੀਤੇ ਗਏ। ਏਜੀਟੀਐੱਫ਼ ਵਿੱਚ ਤਾਇਨਾਤ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ 'ਏ' ਕੈਟਾਗਰੀ ਦੇ ਗੈਂਗਸਟਰ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਨ ਜਾਂ ਫ਼ਿਰ ਵਿਦੇਸ਼ਾਂ ਤੋਂ ਗੋਲਡੀ ਬਰਾੜ ਵਰਗੇ ਵੱਡੇ ਗੈਂਗਸਟਰ ਗਤੀਵਿਧੀਆਂ ਚਲਾ ਰਹੇ ਹਨ ਤੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਅੰਜਾਮ ਸਥਾਨਕ ਪੱਧਰ ਦੇ ਛੋਟੇ ਗੈਂਗਸਟਰ ਦਿੰਦੇ ਹਨ।

ਪੰਜਾਬੀ ਪਿਛੋਕੜ ਵਾਲੇ ਗੈਂਗਸਟਰਾਂ ਵੱਲੋਂ ਕੈਨੇਡਾ ਵਿੱਚ ਵੀ ਫ਼ਿਰੌਤੀ ਮੰਗਣ ਦੀਆਂ ਘਟਨਾਵਾਂ ਸਾਹਮਣੇ ਆਉਣ ਲੱਗੀਆਂ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਗੈਂਗਸਟਰਾਂ ਦੀਆਂ ਗਤੀਵਿਧੀਆਂ ਰੋਕਣ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਲਈ ਜੇਕਰ ਫ਼ੋਨ ਕਾਲ ਜਾਂ ਵਟਸਐਪ ਮੈਸੇਜ ਆਉਂਦਾ ਹੈ ਤਾਂ ਪੁਲਿਸ ਨੂੰ ਇਤਲਾਹ ਦਿੱਤੀ ਜਾਵੇ ਤਾਂ ਜੋ ਢੁਕਵੀਂ ਕਾਰਵਾਈ ਕਰਦਿਆਂ ਅਪਰਾਧੀ ਨੂੰ ਕਾਬੂ ਕਰ ਕੇ ਅਜਿਹੇ ਸੰਗੀਨ ਮਾਮਲਿਆਂ ਨੂੰ ਨੱਥ ਪਾਈ ਜਾਵੇ।

***

## ਯੂ. ਕੇ. 'ਚ 3000 ਨੌਕਰੀਆਂ

ਪਰ ਪ੍ਰਸ਼ਾਸਨ ਨੂੰ ਆਪਣੇ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ।

ਦਰਅਸਲ ਟਾਟਾ ਦੇ ਯੂ. ਕੇ. ਇਸ ਪਲਾਂਟ ਦੇ ਸੰਚਾਲਨ ਦੇ ਜ਼ਰੀਏ ਕੰਪਨੀ ਨੂੰ ਵਿੱਤੀ ਸਾਲ 2023-24 ਦੀ ਜੁਲਾਈ-ਸਤੰਬਰ ਤਿਮਾਹੀ 'ਚ 6511 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕੰਪਨੀ ਵੱਲੋਂ ਐਕਸਚੇਂਜ ਨੂੰ ਦਿੱਤੀ ਗਈ ਜਾਣਕਾਰੀ 'ਚ ਦੱਸਿਆ ਗਿਆ ਹੈ ਕਿ ਇਸ ਘਾਟੇ 'ਚ 6358 ਕਰੋੜ ਰੁਪਏ ਦੀ ਵੱਡੀ ਹਿੱਸੇਦਾਰੀ ਇੰਪੇਅਰਮੈਂਟ ਚਾਰਜਿਜ਼ ਦੀ ਹੈ। ਇਹ ਚਾਰਜ ਇਸ ਪ੍ਰੋਜੈਕਟ ਦੇ ਡੀ ਕਾਰਬੋਨਾਈਜ਼ੇਸ਼ਨ ਲਈ ਲਗਾਏ ਗਏ ਹਨ। ਕੰਪਨੀ ਨੇ ਇਲੈਕਟ੍ਰਿਕ ਆਰਕ ਇੰਡਕਸ਼ਨ ਦੇ ਆਧਾਰ 'ਤੇ ਪ੍ਰੋਜੈਕਟ ਦਾ ਵਿਸ਼ਲੇਸ਼ਣ ਕੀਤਾ ਹੈ। ਕੰਪਨੀ ਦਾ ਕਹਿਣਾ ਹੈ ਕਿ ਨਵੀਂ ਤਕਨੀਕ ਰਾਹੀਂ ਸਟੀਲ ਬਣਾਉਣ ਦੀ ਲਾਗਤ ਘੱਟ ਹੋਵੇਗੀ ਅਤੇ ਪ੍ਰਦੂਸ਼ਣ ਤੋਂ ਵੀ ਬਚਿਆ ਜਾ ਸਕੇਗਾ।

ਇਸੇ ਦੌਰਾਨ ਵੇਲਜ਼ ਦੇ ਪਹਿਲੇ ਮੰਤਰੀ ਮਾਰਕ ਡਰੇਕਫੋਰਡ ਨੇ ਇਸ ਮਾਮਲੇ ਵਿਚ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਤੁਰੰਤ ਦਖਲ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਤੋਂ ਮੁਲਾਕਾਤ ਲਈ ਸਮਾਂ ਵੀ ਮੰਗਿਆ ਹੈ। ਉਨ੍ਹਾਂ ਕਿਹਾ ਕਿ ਵੇਲਜ਼ ਵਿੱਚ ਸਟੀਲ ਪਲਾਂਟ ਦਾ ਇਸ ਤਰ੍ਹਾਂ ਬੰਦ ਹੋਣਾ ਯੂ. ਕੇ. ਦੀ ਅਰਥਵਿਵਸਥਾ 'ਤੇ ਵੀ ਅਸਰ ਪਵੇਗਾ। ਮੈਂ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨਾਲ ਜਲਦੀ ਤੋਂ ਜਲਦੀ ਚਰਚਾ ਕਰਨ ਲਈ ਸਮਾਂ ਮੰਗਿਆ ਹੈ।

ਇਸ ਦੌਰਾਨ ਯੂ. ਕੇ. ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਹੈ ਕਿ ਮੈਨੂੰ ਪਤਾ ਹੈ ਕਿ ਇਸ ਪਲਾਂਟ ਦੇ ਬੰਦ ਹੋਣ ਨਾਲ ਇਸ ਨਾਲ ਜੁੜੇ ਲੋਕ ਪ੍ਰਭਾਵਿਤ ਹੋਏ ਹਨ ਅਤੇ ਇਹ ਯਕੀਨੀ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਪਰ ਲੋਕ ਇਹ ਵੀ ਜਾਣਦੇ ਹਨ ਕਿ ਮੇਰੇ ਬੋਲਣ ਦੀ ਹੱਦ ਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਯੂ. ਕੇ. ਭਾਰਤ 'ਚ ਸਟੀਲ ਨਿਰਮਾਣ ਲਈ ਵਚਨਬੱਧ ਹੈ ਅਤੇ ਇਸ ਮੰਤਵ ਲਈ ਸਰਕਾਰ ਨੇ ਟਾਟਾ ਗਰੁੱਪ ਨੂੰ 50 ਕਰੋੜ ਪੌਂਡ ਦੀ ਸਹਾਇਤਾ ਵੀ ਦਿੱਤੀ ਹੈ। ਕੰਪਨੀ ਹੁਣ ਹਜ਼ਾਰਾਂ ਲੋਕਾਂ ਦੀਆਂ ਨੌਕਰੀਆਂ ਬਚਾਉਣ ਲਈ ਨਵੇਂ ਨਿਵੇਸ਼ ਕਰੇਗੀ ਅਤੇ ਯੂ. ਕੇ. ਸਰਕਾਰ ਨੇ ਇਸ ਨੂੰ ਯਕੀਨੀ ਬਣਾਇਆ ਹੈ।

***

## ਕੀ 16 ਅਪ੍ਰੈਲ ਤੋਂ ਹੋ ਸਕਦੀਆਂ

ਬਿਆਨ ਵਿੱਚ ਸਪਸ਼ਟ ਕੀਤਾ ਕਿ 2024 ਲੋਕ ਸਭਾ ਚੋਣਾਂ ਦੇ ਮੱਦੇਨਜ਼ਰ, "ਚੋਣਾਂ ਨੂੰ ਲੈ ਕੇ ਵੱਡੀ ਗਿਣਤੀ ਸਰਗਰਮੀਆਂ ਵਿਉਂਤਣ ਤੇ ਇਨ੍ਹਾਂ ਨੂੰ ਪੂਰਾ ਕਰਨ ਦੀ ਲੋੜ ਹੈ।" ਬਿਆਨ ਵਿੱਚ ਕਿਹਾ ਗਿਆ, "ਈਸੀਆਈ ਪਲਾਨਰ ਵਿੱਚ ਅਜਿਹੀਆਂ ਸਾਰੀਆਂ ਅਹਿਮ ਸਰਗਰਮੀਆਂ ਸੂਚੀਬੱਧ ਹੁੰਦੀਆਂ ਹਨ ਤੇ ਇੱਕ ਕਲਪਿਤ ਚੋਣ ਤਰੀਕ ਦੇ ਹਵਾਲੇ ਨਾਲ ਸਰਗਰਮੀਆਂ ਸ਼ੁਰੂ ਤੇ ਖ਼ਤਮ/ਮੁਕੰਮਲ ਹੋਣ ਦੀ ਤਰੀਕ ਦੱਸੀ ਜਾਂਦੀ ਹੈ।" ਲਿਹਾਜ਼ਾ ਸਰਕੁਲਰ ਵਿੱਚ ਜਿਸ ਸੰਭਾਵੀ ਤਰੀਕ ਦਾ ਜ਼ਿਕਰ ਕੀਤਾ ਗਿਆ ਹੈ, ਉਹ ਚੋਣ ਅਧਿਕਾਰੀਆਂ ਲਈ 'ਸਿਰਫ਼ ਹਵਾਲੇ ਦੇ ਮੰਤਵ' ਵਾਸਤੇ ਹੈ ਤੇ 'ਇਸ ਦਾ ਅਸਲ ਤਜਵੀਜ਼ਤ ਚੋਣ ਸ਼ਡਿਊਲ 'ਤੇ ਕੋਈ ਅਸਰ ਨਹੀਂ ਪਏਗਾ' ਜਿਸ ਦਾ ਭਾਰਤੀ ਚੋਣ ਕਮਿਸ਼ਨ ਵੱਲੋਂ ਢੁੱਕਵੇਂ ਸਮੇਂ 'ਤੇ ਐਲਾਨ ਕੀਤਾ ਜਾਵੇਗਾ। ਚੋਣ ਕਮਿਸ਼ਨ ਨੇ ਹਾਲ ਹੀ ਵਿੱਚ ਉਪਰੋਕਤ ਸਰਗਰਮੀਆਂ ਦੀ ਲੜੀ ਵਿੱਚ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈਵੀਐੱਮਜ਼) ਬਾਰੇ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਹੈ। ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਆਮ ਕਰਕੇ ਸੂਬਾਈ ਮੁੱਖ ਚੋਣ ਅਧਿਕਾਰੀ ਨੇ ਚੋਣਾਂ ਦੇ ਐਲਾਨ ਤੋਂ ਲਗਪਗ ਤਿੰਨ ਮਹੀਨੇ ਪਹਿਲਾਂ ਜਾਗਰੂਕਤਾ ਮੁਹਿੰਮਾਂ ਸ਼ੁਰੂ ਕਰਨੀਆਂ ਹੁੰਦੀਆਂ ਹਨ। ਇਸ ਮੰਤਵ ਲਈ ਪਿਛਲੀਆਂ ਚੋਣਾਂ ਦੇ ਐਲਾਨ ਦੀ ਮਿਤੀ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਸਾਲ 2019 ਵਿੱਚ ਲੋਕ ਸਭਾ ਚੋਣਾਂ ਦਾ ਐਲਾਨ 10 ਮਾਰਚ ਨੂੰ ਕੀਤਾ ਗਿਆ ਸੀ ਤੇ ਉਦੋਂ 11 ਅਪਰੈਲ ਤੋਂ 19 ਮਈ ਤੱਕ ਸੱਤ ਗੇੜਾਂ ਵਿੱਚ ਵੋਟਾਂ ਪਈਆਂ ਸਨ। ਵੋਟਾਂ ਦੀ ਗਿਣਤੀ 23 ਮਈ ਨੂੰ ਹੋਈ ਸੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com